ਮੰਗਲਵਾਰ, 29 ਜੁਲਾਈ, 2025
14 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 58

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 29 JULY, 2025

ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14


## ਸਰਕਾਰ ਅਪ੍ਰੇਸ਼ਨ ਸਿੰਧੂਰ ਦੌਰਾਨ ਹੋਇਆ ਨੁਕਸਾਨ ਦੱਸਣ ਲਈ ਤਿਆਰ ਨਹੀਂ

**ਨਵੀਂ ਦਿੱਲੀ** : ਪਹਿਲਗਾਮ ਵਿੱਚ ਦਹਿਸ਼ਤਗਰਦਾਂ ਦੇ ਹਮਲੇ ਅਤੇ ਉਸ ਤੋਂ ਬਾਅਦ ਪਾਕਿਸਤਾਨ ਖਿਲਾਫ ਅਪ੍ਰੇਸ਼ਨ ਸਿੰਧੂਰ ਉੱਤੇ ਸੋਮਵਾਰ ਲੋਕ ਸਭਾ ਵਿੱਚ ਸ਼ੁਰੂ ਹੋਈ ਬਹਿਸ ਦੌਰਾਨ ਕਾਂਗਰਸ ਆਗੂ ਗੌਰਵ ਗੋਗੋਈ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਤੋਂ ਪੁੱਛਿਆ ਕਿ ਲੜਾਈ ਦੌਰਾਨ ਕਿੰਨੇ ਰਾਫੇਲ ਜੈੱਟਾਂ ਦਾ ਨੁਕਸਾਨ ਹੋਇਆ। ਉਨ੍ਹਾ ਕਿਹਾ ਕਿ ਭਾਰਤ ਕੋਲ ਸਿਰਫ 35 ਰਾਫੇਲ ਜੈੱਟ ਹਨ ਤੇ ਜੇ ਇਨ੍ਹਾਂ ਵਿੱਚੋਂ ਕੋਈ ਫੁੰਡਿਆ ਗਿਆ ਤਾਂ ਉਹ ਸੋਚਦੇ ਹਨ ਕਿ ਬਹੁਤ ਵੱਡਾ ਨੁਕਸਾਨ ਹੈ। ਗੋਗੋਈ ਨੇ ਚੀਫ ਆਫ ਡਿਫੈਂਸ ਸਟਾਫ ਜਨਰਲ ਅਨਿਲ ਚੌਹਾਨ ਦਾ ਹਵਾਲਾ ਦਿੱਤਾ, ਜਿਨ੍ਹਾ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਭਾਰਤ ਨੂੰ ਸ਼ੁਰੂ ਵਿੱਚ ਨੁਕਸਾਨ ਝੱਲਣਾ ਪਿਆ ਸੀ। ਗੋਗੋਈ ਨੇ ਕਿਹਾ ਕਿ ਅਪ੍ਰੇਸ਼ਨ ਸਿੰਧੂਰ ਦੌਰਾਨ ਹੋਏ ਨੁਕਸਾਨ ਬਾਰੇ ਸਰਕਾਰ ਨੂੰ ਸਪੱਸ਼ਟ ਦੱਸਣਾ ਚਾਹੀਦਾ ਹੈ। ਨਾ ਸਿਰਫ ਲੋਕਾਂ ਨੂੰ, ਸਗੋਂ ਜਵਾਨਾਂ ਨੂੰ ਵੀ, ਕਿਉਂਕਿ ਉਨ੍ਹਾਂ ਨਾਲ ਵੀ ਝੂਠ ਬੋਲਿਆ ਜਾ ਰਿਹਾ ਹੈ।

ਗੋਗੋਈ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਮੋਦੀ ਤੋਂ ਜਾਨਣਾ ਚਾਹੁੰਦੇ ਹਨ ਕਿ ਜੇ ਪਾਕਿਸਤਾਨ ਭਾਰਤ ਅੱਗੇ ਗੋਡੇ ਟੇਕਣ ਲਈ ਤਿਆਰ ਸੀ ਤਾਂ ਟਿਕਵਾਏ ਕਿਉਂ ਨਹੀਂ ਅਤੇ ਕਿਸ ਦੇ ਕਹਿਣ ’ਤੇ ਭਾਰਤ ਨੇ ਜੰਗਬੰਦੀ ਲਈ ਆਤਮ-ਸਮਰਪਣ ਕੀਤਾ?

ਇਸ ਤੋਂ ਪਹਿਲਾਂ ਰਾਜਨਾਥ ਨੇ ਬਿਆਨ ਦਿੰਦਿਆਂ ਕਿਹਾ ਕਿ ਆਪੋਜ਼ੀਸ਼ਨ ਦੇ ਕੁਝ ਮੈਂਬਰ ਪੁੱਛ ਰਹੇ ਹਨ ਕਿ ਭਾਰਤ ਦੇ ਕਿੰਨੇ ਜਹਾਜ਼ ਡਿੱਗੇ। ਉਨ੍ਹਾਂ ਨੂੰ ਸਵਾਲ ਤਾਂ ਇਹ ਪੁੱਛਣਾ ਚਾਹੀਦਾ ਹੈ ਕਿ ਦੁਸ਼ਮਣ ਦੇ ਕਿੰਨੇ ਜਹਾਜ਼ ਫੁੰਡੇ ਗਏ।

ਗੋਗੋਈ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ’ਤੇ ਵੀ ਤਿੱਖਾ ਹਮਲਾ ਕੀਤਾ ਤੇ ਕਿਹਾ ਕਿ ਪਹਿਲਗਾਮ ਹਮਲੇ ਦੌਰਾਨ ਖਾਮੀਆਂ ਲਈ ਉਹ ਜ਼ਿੰਮੇਵਾਰੀ ਲੈਣ।

ਇਸੇ ਦੌਰਾਨ ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਮੁੱਦੇ ’ਤੇ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਵੱਲੋਂ ਸਰਕਾਰ ਨੂੰ ਘੇਰਨ ’ਤੇ ਰਾਜ ਸਭਾ ਵਿੱਚ ਹੰਗਾਮਾ ਹੋਣ ਤੋਂ ਪਹਿਲਾਂ ਕਾਰਵਾਈ ਬਾਅਦ ਦੁਪਹਿਰ 2 ਵਜੇ ਤੱਕ ਤੇ ਫਿਰ ਦਿਨ ਭਰ ਲਈ ਉਠਾ ਦਿੱਤੀ ਗਈ।

## 25ਵੀਂ ਪਾਰਟੀ ਕਾਂਗਰਸ ਨੂੰ ਸਮਰਪਿਤ ਦੂਜਾ ਸੈਮੀਨਾਰ 2 ਨੂੰ ਮੋਗਾ ’ਚ

### ਪ੍ਰੋ. ਅਰੁਣ ਕੁਮਾਰ ਹੋਣਗੇ ਮੁੱਖ ਬੁਲਾਰੇ



**ਮੋਗਾ** : ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਅਤੇ ਪਾਰਟੀ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸੈਮੀਨਾਰਾਂ ਦੀ ਲੜੀ ਵਜੋਂ ਦੂਜਾ ਸੈਮੀਨਾਰ 2 ਅਗਸਤ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਹਾਲ ਮੋਗਾ ਵਿਖੇ ਕਰਵਾਇਆ ਜਾ ਰਿਹਾ ਹੈ। ਸੁਰਿੰਦਰ ਸਿੰਘ ਢੰਡੀਆਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪਾਰਟੀ ਦੇ ਨੈਸ਼ਨਲ ਕੌਂਸਲ ਦੇ ਮੈਂਬਰ ਕਾਮਰੇਡ ਜਗਰੂਪ, ਨਰਿੰਦਰ ਕੌਰ ਸੋਹਲ ਤੇ ਸੁਖਜਿੰਦਰ ਸਿੰਘ ਮਹੇਸ਼ਰੀ ਸਮੇਤ ਚਾਰ ਜ਼ਿਲ੍ਹਿਆਂ ਦੇ ਪਾਰਟੀ ਸਕੱਤਰ ਕੁਲਦੀਪ ਸਿੰਘ ਭੋਲਾ ਜ਼ਿਲ੍ਹਾ ਮੋਗਾ, ਸੁਰਿੰਦਰ ਸਿੰਘ ਢੰਡੀਆਂ ਜ਼ਿਲ੍ਹਾ ਮੀਤ ਸਕੱਤਰ ਫਾਜ਼ਿਲਕਾ, ਕਸ਼ਮੀਰ ਸਿੰਘ ਜ਼ਿਲ੍ਹਾ ਫਿਰੋਜ਼ਪੁਰ ਅਤੇ ਬੋਹੜ ਸਿੰਘ ਸੁਖ਼ਨਾ ਮੀਤ ਸਕੱਤਰ ਜ਼ਿਲ੍ਹਾ ਮੁਕਤਸਰ ਦੀ ਹਾਜ਼ਰੀ ’ਚ ਫੈਸਲਾ ਕੀਤਾ ਗਿਆ ਕਿ ਸੈਮੀਨਾਰ ਨੂੰ ਸਫਲ ਬਣਾਉਣ ਲਈ ਚਾਰੇ ਜ਼ਿਲ੍ਹਿਆਂ ’ਚੋਂ ਵੱਧ ਤੋਂ ਵੱਧ ਪੜ੍ਹੇ-ਲਿਖੇ ਬੁੱਧੀਜੀਵੀਆਂ, ਲੇਖਕਾਂ, ਡਾਕਟਰਾਂ, ਵਕੀਲਾਂ, ਅਧਿਆਪਕਾਂ, ਜਨਤਕ-ਜਮਾਤੀ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੂੰ ਸ਼ਮੂਲੀਅਤ ਲਈ ਸੱਦਾ ਦਿੱਤਾ ਜਾਵੇਗਾ। ਕਾਮਰੇਡ ਜਗਰੂਪ ਨੇ ਦੱਸਿਆ ਕਿ ਪਾਰਟੀ ਦੇ ਮਹਾਂਸੰਮੇਲਨ ਦੀ ਤਿਆਰੀ ਅਤੇ ਪ੍ਰਚਾਰ ਵਜੋਂ 21 ਅਗਸਤ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸਮਾਧ ਹੁਸੈਨੀਵਾਲਾ ਤੋਂ ‘ਜੱਥਾ ਮਾਰਚ’ ਵੀ ਸ਼ੁਰੂ ਕੀਤਾ ਜਾ ਰਿਹਾ ਹੈ, ਜੋ ਜ਼ਿਲ੍ਹਾ ਫਿਰੋਜ਼ਪੁਰ, ਫਾਜਿਲਕਾ, ਮੁਕਤਸਰ ਫਰੀਦਕੋਟ ਅਤੇ ਮੋਗਾ ਹੁੰਦਾ ਹੋਇਆ ਲੁਧਿਆਣਾ ਲਈ ਰਵਾਨਾ ਹੋਵੇਗਾ। ਉਹਨਾ ਦੱਸਿਆ ਕਿ ਸੈਮੀਨਾਰ ਦੇ ਵਿਸ਼ੇ ‘ਬੇਰੁਜ਼ਗਾਰੀ-ਸਮੱਸਿਆ ਤੇ ਹੱਲ’ ਲਈ ਕੁੰਜੀਵਤ ਭਾਸ਼ਣ ਦੇਣ ਲਈ ਉੱਘੇ ਅਰਥ ਸ਼ਾਸਤਰੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਅਰੁਣ ਕੁਮਾਰ ਪਹੁੰਚ ਰਹੇ ਹਨ।ਪ੍ਰੋਫੈਸਰ ਅਰੁਣ ਕੁਮਾਰ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿੱਚ ਪੀ ਐੱਚ ਡੀ ਅਤੇ ਪ੍ਰਿੰਸਟਨ ਯੂਨੀਵਰਸਿਟੀ ਅਮਰੀਕਾ ਤੇ ਦਿੱਲੀ ਯੂਨੀਵਰਸਿਟੀ ਦੋਵਾਂ ਤੋਂ ਭੌਤਿਕ ਵਿਗਿਆਨ ਵਿੱਚ ਮਾਸਟਰਜ਼ ਕੀਤੀ ਹੈ। ਉਹ ਦਿੱਲੀ ਹਾਇਰ ਸੈਕੰਡਰੀ ਬੋਰਡ ਅਤੇ ਦਿੱਲੀ ਯੂਨੀਵਰਸਿਟੀ ਦੇ ਗੋਲਡ ਮੈਡਲਿਸਟ ਹਨ। ਉਹ ਇਟਲੀ, ਜਰਮਨ, ਅਮਰੀਕਾ ਅਤੇ ਮੈਕਸੀਕੋ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਸੱਦਾ ਪੱਤਰਾਂ ’ਤੇ ਆਪਣੇ ਭਾਸ਼ਣ ਦੇ ਚੁੱਕੇ ਹਨ।ਉਹਨਾ ਵਿਸ਼ਵੀਕਰਨ, ਵਿਕਾਸ ਅਤੇ ਜਨਤਕ ਨੀਤੀ ਦੇ ਮੁੱਦਿਆਂ ’ਤੇ ਅਕਾਦਮਿਕ ਰਸਾਲਿਆਂ ਅਤੇ ਪ੍ਰੈੱਸ ਦੋਵਾਂ ਵਿੱਚ ਵਿਆਪਕ ਤੌਰ ’ਤੇ ਲਿਖਿਆ ਹੈ।ਉਹ 2014 ਲਈ ਜੇ ਐੱਨ ਯੂ ਅਧਿਆਪਕ ਐਸੋਸੀਏਸ਼ਨ ਦੇ ਪ੍ਰਧਾਨ ਸਨ। ਉਹ ਇੰਡੀਅਨ ਅਕੈਡਮੀ ਆਫ਼ ਸੋਸ਼ਲ ਸਾਇੰਸਿਜ਼ ਦੇ ਉਪ-ਪ੍ਰਧਾਨ ਅਤੇ ਕਾਰਜਕਾਰੀ ਪ੍ਰਧਾਨ ਰਹੇ ਹਨ।

ਕੁਲਦੀਪ ਭੋਲਾ ਸਕੱਤਰ ਜ਼ਿਲ੍ਹਾ ਕਮਿਊਨਿਸਟ ਪਾਰਟੀ ਮੋਗਾ ਨੇ ਦੱਸਿਆ ਕਿ ਸੈਮੀਨਾਰ ਠੀਕ 11 ਵਜੇ ਸ਼ੁਰੂ ਹੋ ਜਾਵੇਗਾ। ਇਸ ਸਮੇਂ ਪਾਰਟੀ ਦੇ ਕੰਟਰੋਲ ਕਮਿਸ਼ਨ ਮੈਂਬਰ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਰਿਟਾਇਰਡ ਐੱਸ ਐੱਮ ਓ ਡਾਕਟਰ ਇੰਦਰਵੀਰ ਗਿੱਲ ਤੇ ਸਿਕੰਦਰ ਸਿੰਘ ਮਧੇਕੇ ਵੀ ਮੌਜੂਦ ਸਨ।

## ਸਰਕਾਰ ਕਿਸਾਨਾਂ ਤੋਂ ਜਬਰੀ ਜ਼ਮੀਨਾਂ ਖੋਹੂ ਲੈਂਡ ਪੂਲਿੰਗ ਨੀਤੀ ਵਾਪਸ ਲਵੇ : ਸੀ ਪੀ ਆਈ

**ਚੰਡੀਗੜ੍ਹ** : ਸੀ ਪੀ ਆਈ ਨੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦਾ ਜ਼ੋਰਦਾਰ ਵਿਰੋਧ ਕਰਦਿਆਂ ਆਖਿਆ ਕਿ ਕਿਸਾਨਾਂ ਦੇ ਦੁਸ਼ਮਣ ਕੇਜਰੀਵਾਲ ਦੀ ਜ਼ਮੀਨਾਂ-ਖੋਹੂ ਨੀਤੀ ਪੰਜਾਬ ਵਿਚ ਕਿਸੇ ਵੀ ਕੀਮਤ ’ਤੇ ਪੰਜਾਬੀ ਸਫਲ ਨਹੀਂ ਹੋਣ ਦੇਣਗੇ।

ਸੋਮਵਾਰ ਇਥੇ ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਆਖਿਆ ਕਿ ਪੰਜਾਬ ਦੂਜੇ ਵੱਡੇ ਪ੍ਰਾਂਤਾਂ ਦੇ ਮੁਕਾਬਲੇ ਇਕ ਛੋਟਾ ਪ੍ਰਦੇਸ਼ ਹੈ, ਪਰ ਇਸ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਮਿਹਨਤ ਸਦਕਾ ਇਸ ਪ੍ਰਾਂਤ ਨੇ ਸਾਰੇ ਭਾਰਤ ਵਿਚੋਂ ਸਭ ਤੋਂ ਵੱਧ ਅਨਾਜ ਪੈਦਾ ਕਰਕੇ ਭਾਰਤ ਨੂੰ ਭੁੱਖਮਰੀ ਵਿਚੋਂ ਕੱਢ ਕੇ ਦੇਸ਼ ਨੂੰ ਵਾਧੂ ਖੇਤੀ ਉਤਪਾਦਨ ਕਰਨ ਵਾਲਾ ਦੇਸ਼ ਬਣਾ ਦਿੱਤਾ, ਪਰ ਹੁਣ ਕੇਂਦਰ ਤੇ ਪੰਜਾਬ ਸਰਕਾਰ ਇਸ ਨੂੰ ਉਜਾੜਨ ’ਤੇ ਤੁਲੀ ਹੋਈ ਹੈ। ਸਾਥੀ ਬਰਾੜ ਨੇ ਆਖਿਆ ਕਿ ਪਹਿਲਾਂ ਹੀ ਪੰਜਾਬ ਭਾਰਤ ਮਾਲਾ ਅਧੀਨ ਸੜਕਾਂ ਦੇ 37 ਪ੍ਰੋਜੈਕਟ ਚੱਲ ਰਹੇ ਹਨ ਤੇ ਇਹਨਾਂ ਹੇਠਾਂ 22000 ਏਕੜ ਜ਼ਮੀਨ 1344 ਕਿਲੋਮੀਟਰ ਲੰਮੀਆਂ ਸੜਕਾਂ ਬਣਨੀਆਂ ਹਨ। ਹੁਣ ਸਰਕਾਰ 65533 ਏਕੜ ਜ਼ਮੀਨ ਕਿਸਾਨਾਂ ਤੋਂ ਖੋਹਣ ਦੀ ਨੀਤੀ ਤਿਆਰ ਕਰੀ ਬੈਠੀ ਹੈ। ਉਹਨਾ ਦੋਸ਼ ਲਾਇਆ ਕਿ ਸਰਕਾਰ ਸਿਰਫ ਤਿੰਨ ਸਾਲਾਂ ਵਾਸਤੇ ਪ੍ਰਾਪਤ ਕੀਤੀ ਜ਼ਮੀਨ ਵਾਸਤੇ ਪ੍ਰਤੀ ਏਕੜ ਸਿਰਫ 50 ਹਜ਼ਾਰ ਰੁਪਏ ਦੇਵੇਗੀ, ਜਦੋਂਕਿ ਠੇਕਾ ਪ੍ਰਤੀ ਏਕੜ ਇਕ ਲੱਖ ਦੇ ਕਰੀਬ ਹੈ ਤੇ ਤਿੰਨ ਸਾਲਾਂ ਬਾਅਦ ਕੋਈ ਪੈਸਾ ਨਹੀ। ਕਿਸਾਨਾਂ ਤੋਂ ਜਬਰੀ ਪ੍ਰਾਪਤ ਜ਼ਮੀਨਾਂ ’ਤੇ ਵਿਕਾਸ ਘੱਟੋ-ਘੱਟ 20 ਸਾਲਾਂ ਤੱਕ ਤਾਂ ਨਹੀਂ ਹੋਣ ਲੱਗਾ ਤੇ ਕਿਸਾਨਾਂ ਨੂੰ 20 ਸਾਲ ਤੱਕ ਕੋਈ ਆਮਦਨੀ ਨਹੀਂ ਹੋਵੇਗੀ। ਹੁਣੇ-ਹੁਣੇ ਸਰਕਾਰ ਨੇ ਜ਼ਖਮਾਂ ’ਤੇ ਲੂਣ ਛਿੜਕਦਿਆਂ ਹੋਇਆਂ ਕਿਹਾ ਹੈ ਕਿ ਸਰਕਾਰ ਪ੍ਰਤੀ ਏਕੜ ਜ਼ਮੀਨ ਲਈ ਸਿਰਫ ਇਕ ਲੱਖ ਰੁਪਏ ਪ੍ਰਦਾਨ ਕਰੇਗੀ। ਸਾਥੀ ਬਰਾੜ ਨੇ ਆਖਿਆ ਕਿ ਸਰਕਾਰ ਦੀ ਨੀਤੀ ਸਪੱਸ਼ਟ ਹੈ ਕਿ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਵੱਡੇ ਪੂੰਜੀਵਾਦੀ ਘਰਾਣਿਆਂ, ਕਾਰਪੋਰੇਟਾਂ ਨੂੰ ਦਿਓ, ਸਰਾਸਰ ਕੇਂਦਰੀ ਭਾਜਪਾ ਦੀ ਨੀਤੀ, ਜਿਸ ਨੂੰ ਕਿਸਾਨ ਅੰਦੋਲਨ ਨੇ ਰੋਕ ਦਿੱਤਾ ਸੀ, ਹੁਣ ਕੇਜਰੀਵਾਲ ਲਾਗੂ ਕਰ ਰਿਹਾ ਹੈ।

ਸਾਥੀ ਬਰਾੜ ਨੇ ਆਖਿਆ ਕਿ ਪੰਜਾਬ ਸੀ ਪੀ ਆਈ ਕਿਸਾਨ ਅੰਦੋਲਨ ਦੀ ਭਰਪੂਰ ਹਮਾਇਤ ਕਰਦੀ ਹੋਈ ਕਿਸਾਨਾਂ ਨੂੰ ਇਸ ਅੰਦੋਲਨ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ।

## ਦਿਵਿਆ ਦੇਸ਼ਮੁਖ ਬਣੀ ਵਿਸ਼ਵ ਚੈਂਪੀਅਨ



**ਬਤੂਮੀ (ਜਾਰਜੀਆ)** : 19 ਸਾਲਾ ਦਿਵਿਆ ਦੇਸ਼ਮੁਖ ਇੱਥੇ ਆਪਣੀ ਹਮਵਤਨ ਕੋਨੇਰੂ ਹੰਪੀ ਨੂੰ ਟਾਈਬ੍ਰੇਕਰ ਵਿੱਚ ਹਰਾ ਕੇ ਸ਼ਤਰੰਜ ਦਾ ਫਿਡੇ ਮਹਿਲਾ ਵਿਸ਼ਵ ਕੱਪ ਜਿੱਤਣ ਵਾਲੀ ਪਹਿਲੀ ਭਾਰਤੀ ਚੈਂਪੀਅਨ ਬਣ ਗਈ।

ਇਸ ਦੇ ਨਾਲ ਹੀ ਉਹ ਭਾਰਤ ਦੀ ਚੌਥੀ ਗਰੈਂਡਮਾਸਟਰ ਵੀ ਬਣ ਗਈ। ਨਾਗਪੁਰ ਦੀ ਦਿਵਿਆ ਹੰਪੀ ਨਾਲੋਂ ਅੱਧੀ ਉਮਰ ਦੀ ਹੈ। ਹੰਪੀ ਦੇਸ਼ ਦੀ ਪਹਿਲੀ ਮਹਿਲਾ ਗਰੈਂਡਮਾਸਟਰ ਹੈ। ਦੋ ਗੇਮਾਂ ਡਰਾਅ ਹੋਣ ਤੋਂ ਬਾਅਦ ਮੈਚ ਟਾਈ-ਬ੍ਰੇਕਰ ਤੱਕ ਚਲੇ ਗਿਆ ਸੀ। ਰੈਪਿਡ ਟਾਈ-ਬ੍ਰੇਕਰ ਵਿੱਚ ਕਾਲੇ ਮੋਹਰਿਆਂ ਨਾਲ ਖੇਡਦੇ ਹੋਏ ਦਿਵਿਆ ਨੇ ਟੂਰਨਾਮੈਂਟ ਦੀ ਚੋਟੀ ਦੀ ਖਿਡਾਰਨ ਹੰਪੀ ਦੇ ਖਿਲਾਫ ਸ਼ਾਨਦਾਰ ਖੇਡ ਦਿਖਾਉਂਦਿਆਂ 1.5-0.5 ਦੀ ਜਿੱਤ ਨਾਲ ਇਤਿਹਾਸ ਰਚਿਆ।

## ‘ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਵਿਰਾਸਤੀ ਕੰਪਲੈਕਸ’ ਦਾ ਨੀਂਹ ਪੱਥਰ ਰੱਖਿਆ

**ਬੰਗਾ/ਸ਼ਹੀਦ ਭਗਤ ਸਿੰਘ ਨਗਰ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਖਟਕੜ ਕਲਾ ’ਚ ਸਰਦਾਰ ਭਗਤ ਸਿੰਘ ਦੇ ਦੇਸ਼ ਸੇਵਾ ਲਈ ਪਾਏ ਲਾਮਿਸਾਲ ਯੋਗਦਾਨ ਪ੍ਰਤੀ ਸਤਿਕਾਰ ਭੇਟ ਕਰਦਿਆਂ ‘ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਵਿਰਾਸਤੀ ਕੰਪਲੈਕਸ’ ਦਾ ਨੀਂਹ ਪੱਥਰ ਰੱਖਿਆ। ਇਸ ਮਾਣਮੱਤੇ ਪ੍ਰਾਜੈਕਟ ’ਤੇ 51 ਕਰੋੜ 70 ਲੱਖ ਰੁਪਏ ਦੀ ਲਾਗਤ ਆਵੇਗੀ, ਜੋ ਮਹਾਨ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਲਈ ਨਿਮਾਣੀ ਜਿਹੀ ਕੋਸ਼ਿਸ਼ ਹੋਵੇਗੀ।ਮਾਨ ਨੇ ਦੱਸਿਆ ਕਿ ਇਹ ਪ੍ਰਾਜੈਕਟ 9 ਮਹੀਨਿਆਂ ਵਿੱਚ ਮੁਕੰਮਲ ਹੋਵੇਗਾ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਦੀ ਨਿਰਸਵਾਰਥ ਸੇਵਾ ਕਰਨ ਲਈ ਪ੍ਰੇਰਨਾਸਰੋਤ ਬਣੇਗਾ। ਇਸ ਮਹੱਤਵਪੂਰਨ ਉਪਰਾਲੇ ਦਾ ਉਦੇਸ਼ ਆਪਣੇ ਮਹਾਨ ਸਪੂਤ ਦੀ ਲਾਸਾਨੀ ਵਿਰਾਸਤ ਦੀ ਸੰਭਾਲ ਅਤੇ ਪਾਸਾਰ ਕਰਨਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ ਸਿਰਫ ਇਕ ਇਮਾਰਤੀ ਢਾਂਚਾ ਨਹੀਂ ਹੋਵੇਗਾ, ਸਗੋਂ ਨਾ-ਭੁੱਲਣਯੋਗ ਅਹਿਸਾਸ ਹੋਵੇਗਾ, ਜਿੱਥੇ ਸ਼ਹੀਦ ਭਗਤ ਸਿੰਘ ਦੀ ਮਾਤ ਭੂਮੀ ਖਾਤਰ ਮਰ ਮਿਟ ਜਾਣ ਵਾਲੀ ਭਾਵਨਾ, ਬੌਧਿਕ ਸੋਚ ਅਤੇ ਸਾਹਸੀ ਜਜ਼ਬੇ ਦੀ ਝਲਕ ਦੇਖਣ ਨੂੰ ਮਿਲੇਗੀ। ਉਨ੍ਹਾ ਦੱਸਿਆ ਕਿ ਨਵੇਂ ਬਣਨ ਵਾਲੇ ਵਿਰਸਾਤੀ ਕੰਪਲੈਕਸ ਵਿੱਚ ਵਿਸ਼ਾਲ ਥੀਮੈਟਿਕ ਗੇਟ ਹੋਵੇਗਾ, ਜੋ ਮਹਾਨ ਵਿਰਾਸਤ ਦੀ ਝਲਕ ਪੇਸ਼ ਕਰੇਗਾ। ਉਨ੍ਹਾ ਦੱਸਿਆ ਕਿ 350 ਮੀਟਰ ਲੰਮਾ ਵਿਰਾਸਤੀ ਲਾਂਘਾ ਵੀ ਇਸ ਪ੍ਰਾਜੈਕਟ ਦਾ ਅਹਿਮ ਹਿੱਸਾ ਹੋਵੇਗਾ।ਇਹ ਵਿਰਾਸਤੀ ਲਾਂਘਾ ਸ਼ਹੀਦ ਭਗਤ ਸਿੰਘ ਅਜਾਇਬਘਰ ਨੂੰ ਸ਼ਹੀਦ ਭਗਤ ਸਿੰਘ ਦੇ ਪੁਰਖਿਆਂ ਦੇ ਘਰ ਨਾਲ ਜੋੜੇਗਾ। ਇਹ ਲਾਂਘਾ ਸ਼ਹੀਦ ਭਗਤ ਸਿੰਘ ਦਾ ਜੀਵਨ ਸਫਰ ਅਤੇ ਭਾਰਤ ਦੇ ਆਜ਼ਾਦੀ ਸੰਘਰਸ਼ ਦੀ ਕਹਾਣੀ ਬੁੱਤਾਂ, 2-ਡੀ/3-ਡੀ ਕੰਧ ਚਿੱਤਰਾਂ, ਪੁਤਲਿਆਂ ਰਾਹੀਂ ਬਸਤੀਵਾਦੀ ਭਾਰਤ ਦੇ ਦੌਰ ਨੂੰ ਦਰਸਾਏਗਾ। ਮਾਨ ਨੇ ਕਿਹਾ ਕਿ 30 ਮੀਟਰ ਉੱਚਾ ਭਾਰਤੀ ਝੰਡਾ ਸਾਨੂੰ ਮੁਲਕ ਦੀ ਆਜ਼ਾਦੀ ਲਈ ਦੇਸ਼ ਭਗਤਾਂ ਦੀਆਂ ਮਹਾਨ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਰਹੇਗਾ।

## ਪਹਿਲਗਾਮ ਹਮਲੇ ਦੇ ਸਾਜ਼ਿਸ਼ਘਾੜੇ ਸਣੇ ਤਿੰਨ ਦਹਿਸ਼ਤਗਰਦ ਮਾਰਨ ਦਾ ਦਾਅਵਾ

**ਸ੍ਰੀਨਗਰ** : ਫੌਜ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਸੁਲੇਮਾਨ ਸ਼ਾਹ ਸਣੇ 3 ਦਹਿਸ਼ਤਗਰਦਾਂ ਨੂੰ ਸੋਮਵਾਰ ਮੁਕਾਬਲੇ ਦੌਰਾਨ ਮਾਰ ਦੇਣ ਦਾ ਦਾਅਵਾ ਕੀਤਾ। ਪਹਿਲਗਾਮ ਹਮਲੇ ਵਿੱਚ 26 ਜਣਿਆਂ ਦੀ ਜਾਨ ਗਈ ਸੀ। ਜੰਮੂ-ਕਸ਼ਮੀਰ ਦੇ ਦਾਚੀਗਾਮ ਨੇੜਲੇ ਜੰਗਲਾਂ ਵਿੱਚ ਦਹਿਸ਼ਤਗਰਦਾਂ ਖਿਲਾਫ ਅਪ੍ਰੇਸ਼ਨ ਮਹਾਂਦੇਵ ਦੌਰਾਨ ਮੁਕਾਬਲਾ ਹੋਇਆ। ਪਿਛਲੇ ਮਹੀਨੇ ਖੁਫੀਆ ਜਾਣਕਾਰੀ ਤੋਂ ਪਤਾ ਲੱਗਿਆ ਸੀ ਕਿ ਦਹਿਸ਼ਤਗਰਦ ਸ਼ਾਇਦ ਦਾਚੀਗਾਮ ਖੇਤਰ ਵੱਲ ਵਧੇ ਹੋਣਗੇ, ਜੋ ਕਿ ਸ੍ਰੀਨਗਰ ਤੋਂ ਲਗਭਗ 20 ਕਿਲੋਮੀਟਰ ਦੂਰ ਹੈ। ਖੁਫੀਆ ਜਾਣਕਾਰੀ ਦੇ ਆਧਾਰ ’ਤੇ ਸੁਰੱਖਿਆ ਬਲਾਂ ਨੇ ਸੋਮਵਾਰ ਸਵੇਰੇ ਹਰਵਾਨ ਦੇ ਮੁਲਨਾਰ ਖੇਤਰ ਵਿੱਚ ਕਾਰਵਾਈ ਸ਼ੁਰੂ ਕੀਤੀ। ਜਦੋਂ ਸੁਰੱਖਿਆ ਬਲ ਇਲਾਕੇ ਦੀ ਤਲਾਸ਼ੀ ਲੈ ਰਹੇ ਸਨ ਤਾਂ ਦੂਰੋਂ ਦੋ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਇਲਾਕੇ ਵਿੱਚ ਵਾਧੂ ਸੁਰੱਖਿਆ ਬਲ ਭੇਜ ਕੇ ਤਲਾਸ਼ੀ ਮੁਹਿੰਮ ਆਰੰਭੀ ਗਈ। ਇਸ ਦੌਰਾਨ ਹੋਏ ਮੁਕਾਬਲੇ ’ਚ ਤਿੰਨ ਦਹਿਸ਼ਤਗਰਦ ਮਾਰੇ ਗਏ।

## ਬਰਾਲਾ ਦੀ ਨਿਯੁਕਤੀ ਰੱਦ

**ਚੰਡੀਗੜ੍ਹ** : ਹਰਿਆਣਾ ’ਚ ਬਤੌਰ ਅਸਿਸਟੈਂਟ ਐਡਵੋਕੇਟ ਜਨਰਲ (ਏ ਏ ਜੀ) ਵਜੋਂ ਨਿਯੁਕਤ ਕੀਤੇ ਗਏ ਛੇੜ-ਛਾੜ ਮਾਮਲੇ ਦੇ ਮੁਲਜ਼ਮ ਵਿਕਾਸ ਬਰਾਲਾ ਨੂੰ ਮਹਿਜ਼ 10 ਦਿਨਾਂ ਬਾਅਦ ਨਾਇਬ ਸਿੰਘ ਸੈਣੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਹਟਾਉਣ ਦਾ ਫੈਸਲਾ ਲਿਆ ਹੈ। ਸਰਕਾਰ ਦੇ ਸੂਤਰਾਂ ਨੇ ਦੱਸਿਆ ਕਿ ਕਾਨੂੰਨ ਅਧਿਕਾਰੀਆਂ ਦੀ ਸੂਚੀ ਵਿੱਚੋਂ ਹਟਾਉਣ ਦੇ ਫੈਸਲੇ ਬਾਰੇ ਗ੍ਰਹਿ ਵਿਭਾਗ ਨੇ ਬਰਾਲਾ ਨੂੰ ਜਾਣੂ ਕਰਵਾ ਦਿੱਤਾ ਹੈ। ਜਾਣਕਾਰੀ ਮੁਤਾਬਕ ਵਿਕਾਸ ਦੇ ਪਿਤਾ ਅਤੇ ਰਾਜ ਸਭਾ ਮੈਂਬਰ ਸੁਭਾਸ਼ ਬਰਾਲਾ ਨੇ ਹੀ ਸਰਕਾਰ ਨੂੰ ਕਾਨੂੰਨੀ ਅਧਿਕਾਰੀਆਂ ਦੀ ਸੂਚੀ ਵਿੱਚੋਂ ਆਪਣੇ ਪੁੱਤਰ ਦਾ ਨਾਂਅ ਹਟਾਉਣ ਬਾਰੇ ਕਿਹਾ ਸੀ। ਵਿਕਾਸ ਬਰਾਲਾ ਨੂੰ 97 ਕਾਨੂੰਨ ਅਧਿਕਾਰੀਆਂ ਦੀ ਸੂਚੀ ਵਿੱਚ ਏ ਏ ਜੀ ਵਜੋਂ ਨਾਮਜ਼ਦ ਕੀਤਾ ਗਿਆ ਸੀ। ਇਸ ਨੂੰ ਤੱਤਕਾਲੀ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ 18 ਜੁਲਾਈ ਨੂੰ ਮਨਜ਼ੂਰੀ ਦੇ ਦਿੱਤੀ ਸੀ।




# ਸ਼ਹੀਦ ਊਧਮ ਸਿੰਘ ਦੀ ਯਾਦ 'ਚ ਮੁਫ਼ਤ ਕੈਂਸਰ ਜਾਂਚ ਕੈਂਪ ਅੱਜ : ਭੁਪਿੰਦਰ ਸਿੰਘ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ 'ਤੇ ਸਮਾਜਿਕ ਜ਼ਿੰਮੇਵਾਰੀ ਦੀ ਮਹੱਤਤਾ ਨੂੰ ਮੰਨਦੇ ਹੋਏ ਨਿਰਦੇਸ਼ਕ ਭੁਪਿੰਦਰ ਸਿੰਘ ਦੀ ਪ੍ਰੇਰਣਾ ਸਦਕਾ ਕੰਬੋਜ ਮਹਾਂਸਭਾ ਬਲਾਕ ਭੁਨਰਹੇੜੀ ਵੱਲੋਂ 29 ਜੁਲਾਈ ਨੂੰ ਦੇਵੀਗੜ੍ਹ ਵਿਖੇ ਇਕ ਮੁਫ਼ਤ ਕੈਂਸਰ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ।ਇਸ ਯਤਨ ਦਾ ਮੁੱਖ ਉਦੇਸ਼ ਲੋਕਾਂ ਨੂੰ ਕੈਂਸਰ ਵਰਗੇ ਰੋਗ ਦੀ ਜਲਦੀ ਪਹਿਚਾਣ ਵਲ ਪ੍ਰੇਰਿਤ ਕਰਨਾ ਹੈ।ਜਾਣਕਾਰੀ ਦਿੰਦਿਆਂ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੇ ਨਿਰਦੇਸ਼ਕ ਤੇ ਕੰਬੋਜ ਮਹਾਂਸਭਾ ਦੇ ਆਗੂ ਭੁਪਿੰਦਰ ਸਿੰਘ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਸਿਰਫ਼ ਇਕ ਇਨਕਲਾਬੀ ਨਹੀਂ ਸਨ, ਉਨ੍ਹਾਂ ਦੀ ਕੁਰਬਾਨੀ ਅੱਜ ਵੀ ਸਾਡੀ ਰਹਿਨੁਮਾਈ ਕਰਦੀ ਹੈ।ਅਸੀਂ ਇਹ ਕੈਂਪ ਉਨ੍ਹਾਂ ਦੇ ਨਿਸ਼ਾਨ-ਏ-ਕਦਮਾਂ 'ਤੇ ਚੱਲਦਿਆਂ ਲਗਾ ਰਹੇ ਹਾਂ ਤਾਂ ਜੋ ਲੋਕਾਂ ਦੀ ਸਿਹਤ ਨੂੰ ਬਿਹਤਰ ਬਣਾਇਆ ਜਾ ਸਕੇ।ਉਨ੍ਹਾਂ ਨੌਜਵਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਿਰਫ਼ ਸਲਾਮੀ ਦੇਣਾ ਹੀ ਨਹੀਂ, ਬਲਕਿ ਸ਼ਹੀਦਾਂ ਦੀ ਸੋਚ ਨੂੰ ਅਮਲ ਵਿੱਚ ਲਿਆਉਣਾ ਵੀ ਅਸਲੀ ਸ਼ਰਧਾਂਜਲੀ ਹੁੰਦੀ ਹੈ।ਅਸੀਂ ਇਨ੍ਹਾਂ ਕਦਮਾਂ ਰਾਹੀਂ ਸਿੱਧ ਕਰਨਾ ਚਾਹੁੰਦੇ ਹਾਂ ਕਿ ਸ਼ਹੀਦਾਂ ਦੀ ਕੁਰਬਾਨੀ ਵਿਅਰਥ ਨਹੀਂ ਜਾਵੇਗੀ।ਉਨ੍ਹਾਂ ਕਿਹਾ ਕਿ ਸਾਡੇ ਲਈ ਇਹ ਸਿਰਫ਼ ਕੈਂਪ ਨਹੀਂ, ਇਹ ਸਮਾਜਿਕ ਸੇਵਾ ਦਾ ਇਕ ਢੰਗ ਹੈ, ਜੋ ਸਾਡੇ ਇਤਿਹਾਸਕ ਸੂਰਬੀਰਾਂ ਦੀ ਯਾਦ ਨੂੰ ਜੀਵਤ ਰੱਖਣ ਦਾ ਸਾਧਨ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਕੈਂਸਰ ਕੇਅਰ ਕੈਂਪ ਤੇ ਦੂਸਰੇ ਮੈਡੀਕਲ ਕੈਂਪਾਂ ਵਿੱਚ ਪਹੁੰਚ ਕੇ ਆਪਣੀ ਜਾਂਚ ਕਰਵਾਉਣ ਤੇ ਇਸ ਕੈਂਪ ਦਾ ਲਾਭ ਉਠਾ ਕੇ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ।

# ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ : ਲਾਲ ਸਿੰਘ



**ਪਟਿਆਲਾ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਸ਼ਹੀਦ ਊਧਮ ਸਿੰਘ, ਭਗਤ ਸਿੰਘ, ਰਾਜਗੁਰੂ, ਕਰਤਾਰ ਸਿੰਘ ਸਰਾਭਾ ਵਰਗੇ ਦੇਸ਼ ਭਗਤ ਸੂਰਬੀਰਾਂ ਵੱਲੋਂ ਦੇਸ਼, ਕੌਮ ਲਈ ਦਿੱਤੀਆਂ ਆਪਣੀਆਂ ਕੁਰਬਾਨੀਆਂ ਸਦਕਾ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਕਰਦੀਆਂ ਹਨ, ਉਹ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੀਆਂ ਹਨ।ਇਸ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਲਾਲ ਸਿੰਘ ਵੱਲੋਂ ਕੰਬੋਜ ਮਹਾਸਭਾ ਬਲਾਕ ਭੁਨਰਹੇੜੀ ਵੱਲੋਂ ਸ਼ਹੀਦ ਊਧਮ ਸਿੰਘ ਦੇ 85ਵੇਂ ਸ਼ਹੀਦੀ ਸਮਾਗਮ ਸਬੰਧੀ ਆਯੋਜਤ ਕੀਤੇ ਜਾ ਰਹੇ ਪ੍ਰੋਗਰਾਮ ਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦੇ ਹੋਏ ਕੀਤਾ।ਲਾਲ ਸਿੰਘ ਨੇ ਸ਼ਹੀਦ ਊਧਮ ਸਿੰਘ ਵੱਲੋਂ ਦੇਸ਼ ਕੌਮ ਲਈ ਦਿੱਤੀ ਆਪਣੀ ਕੁਰਬਾਨੀ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੂੰ ਪ੍ਰਣਾਮ ਕੀਤਾ ਤੇ ਕਿਹਾ ਕਿ ਕੰਬੋਜ ਬਰਾਦਰੀ ਦੇਸ਼ ਸ਼੍ਰੋਮਣੀ ਸ਼ਹੀਦ ਨੇ ਜਿੱਥੇ ਦੇਸ਼ ਦਾ ਨਾਂਅ ਦੁਨੀਆ ਵਿਚ ਉਜਾਗਰ ਕੀਤਾ, ਉੱਥੇ ਕੰਬੋਜ ਭਾਈਚਾਰੇ ਦਾ ਨਾਂਅ ਵੀ ਅੱਜ ਦੁਨੀਆ ਵਿਚ ਸ਼ਹੀਦ ਊਧਮ ਸਿੰਘ ਕਰਕੇ ਹਰ ਕੋਈ ਜਾਣਦਾ ਹੈ।ਲਾਲ ਸਿੰਘ ਨੇ ਕਿਹਾ ਕਿ ਕੰਬੋਜ ਮਹਾਸਭਾ ਵੱਲੋਂ ਸ਼ਹੀਦ ਊਧਮ ਸਿੰਘ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਲਗਾਏ ਜਾ ਰਹੇ ਕੈਂਸਰ ਜਾਗਰੂਕ ਕੈਂਪ ਤੇ ਮੈਡੀਕਲ ਕੈਂਪਾਂ ਲਈ ਸੰਸਥਾ ਨੂੰ ਵਧਾਈ ਦਾ ਪਾਤਰ ਦਸਦੇ ਹੋਏ ਕਿਹਾ ਕਿ ਇਸ ਨਾਲ ਲੋੜਵੰਦਾਂ ਨੂੰ ਜਿੱਥੇ ਮੈਡੀਕਲ ਸਹੂਲਤ ਮਿਲੇਗੀ, ਉੱਥੇ ਸ਼ਹੀਦ ਵੱਲੋਂ ਦਿੱਤੀ ਸ਼ਹਾਦਤ ਲਈ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਵੀ ਹੋਵੇਗੀ।

# ਸ਼ਹੀਦਾਂ ਨੂੰ ਯਾਦ ਕਰਨ ਵਾਲੀਆਂ ਕੌਮਾਂ ਸਦਾ ਚੜ੍ਹਦੀਆਂ ਕਲਾ 'ਚ ਰਹਿੰਦੀਆਂ : ਹਰਮੀਤ ਪਠਾਣਮਾਜਰਾ



**ਪਟਿਆਲਾ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਸ਼ਹੀਦ ਊਧਮ ਸਿੰਘ, ਭਗਤ ਸਿੰਘ, ਰਾਜਗੁਰੂ, ਕਰਤਾਰ ਸਿੰਘ ਸਰਾਭਾ ਵਰਗੇ ਦੇਸ਼ ਭਗਤ ਸੂਰਬੀਰਾਂ ਵੱਲੋਂ ਦੇਸ਼, ਕੌਮ ਲਈ ਦਿੱਤੀਆਂ ਆਪਣੀਆਂ ਕੁਰਬਾਨੀਆਂ ਸਦਕਾ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਕਰਦੀਆਂ ਹਨ, ਉਹ ਸਦਾ ਚੜ੍ਹਦੀਆਂ ਕਲਾ ਵਿੱਚ ਰਹਿੰਦੀਆਂ ਹਨ।ਇਸ ਦਾ ਪ੍ਰਗਟਾਵਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਕੰਬੋਜ ਮਹਾ ਸਭਾ ਬਲਾਕ ਭੁਨਰਹੇੜੀ ਵੱਲੋਂ ਸ਼ਹੀਦ ਊਧਮ ਸਿੰਘ ਦੇ 85ਵੇਂ ਸ਼ਹੀਦੀ ਸਮਾਗਮ ਸਬੰਧੀ ਕੀਤੇ ਜਾ ਰਹੇ ਪ੍ਰੋਗਰਾਮ 'ਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦੇ ਹੋਏ ਕੀਤਾ।ਪਠਾਣਮਾਜਰਾ ਨੇ ਸ਼ਹੀਦ ਊਧਮ ਸਿੰਘ ਵੱਲੋਂ ਦੇਸ਼ ਕੌਮ ਲਈ ਦਿੱਤੀ ਆਪਣੀ ਕੁਰਬਾਨੀ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੂੰ ਪ੍ਰਣਾਮ ਕੀਤਾ ਤੇ ਕਿਹਾ ਕਿ ਕੰਬੋਜ ਬਰਾਦਰੀ ਦੇ ਸ਼੍ਰੋਮਣੀ ਸ਼ਹੀਦ ਨੇ ਜਿੱਥੇ ਦੇਸ਼ ਦਾ ਨਾਂਅ ਦੁਨੀਆ ਵਿੱਚ ਉਜਾਗਰ ਕੀਤਾ, ਉੱਥੇ ਕੰਬੋਜ ਭਾਈਚਾਰੇ ਦਾ ਨਾਂਅ ਵੀ ਅੱਜ ਦੁਨੀਆ ਵਿੱਚ ਸ਼ਹੀਦ ਊਧਮ ਸਿੰਘ ਕਰਕੇ ਹਰ ਕੋਈ ਜਾਣਦਾ ਹੈ।ਪਠਾਣਮਾਜਰਾ ਨੇ ਕਿਹਾ ਕਿ ਕੰਬੋਜ ਮਹਾ ਸਭਾ ਵੱਲੋਂ ਸ਼ਹੀਦ ਊਧਮ ਸਿੰਘ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਲਗਾਏ ਜਾ ਰਹੇ ਕੈਂਸਰ ਜਾਗਰੂਕਤਾ ਕੈਂਪ ਤੇ ਮੈਡੀਕਲ ਕੈਂਪਾਂ ਲਈ ਸੰਸਥਾ ਨੂੰ ਵਧਾਈ ਦਾ ਪਾਤਰ ਦਸਦੇ ਹੋਏ ਕਿਹਾ ਕਿ ਇਸ ਨਾਲ ਲੋੜਵੰਦਾਂ ਨੂੰ ਜਿੱਥੇ ਮੈਡੀਕਲ ਸਹੂਲਤ ਮਿਲੇਗੀ, ਉੱਥੇ ਸ਼ਹੀਦ ਵੱਲੋਂ ਦਿੱਤੀ ਸ਼ਹਾਦਤ ਲਈ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਵੀ ਹੋਵੇਗੀ।

# ਕੰਬੋਜ ਮਹਾਂਸਭਾ ਵੱਲੋਂ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਸੰਬੰਧੀ ਸਮਾਗਮ ਅੱਜ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਕੰਬੋਜ ਮਹਾਂ ਸਭਾ ਬਲਾਕ ਭੁਨਰਹੇੜੀ ਤੇ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਸ਼੍ਰੋਮਣੀ ਸ਼ਹੀਦ ਸ੍ਰ. ਊਧਮ ਸਿੰਘ ਸੁਨਾਮ ਦਾ 85ਵਾਂ ਸ਼ਹੀਦੀ ਦਿਹਾੜਾ ਅੱਜ ਸੰਗਮ ਪੈਲੇਸ, ਪਿਹੋਵਾ ਰੋਡ, ਗੁੱਥਮੜਾ ਵਿਖੇ ਮਨਾਇਆ ਜਾ ਰਿਹਾ ਹੈ।ਮੈਂਬਰ ਪਾਰਲੀਮੈਂਟ ਧਰਮਵੀਰ ਗਾਂਧੀ, ਲਾਲ ਸਿੰਘ ਸਾਬਕਾ ਖ਼ਜ਼ਾਨਾ ਮੰਤਰੀ ਪੰਜਾਬ, ਵਿਧਾਨ ਸਭਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ, ਸਾਬਕਾ ਵਿਦੇਸ਼ ਮੰਤਰੀ ਮਹਾਰਾਣੀ ਪਰਨੀਤ ਕੌਰ, ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ.ਆਰ.ਟੀ.ਸੀ., ਹਰਦਿਆਲ ਕੰਬੋਜ ਸਾਬਕਾ ਐੱਮ.ਐੱਲ.ਏ. ਰਾਜਪੁਰਾ, ਮਦਨ ਲਾਲ ਜਲਾਲਪੁਰ ਸਾਬਕਾ ਐਮ.ਐਲ.ਏ. ਘਨੌਰ, ਹਰਿੰਦਰਪਾਲ ਸਿੰਘ ਚੰਦੂਮਾਜਰਾ ਸਾਬਕਾ ਐਮ.ਐਲ.ਏ. ਸਨੌਰ, ਜਰਨੈਲ ਸਿੰਘ ਕਰਤਾਰਪੁਰ ਮੈਂਬਰ ਐੱਸ.ਜੀ.ਪੀ.ਸੀ. ਤੋਂ ਇਲਾਵਾ ਨਗਰ ਪੰਚਾਇਤ ਦੇਵੀਗੜ੍ਹ ਦੀ ਪ੍ਰਧਾਨ ਤੇ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਪਟਿਆਲਾ ਸੁਰਿੰਦਰ ਕੌਰ ਧੰਜੂ ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ ਅਤੇ ਉਹ ਆਪਣੀ ਸ਼ਰਧਾ ਦੇ ਫੁੱਲ ਸ਼ਹੀਦ ਊਧਮ ਸਿੰਘ ਨੂੰ ਭੇਟ ਕਰਨਗੇ।ਇਸ ਮੌਕੇ ਡਾ. ਕੁਲਦੀਪ ਸਿੰਘ ਧਾਲੀਵਾਲ ਯੂ. ਕੇ. ਵਰਲਡ ਕੈਂਸਰ ਕੇਅਰ ਦੀ ਟੀਮ ਵੱਲੋਂ ਕੈਂਸਰ ਚੈੱਕਅਪ ਕੈਂਪ ਤੇ ਮੈਡੀਕਲ ਤੇ ਅੱਖਾਂ ਦਾ ਕੈਂਪ ਵੀ ਲਗਾਇਆ ਜਾ ਰਿਹਾ ਹੈ।ਇਨ੍ਹਾਂ ਕੈਂਪਾਂ ਵਿੱਚ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ।ਇਸ ਮੌਕੇ ਢਾਡੀ ਜਥੇ ਵੀ ਸ਼ਹੀਦ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤੇਗਾ।ਆਗੂਆਂ ਨੇ ਇਲਾਕੇ ਦੇ ਲੋਕਾਂ ਨੂੰ ਮੈਡੀਕਲ ਕੈਂਪਾਂ ਵਿੱਚ ਆਪਣੀ ਜਾਂਚ ਕਰਾਉਣ ਦੀ ਅਪੀਲ ਕੀਤੀ।

# ਚੰਗਾ ਕੰਮ ਕਰੋ, ਕਿਉਂਕਿ ਇਹ ਤੁਹਾਡੀ ਫਿਤਰਤ ਹੈ : ਅਸ਼ਵਨੀ ਗਰਗ



**ਜੈਤੋ (ਸਤੀਸ਼ ਕੁਮਾਰ ਭੀਗੀ)**-ਸ਼ਿਵਾਲਿਕ ਪਬਲਿਕ ਸਕੂਲ 'ਚ ਮਨਾਏ ਗਏ ਤੀਆਂ ਦੇ ਤਿਉਹਾਰ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੰਬੋਧਤ ਕਰਦੇ ਹੋਏ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਸ਼ਨਜ਼ ਤੇ ਸ਼ਿਵਾਲਿਕ ਪਬਲਿਕ ਸਕੂਲ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ ਨੇ ਕਿਹਾ ਕਿ ਤਿਉਹਾਰ ਸਾਡੀ ਆਤਮਾ ਦੀ ਖੁਰਾਕ ਹੁੰਦੇ ਹਨ, ਜੋ ਕਿ ਬਿਨਾਂ ਕਿਸੇ ਭੇਦਭਾਵ, ਬਿਨਾਂ ਕਿਸੇ ਨਿੰਦਾ ਚੁਗਲੀ ਦੇ ਖੁਸ਼ੀਆਂ ਨੂੰ ਵੰਡਦੇ ਹੋਏ ਮਨਾਉਣਾ ਚਾਹੀਦਾ ਹੈ।ਸਾਨੂੰ ਕਦੇ ਗ਼ਰੀਬ ਜਾਂ ਕਮਜ਼ੋਰ ਦੀ ਨਿੰਦਾ ਨਹੀਂ ਕਰਨੀ ਚਾਹੀਦੀ।ਗ਼ਰੀਬ ਸਿਰਫ਼ ਦੌਲਤ ਨਾਲ ਨਹੀਂ, ਬਲਕਿ ਹਰ ਮਨੁੱਖੀ ਆਤਮਾ ਸੱਚੇ ਨਿਰਸਵਾਰਥ ਆਤਮਕ ਪ੍ਰੇਮ, ਸੁੱਖ, ਸ਼ਾਂਤੀ, ਗਿਆਨ, ਪਵਿੱਤਰਤਾ ਤੇ ਹਿੰਮਤ ਰੂਪੀ ਖ਼ਜ਼ਾਨਿਆਂ ਦੇ ਹੁੰਦੇ ਹੋਏ ਵੀ ਗ਼ਰੀਬ ਹੈ, ਕਿਉਂਕਿ ਕਲਯੁੱਗ ਹੈ।ਅਸ਼ਵਨੀ ਗਰਗ ਨੇ ਕਿਹਾ ਕਿ ਚੰਗਾ ਕੰਮ ਇਸ ਲਈ ਨਾ ਕਰੋ ਕਿ ਲੋਕ ਤੁਹਾਡੀ ਪ੍ਰਸੰਸਾ ਕਰਨ, ਸਗੋਂ ਇਸ ਲਈ ਕਰੋ ਕਿ ਇਹ ਤੁਹਾਡੀ ਫਿਤਰਤ ਹੈ।ਉਨ੍ਹਾਂ ਕਿਹਾ ਕਿ ਅਸੀਂ ਆਪਣੇ ਕੰਮ ਮੁੱਲਾਂ ਦੇ ਆਧਾਰ 'ਤੇ ਕਰਦੇ ਹਾਂ, ਨਾ ਕਿ ਪ੍ਰਸੰਸਾ ਦੀ ਲਾਲਸਾ ਵਿੱਚ।ਪ੍ਰਮਾਤਮਾ ਹਰ ਇੱਕ ਸ਼ੁੱਧ ਨੀਅਤ ਨੂੰ ਵੇਖਦਾ ਹੈ।ਇਸ ਲਈ ਆਪਣੇ ਕੰਮ ਚੁੱਪ ਚਾਪ ਤੇ ਲਗਾਤਾਰ ਕਰਦੇ ਜਾਓ। ਅਸ਼ਵਨੀ ਗਰਗ ਨੇ ਕਿਹਾ ਕਿ ਭਾਵੇਂ ਕੋਈ ਵੇਖੇ ਨਾ ਵੇਖੇ ਤੁਹਾਡਾ ਕਰਮ ਖਾਤਾ ਸਾਫ਼ ਹੋ ਰਿਹਾ ਹੈ ਤੇ ਤੁਹਾਡੀ ਅੰਦਰੂਨੀ ਤਾਕਤ ਸ਼ਾਂਤੀ ਨਾਲ ਵਧ ਰਹੀ ਹੈ।

# ਹਰਿਆਲੀ ਤੀਜ 'ਤੇ ਗਊਸ਼ਾਲਾ 'ਚ ਕੀਤੀ ਹਰੇ ਚਾਰੇ ਦੀ ਸੇਵਾ




**ਕੋਟਕਪੂਰਾ (ਰਛਪਾਲ ਭੁੱਲਰ)**-ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ ਅਲਾਇੰਸ ਕਲੱਬ ਕੋਟਕਪੂਰਾ ਡਾਇਮੰਡ ਜ਼ਿਲ੍ਹਾ-111 ਦੇ ਯੂਥ ਵਿੰਗ ਵੱਲੋਂ ਹਰਿਆਲੀ ਤੀਜ ਤਿਉਹਾਰ ਦੇ ਮੌਕੇ ਸਥਾਨਕ ਗਊਸ਼ਾਲਾ ਵਿੱਚ ਹਰੇ ਚਾਰੇ ਦੀ ਸੇਵਾ ਕੀਤੀ ਗਈ।ਇਸ ਸਮੇਂ ਯੂਥ ਕਲੱਬ ਦੇ ਪ੍ਰਧਾਨ ਮੋਹਿਤ ਮਹਿਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਲੱਬ ਦੇ ਯੂਥ ਮੈਂਬਰ ਦੇਵਾਂਸ਼ੂ ਮਿੱਤਲ, ਕੁਨਾਲ ਮਿੱਤਲ, ਵਾਸੂ ਗੋਇਲ, ਮੋਹਿਤ ਗੋਇਲ ਤੇ ਆਦਿੱਤਿਆ ਗੋਇਲ ਨੇ ਭਗਵਾਨ ਰਾਧਾਕ੍ਰਿਸ਼ਨ ਦੇ ਤਿਉਹਾਰ ਹਰਿਆਲੀ ਤੀਜ ਦੇ ਮੌਕੇ 'ਤੇ ਗਊ ਮਾਤਾ ਨੂੰ ਹਰਾ ਚਾਰਾ ਪਾਉਣ ਦੀ ਸੇਵਾ ਕੀਤੀ।ਇਸ ਸਮੇਂ ਵਿਸ਼ੇਸ਼ ਤੌਰ 'ਤੇ ਪਹੁੰਚੇ ਕਲੱਬ ਦੇ ਪ੍ਰਧਾਨ ਰਾਕੇਸ਼ ਗਰਗ ਤੇ ਜ਼ਿਲ੍ਹਾ ਮੀਡੀਆ ਇੰਚਾਰਜ ਚੰਦਰ ਕੁਮਾਰ ਨੇ ਯੂਥ ਵਿੰਗ ਦੇ ਮੈਂਬਰਾਂ ਨੂੰ ਇਸ ਕਾਰਜ ਲਈ ਵਧਾਈ ਦਿੱਤੀ।

## ਭੋਗ 'ਤੇ ਵਿਸ਼ੇਸ਼

# ਵੱਖਰੀ ਸ਼ਖ਼ਸੀਅਤ ਦੇ ਮਾਲਕ ਸਨ ਬਾਪੂ ਸੇਵਾ ਸਿੰਘ ਛਾਪਾ



ਸਖ਼ਤ ਮਿਹਨਤ ਮੁਸ਼ੱਕਤ ਨਾਲ ਪਰਵਾਰ ਨੂੰ ਬੁਲੰਦੀਆਂ 'ਤੇ ਪੁਚਾਉਣ ਵਾਲੇ ਸੇਵਾ ਸਿੰਘ ਛਾਪਾ ਦਾ ਜਨਮ 1926 ਵਿੱਚ ਮਾਤਾ ਇੰਦਰ ਕੌਰ ਦੀ ਕੁੱਖੋਂ ਪਿਤਾ ਜੋਰਾ ਸਿੰਘ ਦੇ ਗ੍ਰਹਿ ਪਿੰਡ ਛਾਪਾ (ਬਰਨਾਲਾ) ਵਿਖੇ ਹੋਇਆ। ਆਪ ਨੇ ਸੁਰਤ ਸੰਭਾਲਦਿਆਂ ਹੀ ਪਿਤਾ ਪੁਰਖੀ ਕਿੱਤੇ ਖੇਤੀਬਾੜੀ 'ਚ ਬੜੀ ਲਗਨ, ਮਿਹਨਤ ਨਾਲ ਕੰਮ ਕੀਤਾ। ਉਨ੍ਹਾਂ ਦਾ ਵਿਆਹ ਬੀਬੀ ਸ਼ਿਆਮ ਕੌਰ ਨਾਲ ਪਿੰਡ ਘਨੌਰੀ (ਸੰਗਰੂਰ) ਵਿਖੇ ਹੋਇਆ। ਆਪ ਦੇ ਘਰ ਦੋ ਪੁੱਤਰਾਂ ਚਮਕੌਰ ਸਿੰਘ, ਲਾਭ ਸਿੰਘ ਨੇ ਜਨਮ ਲਿਆ, ਜੋ ਬਾਪੂ ਜੀ ਦੀ ਯੋਗ ਅਗਵਾਈ ਸਦਕਾ ਖੇਤੀਬਾੜੀ ਨਾਲ ਨਾਲ ਸਮਾਜ ਸੇਵੀ ਕੰਮਾਂ ਵਧੀਆ ਭੂਮਿਕਾ ਨਿਭਾਅ ਰਹੇ ਹਨ। ਬਾਪੂ ਸੇਵਾ ਸਿੰਘ 1947 ਦੀ ਪਾਕਿ ਵੰਡ ਵੇਲੇ 20 ਸਾਲ ਦੇ ਸਨ।

ਉਨ੍ਹਾਂ ਨੇ ਉਸ ਵੇਲੇ ਬਿਪਤਾ 'ਚ ਫਸੇ ਪਰਵਾਰਾਂ ਨੂੰ ਮੱਦਦ ਦੇ ਕੇ ਸੁਰੱਖਿਆ ਥਾਂਵਾਂ 'ਤੇ ਪੁਚਾਇਆ, ਕਿਸੇ ਵੀ ਜੀਆ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿੱਤਾ। ਉਨ੍ਹਾਂ ਦੀ ਚੰਗੀ ਸਿੱਖਿਆ ਸਦਕਾ ਪਰਵਾਰ ਨੇ ਕਿਸਾਨ ਸੰਘਰਸ਼ ਤੇ ਲੋਕ ਪੱਖੀ ਲਹਿਰਾਂ 'ਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦੇ ਪੋਤਰੇ ਨੌਜਵਾਨ ਆਗੂ ਗੁਰਦੀਪ ਸਿੰਘ ਬਾਬਾ ਨੂੰ ਹਰਮਨਪਿਆਰਤਾ ਸਦਕਾ ਪਿੰਡ ਛਾਪਾ ਦੇ ਲੋਕਾਂ ਨੇ ਸਰਪੰਚੀ ਦਾ ਤਾਜ ਪਹਿਨਾਇਆ ਤੇ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਸ ਨੂੰ ਉਹ ਪੂਰੀ ਲਗਨ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣ ਲਈ 24 ਘੰਟੇ ਯਤਨਸ਼ੀਲ ਹਨ।

ਵਿਧਾਇਕ ਪੰਡੋਰੀ ਦੀ ਅਗਵਾਈ ਹੇਠ ਪਿੰਡ ਛਾਪਾ ਦੇ ਸਰਬਪੱਖੀ ਵਿਕਾਸ ਤੇ ਪਾਰਟੀ ਦੀ ਮਜਬੂਤੀ ਦੀ ਮੁਹਿੰਮ ਚਲਾਈ ਗਈ ਹੈ। ਆਪ ਦੇ ਪੋਤਰੇ ਗੁਰਚਰਨ ਸਿੰਘ, ਗਗਨਦੀਪ ਸਿੰਘ ਵੀ ਸਮੇਂ ਦੇ ਹਾਣੀ ਬਣ ਕੇ ਖੇਤੀਬਾੜੀ ਦੇ ਕੰਮਾਂ 'ਚ ਜੁਟੇ ਹੋਏ ਹਨ। ਬਾਪੂ ਸੇਵਾ ਸਿੰਘ ਛਾਪਾ ਭਰੀ ਪਰਿਵਾਰਕ ਫੁੱਲਵਾੜੀ ਨੂੰ ਛੱਡ ਕੇ ਬੀਤੇ ਦਿਨੀਂ ਅਚਾਨਕ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਨਮਿਤ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਤੇ ਅੰਤਮ ਅਰਦਾਸ 29 ਜੁਲਾਈ ਨੂੰ ਇੱਕ ਵਜੇ ਗੁਰਦੁਆਰਾ ਡੇਰਾ ਸਮਾਧਾਂ ਸੋਢਾ ਪੱਤੀ ਪਿੰਡ ਛਾਪਾ (ਬਰਨਾਲਾ) ਵਿਖੇ ਹੋਵੇਗੀ।

**-ਪ੍ਰਦੀਪ ਸਿੰਘ ਲੋਹਗੜ੍ਹ**
**ਮਹਿਲ ਕਲਾਂ**

# ਗੁਰਮੁੱਖ ਬੀਬੀ ਗੁਰਪ੍ਰੀਤ ਕੌਰ ਨੂੰ ਪ੍ਰੀਖਿਆ ਹਾਲ 'ਚ ਜਾਣ ਤੋਂ ਰੋਕਣ ਦੀ ਸਖ਼ਤ ਨਿੰਦਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਗੁਰੂ ਗਿਆਨ ਨਾਥ ਵਾਲਮੀਕੀ ਧਰਮ ਸਮਾਜ (ਰਜਿ.), ਭਾਰਤ ਪਾਵਨ ਵਾਲਮੀਕੀ ਤੀਰਥ, ਅੰਮ੍ਰਿਤਸਰ ਦੇ ਸੂਬਾ ਪ੍ਰਧਾਨ ਡਾ. ਦਲਜੀਤ ਸਿੰਘ ਚੌਹਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਰਨਤਾਰਨ ਸਾਹਿਬ ਦੀ ਰਹਿਣ ਵਾਲੀ ਇਕ ਗੁਰਮੁੱਖ ਬੀਬੀ ਗੁਰਪ੍ਰੀਤ ਕੌਰ, ਜੋ ਰਾਜਸਥਾਨ ਵਿੱਚ ਹੋ ਰਹੀ ਜੂਡੀਸ਼ੀਅਲ ਪ੍ਰੀਖਿਆ ਦੇਣ ਗਈ ਸੀ, ਨੂੰ ਪ੍ਰੀਖਿਆ ਹਾਲ ਵਿੱਚ ਦਾਖਲ ਹੋਣ ਤੋਂ ਕੇਵਲ ਇਸ ਕਰਕੇ ਰੋਕ ਦਿੱਤਾ ਗਿਆ ਕਿ ਉਸ ਨੇ ਆਪਣੇ ਧਾਰਮਿਕ ਵਿਸ਼ਵਾਸ ਅਨੁਸਾਰ ਪੰਜ ਕਕਾਰ ਧਾਰਨ ਕੀਤੇ ਹੋਏ ਸਨ।ਇਹ ਘਟਨਾ ਨਾ ਸਿਰਫ਼ ਧਾਰਮਿਕ ਆਜ਼ਾਦੀ ਦੇ ਮੂਲ ਅਧਿਕਾਰਾਂ ਦਾ ਉਲੰਘਣ ਹੈ, ਸਗੋਂ ਇੱਕ ਯੋਗ ਤੇ ਮੇਹਨਤੀ ਬੇਟੀ ਦੇ ਭਵਿੱਖ ਉੱਤੇ ਵੀ ਵੱਡਾ ਹਮਲਾ ਹੈ।ਭਾਰਤੀ ਸੰਵਿਧਾਨ ਹਰੇਕ ਨਾਗਰਿਕ ਨੂੰ ਆਪਣੇ ਧਰਮ ਨੂੰ ਮੰਨਣ, ਪ੍ਰਗਟ ਕਰਨ ਤੇ ਅਮਲ ਕਰਨ ਦੀ ਆਜ਼ਾਦੀ ਦਿੰਦਾ ਹੈ।

ਡਾ. ਚੌਹਾਨ ਨੇ ਕਿਹਾ ਕਿ ਗੁਰੂ ਗਿਆਨ ਨਾਥ ਵਾਲਮੀਕੀ ਧਰਮ ਸਮਾਜ (ਰਜਿ.), ਭਾਰਤ ਪਾਵਨ ਵਾਲਮੀਕੀ ਤੀਰਥ ਅੰਮ੍ਰਿਤਸਰ ਵੱਲੋਂ ਇਸ ਘਟਨਾ ਦੀ ਭਰਪੂਰ ਨਿੰਦਾ ਕੀਤੀ ਜਾਂਦੀ ਹੈ।ਅਸੀਂ ਰਾਜਸਥਾਨ ਸਰਕਾਰ ਤੇ ਸੰਬੰਧਤ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਜ਼ੋਰਦਾਰ ਮੰਗ ਕਰਦੇ ਹਾਂ ਕਿ ਇਸ ਘਟਨਾ ਦੀ ਤੁਰੰਤ ਜਾਂਚ ਕਰਕੇ ਦੋਸ਼ੀਆਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤੇ ਬੀਬੀ ਗੁਰਪ੍ਰੀਤ ਕੌਰ ਨੂੰ ਮੁੜ ਜੂਡੀਸ਼ੀਅਲ ਪ੍ਰੀਖਿਆ ਦੇਣ ਦਾ ਨਿਆਂਪੂਰਨ ਮੌਕਾ ਦਿੱਤਾ ਜਾਵੇ।ਇਸੇ ਨਾਲ ਬੀਬੀ ਗੁਰਪ੍ਰੀਤ ਕੌਰ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਇਸ ਮਾਮਲੇ ਉੱਤੇ ਜਲਦੀ ਤੋਂ ਜਲਦੀ ਕੋਈ ਠੋਸ ਕਾਰਵਾਈ ਨਾ ਹੋਈ, ਤਾਂ ਉਹ ਇਸ ਧਾਰਮਿਕ ਤੇ ਸੰਵਿਧਾਨਕ ਹੱਕ ਲੈਣ ਲਈ ਵੱਡਾ ਸੰਘਰਸ਼ ਸ਼ੁਰੂ ਕਰਨ ਲਈ ਮਜਬੂਰ ਹੋਵੇਗੀ।

# ਅੱਜ-ਨਾਮਾ

ਭਾਰਤ-ਪਾਕਿ ਦਾ ਭੇੜ ਸੀ ਚਹੁੰ ਦਿਨਾਂ ਦਾ,
ਦੁਨੀਆ ਏਸ ਨਾਲ ਗਈ ਸਭ ਹਿੱਲ ਬੇਲੀ।
ਹਮਲੇ ਵਕਤ ਮਿਜ਼ਾਈਲਾਂ ਵੀ ਚੱਲੀਆਂ ਸੀ,
ਡਰੋਨ ਵਰਤੋਂ ਦਾ ਲੱਗਾ ਰਿਹਾ ਟਿੱਲ ਬੇਲੀ।
ਹਵਾਈ ਜਹਾਜ਼ ਵੀ ਵਰਤੇ ਸੀ ਧਿਰਾਂ ਦੋਵਾਂ,
ਛੱਡੀ ਤਾਂ ਕਿਸੇ ਨੇ ਕੋਈ ਨਹੀਂ ਢਿੱਲ ਬੇਲੀ।
ਕਿਹੜੀ ਧਿਰ ਦਾ ਹੋਇਆ ਨੁਕਸਾਨ ਕਿੰਨਾ,
ਲਾਹੁੰਦੇ ਇਹਦੀ ਨੇ ਕਈ ਪਏ ਛਿੱਲ ਬੇਲੀ।
ਮੁੱਕਿਆ ਰੱਫੜ ਜਦ ਹੋਈ ਆ ਜੰਗ-ਬੰਦੀ,
ਪਬਲਿਕ ਆਮ ਲਈ ਫੇਰ ਆ ਸੁੱਖ ਬੇਲੀ।
ਫਿਰ ਤੋਂ ਕਦੋਂ ਚੁਆਤੀ ਜਿਹੀ ਭੜਕ ਪੈਣੀ,
ਰੱਖਦੀ ਸਭ ਗੁਪਤ ਭਵਿੱਖ ਦੀ ਕੁੱਖ ਬੇਲੀ।

-ਤੀਸ ਮਾਰ ਖਾਂ

# ਲੈਂਡ ਪੂਲਿੰਗ ਪਾਲਿਸੀ ਲਾਗੂ ਕਰਕੇ ਪੰਜਾਬ ਸਰਕਾਰ ਕਿਸਾਨਾਂ ਦਾ ਉਜਾੜਾ ਕਰਨ 'ਤੇ ਤੁਲੀ : ਬਹਿਰੂ

**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਪਿਛਲੇ ਦਿਨੀਂ ਵਿਕਾਸ ਦੇ ਨਾਂਅ 'ਤੇ ਭੁਲੇਖਾ ਪਾਊ ਲੈਂਡ ਪੂਲਿੰਗ ਪਾਲਿਸੀ ਦਾ ਨੋਟੀਫਿਕੇਸ਼ਨ ਲੈ ਕੇ ਆਈ ਹੈ। ਉਸ ਨੇ ਪੂਰੇ ਪੰਜਾਬ ਭਰ ਦੇ ਕਿਸਾਨਾਂ ਵਿੱਚ ਖਲਬਲੀ ਮਚਾ ਦਿੱਤੀ ਹੈ।ਇਸ 'ਤੇ ਪ੍ਰਤੀਕਰਮ ਦਿੰਦਿਆ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਹੈ ਕਿ ਜਦੋਂ ਪੰਜਾਬ ਦੇ ਕਿਸਾਨ ਲਿਆਂਦੀ ਗਈ ਲੈਂਡ ਪੂਲਿੰਗ ਪਾਲਿਸੀ ਨਾਲ ਸਹਿਮਤ ਨਹੀਂ ਹਨ ਤਾਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਨੋਟੀਫਿਕੇਸ਼ਨ ਤੁਰੰਤ ਵਾਪਸ ਲਿਆ ਜਾਵੇ।ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਸਮੇਂ-ਸਮੇਂ ਜਾਰੀ ਕੀਤੇ ਫੁਰਮਾਨ ਕੋਈ ਧਾਰਮਿਕ ਦਸਤਾਵੇਜ਼ ਨਹੀਂ ਹੁੰਦੇ, ਜਿਨ੍ਹਾਂ ਨੂੰ ਬਦਲਿਆ ਨਾ ਜਾ ਸਕੇ, ਜਦੋਂਕਿ ਲੋਕਤੰਤਰ ਵਿੱਚ ਚੁਣੀਆਂ ਸਰਕਾਰਾਂ ਤੋਂ ਲੋਕ ਵੱਡੇ ਹੁੰਦੇ ਹਨ।

ਬਹਿਰੂ ਨੇ ਦੱਸਿਆ ਕਿ ਜਦੋਂ ਦੇਸ਼ ਅੰਗਰੇਜ਼ਾਂ ਦਾ ਗੁਲਾਮ ਸੀ, ਭਾਰਤੀ ਲੋਕਾਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਤਾਂ ਕਰਾ ਲਿਆ, ਪਰ ਅੰਗਰੇਜ਼ ਹਕੂਮਤ ਵੱਲੋਂ 1894 ਵਾਲਾ ਭੂਮੀ ਗ੍ਰਹਿਣ ਬਿਲ ਦੇ ਤਹਿਤ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀ ਕੌਡੀਆਂ ਦੇ ਭਾਅ ਕਿਸਾਨਾਂ ਦੀ ਜ਼ਮੀਨ ਪ੍ਰਾਪਰਟੀ ਡੀਲਰ ਬਣ ਕੇ 2013 ਤੱਕ ਲੁੱਟਦੇ ਰਹੇ, ਜਿੱਥੇ ਕਿਤੇ ਕਿਸਾਨ ਆਪਣੀ ਜ਼ਮੀਨ ਬਚਾਉਣ ਲਈ ਅੰਦੋਲਨ ਕਰਦੇ ਸਨ ਤਾਂ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨਿਆ ਜਾਂਦਾ ਸੀ, ਜਿਸ ਤਹਿਤ ਅੰਕੜੇ ਦੱਸਦੇ ਹਨ ਕਿ 337 ਕਿਸਾਨਾਂ ਨੇ ਆਪਣੀ ਜੱਦੀ ਜਾਇਦਾਦ ਬਚਾਉਣ ਲਈ ਕੁਰਬਾਨੀਆਂ ਦਿੱਤੀਆਂ ਸਨ।

ਬਹਿਰੂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਯਾਦ ਕਰਾਇਆ ਕਿ ਭਾਰਤ ਦੇ ਤਾਕਤਵਰ ਪ੍ਰਧਾਨ ਮੰਤਰੀ ਜਦੋਂ 2020 ਵਿੱਚ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਾਰਪੋਰੇਟਰ ਘਰਾਣਿਆਂ ਦਾ ਕਬਜ਼ਾ ਕਰਾਉਣ ਲਈ ਤਿੰਨ ਕਾਲੇ ਕਾਨੂੰਨ ਲੈ ਕੇ ਆਇਆ ਸੀ ਤਾਂ ਸਾਲ ਤੋਂ ਵੱਧ ਦਿੱਲੀ ਦੇ ਵੱਖ-ਵੱਖ ਬਾਰਡਰਾਂ ਤੇ ਦੇਸ਼ ਵਿਆਪਕ ਕਿਸਾਨ ਅੰਦੋਲਨ ਤੇ ਆਖਰਕਾਰ ਕਾਲੇ ਕਾਨੂੰਨ ਵਾਪਸ ਲੈ ਕੇ ਕਿਸਾਨਾਂ ਤੋਂ ਮੁਆਫ਼ੀ ਮੰਗ ਕੇ ਖਹਿੜਾ ਛੁਡਾਇਆ ਸੀ।

# ਪੇਸ਼ੀ ਭੁਗਤਣ ਆਏ ਵਿਅਕਤੀ ਦੀ ਕੁੱਟਮਾਰ, ਮੋਬਾਇਲ ਤੇ ਸੋਨੇ ਦੀ ਰਿੰਗ ਖੋਹੀ, 7 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਪੇਸ਼ੀ ਭੁਗਤਣ ਆਏ ਵਿਅਕਤੀ ਨੂੰ ਜਾਨੋਂ ਮਾਰਨ ਦੀਆਂ ਨੀਯਤ ਨਾਲ ਸੱਟਾਂ ਮਾਰ ਕੇ ਜ਼ਖ਼ਮੀਂ ਕਰਨ ਤੇ ਉਸ ਕੋਲੋਂ ਮੋਬਾਇਲ ਫੋਨ ਤੇ ਸੋਨੇ ਦੀ ਰਿੰਗ ਖੋਹਣ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਬਾਏ ਨੇਮ ਵਿਅਕਤੀ ਤੇ 5-6 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਜਿੰਦਰ ਸਿੰਘ ਪੁੱਤਰ ਹਰਗੋਬਿੰਦ ਸਿੰਘ ਵਾਸੀ ਪਿੰਡ ਚੂਹੜੀਆਂ ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਨੇ ਦੱਸਿਆ ਕਿ ਉਹ 25 ਜੁਲਾਈ 2025 ਨੂੰ ਅਦਾਲਤ ਸ੍ਰੀ ਰਜਿੰਦਰ ਸਿੰਘ ਤੇਜੀ ਸਾਹਿਬ ਦੇ ਪੇਸ਼ੀ ਸੀ, ਜੋ ਉਸ ਆਪਣੇ ਦੋਸਤ ਕੁਲਦੀਪ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਗੰਡੂਕਲਾ ਥਾਣਾ ਬੋਹਾ ਜ਼ਿਲ੍ਹਾ ਮਾਨਸਾ ਨੂੰ ਨਾਲ ਲੈ ਕੇ ਕਿਰਾਏ ਤੇ ਨੌਵਾ ਗੱਡੀ ਲੈ ਕੇ ਫਿਰੋਜ਼ਪੁਰ ਵਿਖੇ ਪੇਸ਼ੀ ਭੁਗਤਣ ਲਈ ਆਏ ਸੀ। ਰਜਿੰਦਰ ਸਿੰਘ ਨੇ ਦੱਸਿਆ ਕਿ ਉਹ ਮੁਕਤਸਰ ਫਿਰੋਜ਼ਪੁਰ ਰੋਡ ਸੇਖੋਂ ਦੀ ਕੋਠੀ ਦੇ ਸਾਹਮਣੇ ਤੋਂ ਅਦਾਲਤ ਵੱਲ ਨੂੰ ਜਾਣ ਲੱਗੇ ਤਾਂ ਕਰੀਬ 9.30 ਵਜੇ ਉਥੇ ਉਸ ਦਾ ਕੁੜਮ ਉਮਕਾਰ ਸਿੰਘ ਤੇ ਉਸ ਦੇ ਨਾਲ ਕਰੀਬ 5-6 ਅਣਪਛਾਤੇ ਨੌਜਵਾਨ ਆ ਗਏ। ਰਜਿੰਦਰ ਸਿੰਘ ਨੇ ਦੱਸਿਆ ਕਿ ਉਹ ਅਣਪਛਾਤੇ ਨੌਜਵਾਨਾਂ ਨੂੰ ਸਾਹਮਣੇ ਆਉਣ 'ਤੇ ਪਛਾਣ ਸਕਦਾ ਹੈ, ਜੋ ਆਉਂਦਿਆਂ ਸਾਰ ਹੀ ਉਮਕਾਰ ਸਿੰਘ ਨੇ ਆਪਣੇ ਡੱਬ ਵਿਚੋਂ ਪਿਸਟਲ ਕੱਢ ਕੇ ਉਸ ਵੱਲ ਤਾਨ ਕੇ ਕਿਹਾ ਕਿ ਰੁਕ ਜਾ ਨਹੀਂ ਤਾਂ ਗੋਲੀ ਮਾਰ ਦੇਵਾਂਗਾ। ਉਹ ਡਰਦਾ ਮਾਰਾ, ਉਥੇ ਹੀ ਰੁਕ ਗਿਆ ਤਾਂ ਉਮਕਾਰ ਸਿੰਘ ਨੇ ਲਲਕਾਰਾ ਮਾਰ ਕੇ ਕਿਹਾ ਕਿ ਫੜ ਲਓ ਇਸ ਨੂੰ ਜਾਨੋਂ ਮਾਰ ਦੇਣਾ ਹੈ।

ਰਜਿੰਦਰ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀਆਂ ਨੇ ਉਸ ਨੂੰ ਮਾਰ ਦੇਣ ਦੀ ਨੀਯਤ ਨਾਲ ਸੱਟਾਂ ਮਾਰੀਆਂ ਤੇ ਜਾਂਦੇ ਹੋਏ ਉਹ ਉਸ ਦਾ ਮੋਬਾਇਲ ਫੋਨ ਤੇ ਸੋਨੇ ਦੀ ਰਿੰਗ ਖੋਹ ਕੇ ਲੈ ਗਏ। ਰਜਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਪਾਇਲ ਹਲਕੇ 'ਚ ਗੁੰਡਾਗਰਦੀ ਤੇ ਗੈਂਗਸਟਰਾਂ ਦਾ ਬੋਲਬਾਲਾ : ਗਿੱਲ ਬੇਰ ਕਲਾਂ



**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਕਾਂਗਰਸ ਮਲੋਦ ਦੇ ਪ੍ਰਧਾਨ ਤੇ ਕਾਂਗਰਸ ਪਾਰਟੀ ਦੇ ਨਿਧੜਕ ਆਗੂ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਪੂਰੇ ਪੰਜਾਬ ਵਿੱਚ ਐਸੀ ਬਦਲਾਅ ਦੀ ਲਹਿਰ ਚੱਲੀ ਕਿ ਬਦਲਾ ਵਿੱਚ ਬਹਿ ਕੇ ਪੰਜਾਬ ਦੀ ਭੋਲੀ ਜਨਤਾ ਨੇ ਆਮ ਆਦਮੀ ਪਾਰਟੀ ਦੀ ਪੂਰੇ ਬਹੁਮੱਤ ਨਾਲ ਸਰਕਾਰ ਬਣਾ ਦਿੱਤੀ। ਅੱਜ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਕੋਈ ਵੀ ਵਰਗ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਰਿਹਾ। ਦਿਨ ਦਿਹਾੜੇ ਨਸ਼ੇੜੀ ਕਿਸਮ ਦੇ ਲੋਕ ਸਰੇਆਮ ਕਿਰਪਾਨਾਂ ਨਾਲ ਲੈਸ ਹੋ ਕੇ ਘਰ ਵਿੱਚ ਦਾਖਲ ਹੋ ਕੇ ਹਮਲਾ ਕਰਦੇ ਹਨ। ਉਨ੍ਹਾਂ ਕਿਹਾ ਕਿ ਹਲਕਾ ਪਾਇਲ ਅੰਦਰ ਨਸ਼ਿਆਂ ਦਾ, ਗੈਂਗਸਟਰਾਂ ਤੇ ਨਸ਼ੇੜੀਆਂ ਦਾ ਬੋਲਬਾਲਾ ਹੈ।

# ਦਕਸ਼ ਪਰਜਾਪਤੀ ਮਹਾਰਾਜ ਦੀ ਜਯੰਤੀ ਧੂਮਧਾਮ ਨਾਲ ਮਨਾਈ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਮਲੋਟ ਵਿਧਾਨ ਸਭਾ ਹਲਕੇ ਵਿੱਚ ਸਮੂਹ ਪਰਜਾਪਤ ਬਿਰਾਦਰੀ ਵੱਲੋਂ ਦਕਸ਼ ਪਰਜਾਪਤੀ ਮਹਾਰਾਜ ਦੀ ਜਯੰਤੀ ਬੜੀ ਧੂਮ ਧਾਮ ਨਾਲ ਸਥਾਨਕ ਐਡਵਰਡਗੰਜ ਗੈਸਟ ਹਾਊਸ ਵਿੱਚ ਮਨਾਈ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸਥਾਨਕ ਨਗਰ ਕੌਂਸਲ ਦੇ ਈ ਓ ਮੰਗਤ ਰਾਮ ਪਰਜਾਪਤ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਮੈਡਮ ਬਲਜੀਤ ਕੌਰ ਸਿਆਸੀ ਰੁਝੇਵੇਂ ਹੋਣ ਕਾਰਨ ਉਨ੍ਹਾਂ ਨੇ ਆਪਣਾ ਪਰਜਾਪਤ ਸਮਾਜ ਨੂੰ ਸੁਨੇਹਾ ਦੇਣ ਲਈ ਮਲੋਟ ਸ਼ਹਿਰ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਦੇਵ ਕੁਮਾਰ ਲਾਲੀ ਗਗਨੇਜਾ ਨੂੰ ਵਿਸ਼ੇਸ਼ ਤੌਰ 'ਤੇ ਭੇਜਿਆ ਤੇ ਉਨ੍ਹਾਂ ਨਾਲ ਉਨ੍ਹਾਂ ਦੇ ਸਹਿਯੋਗੀ ਤੇ ਸ਼ਹਿਰ ਦੇ ਸਾਬਕਾ ਨਗਰ ਕੌਂਸਲ ਦੇ ਪ੍ਰਧਾਨ ਸਤਿਗੁਰ ਦੇ ਪੱਪੀ, ਉਨ੍ਹਾਂ ਦੇ ਬੇਟੇ ਤੇ ਅਗਰਵਾਲ ਸਭਾ ਜ਼ਿਲ੍ਹਾ ਯੂਥ ਦੇ ਪ੍ਰਧਾਨ ਜੋਨੀ ਗਰਗ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਭ ਤੋਂ ਪਹਿਲਾਂ ਨੌਜਵਾਨ ਵੱਲ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਮਦਨ ਲਾਲ ਬਹਾਦਰਪੁਰੀਆ ਨੇ ਆਪਣੀ ਟੀਮ ਤੇ ਸਮਾਜ ਅਤੇ ਆਏ ਹੋਏ ਮੁੱਖ ਮਹਿਮਾਨਾਂ ਦੇ ਨਾਲ ਦਕਸ਼ ਪ੍ਰਜਾਪਤੀ ਮਹਾਰਾਜ ਦੇ ਚਰਨਾਂ ਵਿੱਚ ਆਰਤੀ ਕੀਤੀ। ਉਪਰੰਤ ਆਏ ਹੋਏ ਮਹਿਮਾਨਾਂ ਜਿਵੇਂ ਸਤਿਗੁਰ ਦੇ ਪੱਪੀ ਬਲਦੇਵ ਕੁਮਾਰ ਲਾਲੀ ਗੁਗਨੇਜਾ, ਈ ਓ ਮੰਗਤ ਰਾਮ ਤੇ ਫਾਜ਼ਿਲਕਾ ਸ਼ਹਿਰ ਤੋਂ ਪ੍ਰਧਾਨ ਰੋਸ਼ਨ ਕੁਮਾਰ ਅਤੇ ਜਸਵੰਤ ਕੁਮਾਰ ਨੇ ਦਕਸ਼ ਪ੍ਰਜਾਪਤੀ ਮਹਾਰਾਜ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਸਟੇਜ ਦੀ ਭੂਮਿਕਾ ਨਿਭਾਅ ਰਹੇ ਅਖਲ ਭਾਰਤੀ ਪਰਜਾਪਤੀ ਕੁੰਭਕਾਰ ਮਹਾਂਸੰਘ ਦੇ ਰਾਜਨੀਤਕ ਵਿੰਗ ਦੇ ਪੰਜਾਬ ਪ੍ਰਧਾਨ ਨੇ ਦਕਸ਼ ਪਰਜਾਪਤੀ ਮਹਾਰਾਜ ਦੇ ਇਤਿਹਾਸ ਬਾਰੇ ਜਾਣੂ ਕਰਾਉਣ ਦਾ ਸੰਕਲਪ ਲਿਆ। ਇਸ ਮੌਕੇ ਮਾਸਟਰ ਵਿਜੇ ਕੁਮਾਰ, ਸੁਨੀਲ ਕੁਮਾਰ, ਵਿੱਕੀ ਕੁਮਾਰ, ਪ੍ਰਵੀਨ ਕੁਮਾਰ, ਬਿੰਦਰ ਰਾਮ ਮਾਲਾ, ਰਾਮ ਲਾਲ ਕਾਲੂ, ਰਾਜੂ ਰਾਮ ਬਿੱਟੂ, ਓਮ ਪ੍ਰਕਾਸ਼ ਭੱਠੇ ਵਾਲੇ, ਤਾਰਾ ਚੰਦ ਮਨੀਮ, ਮਾੜੂ ਰਾਮ ਚੱਕੀ ਵਾਲੇ, ਨੇਕੀ ਰਾਮ ਆਦਿ ਹਾਜ਼ਰ ਸਨ।

# ਆਕਸਫੋਰਡ ਵਿਦਿਆਰਥਣਾਂ ਨੇ ਮਨਾਇਆ ਤੀਜ ਦਾ ਤਿਉਹਾਰ




**ਬਠਿੰਡਾ (ਰਾਜੀਵ ਗੋਇਲ)**-ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਵਿਖੇ ਤੀਆਂ ਤੀਜ ਦੀਆਂ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਪ੍ਰੀ-ਨਰਸਰੀ ਤੋਂ ਬਾਰਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍ਰੀਮਤੀ ਸੁਨੀਤਾ ਜੀ ਦੇ ਸ਼ਿਰਕਤ ਕਰਨ ਪਿਛੋਂ ਪ੍ਰੋਗਰਾਮ ਦੀ ਸ਼ੁਰੂਆਤ ਤੀਆਂ ਦੇ ਤਿਉਹਾਰ ਦੀ ਮਹਤੱਤਾ ਉੱਤੇ ਚਾਨਣ ਪਾ ਕੇ ਕੀਤੀ ਗਈ। ਇਸ ਤੋਂ ਬਾਅਦ ਵਿਦਿਆਰਥਣਾਂ ਦੇ ਵੱਖ-ਵੱਖ ਤਿੰਨ ਸਮੂਹਾਂ ਵੱਲੋਂ ਡਾਂਸ ਪੇਸ਼ ਕੀਤਾ ਗਿਆ, ਉਸ ਤੋਂ ਬਾਅਦ ਸੱਭਿਆਚਾਰ ਨੂੰ ਦਰਸਾਉਂਦੇ ਟੱਪੇ ਗਾ ਕੇ ਵਿਦਿਆਰਥਣਾਂ ਰੂਪੀ ਸਰੋਤਿਆਂ ਦਾ ਮਨੋਰੰਜਨ ਕੀਤਾ। ਪੰਜਾਬਣਾਂ ਦੀ ਰਿਵਾਇਤੀ ਪੁਸ਼ਾਕ ਵਿੱਚ ਸਜੀਆਂ ਨੰਨ੍ਹੀਆਂ ਵਿਦਿਆਰਥਣਾਂ ਸਭ ਦਾ ਧਿਆਨ ਆਪਣੇ ਵੱਲ ਖਿੱਚ ਰਹੀਆਂ ਸਨ। ਤੀਆਂ ਤੀਜ ਦੀਆਂ ਦਾ ਇਹ ਸੱਭਿਆਚਾਰਕ ਪ੍ਰੋਗਰਾਮ ਉਦੋਂ ਸਿਖ਼ਰ 'ਤੇ ਪਹੁੰਚ ਗਿਆ, ਜਦੋਂ ਛੇਵੀਂ ਤੋਂ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬ ਦਾ ਲੋਕ ਨਾਚ 'ਗਿੱਧਾ' ਪੇਸ਼ ਕੀਤਾ ਗਿਆ, ਜੋ ਕਿ ਹਰ ਇੱਕ ਦੇ ਦਿਲ ਨੂੰ ਟੁੰਬਦਾ ਸੀ ਅਤੇ ਇਸ ਦੀ ਧਮਕ ਨੇ ਹਰ ਇੱਕ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਸ੍ਰੀਮਤੀ ਸੁਨੀਤਾ ਨੇ ਮਿਸ ਤੀਜ ਦਾ ਤਾਜ਼ ਗੁਰਕੀਰਤ ਕੌਰ ਜਮਾਤ ਚੌਥੀ ਰੋਜ਼, ਮਿਸ ਪੰਜਾਬਣ ਦਾ ਤਾਜ਼ ਏਕਮਪ੍ਰੀਤ ਕੌਰ ਜਮਾਤ ਨੌਵੀਂ ਸਨਫਲਾਵਰ ਦੇ ਸਿਰ 'ਤੇ ਸਜਾਇਆ ਗਿਆ। ਹਰਸੋਵਨਪ੍ਰੀਤ ਕੌਰ ਜਮਾਤ ਬਾਰਵੀਂ ਦੀ ਵਿਦਿਆਰਥਣ ਨੂੰ ਗਿੱਧਿਆਂ ਦੀ ਰਾਣੀ ਦਾ ਐਵਾਰਡ ਦਿੱਤਾ ਗਿਆ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥਣਾਂ ਨੇ ਤੀਜ ਦੇ ਤਿਉਹਾਰ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਸੂਬੇ ਦੀ ਹਰਿਆਲੀ ਨੂੰ ਸੰਭਾਲਦੇ ਹੋਏ ਖੁਸ਼ਹਾਲੀ ਵਿੱਚ ਵਾਧਾ ਕਰੀਏ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਮੌਜੂਦ ਸਨ। ਉਨ੍ਹਾਂ ਕਿਹਾ ਕਿ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਸ ਤਰ੍ਹਾਂ ਦੇ ਉਪਰਾਲੇ ਕਰਦੇ ਰਹੀਏ ਕਿ ਸਾਡੀ ਆਉਣ ਵਾਲੀ ਪੀੜ੍ਹੀ ਪੰਜਾਬੀ ਸੱਭਿਆਚਾਰ ਤੇ ਪੰਜਾਬ ਦੇ ਅਮੀਰ ਵਿਰਸੇ ਤੋਂ ਜਾਣੂ ਹੋ ਸਕੇ। ਇਸ ਤਰ੍ਹਾਂ 'ਤੀਆਂ ਤੀਜ ਦੀਆਂ' ਦਾ ਇਹ ਪ੍ਰੋਗਰਾਮ ਅਜੋਕੀ ਪੀੜ੍ਹੀ ਨੂੰ ਪੁਰਾਣੀ ਪੀੜ੍ਹੀ ਨਾਲ ਜੋੜਦਾ ਹੋਇਆ ਅਮਿੱਟ ਯਾਦਾਂ ਛੱਡ ਗਿਆ।

# ਸ਼ੂਗਰ ਮਰੀਜ਼ਾਂ ਦੀ ਭਲਾਈ ਲਈ ਲਗਾਇਆ 15 ਦਿਨਾਂ ਕੈਂਪ ਸੰਪੰਨ

**ਬੁਢਲਾਡਾ (ਅਸ਼ੋਕ ਲਾਕੜਾ)**-ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ ਆਸੂਤੋਸ਼ ਆਯੂਰਵੈਦਿਕ ਹਸਪਤਾਲ ਦੇ ਐੱਮ ਡੀ ਆਯੂਰਵੈਦਿਕ ਡਾਕਟਰ ਸਾਹਿਲ ਅਰੋੜਾ ਦੇ ਸਹਿਯੋਗ ਨਾਲ ਸ਼ੂਗਰ ਮਰੀਜ਼ਾਂ ਦੀ ਭਲਾਈ ਲਈ ਲਗਾਏ ਪੰਦਰਾਂ ਦਿਨਾਂ ਕੈਂਪ ਦੀ ਵਿਧੀਵਤ ਸਮਾਪਤੀ ਅੱਜ ਡਾਕਟਰ ਸਾਹਿਲ ਵੱਲੋਂ ਮਰੀਜ਼ਾਂ ਨੂੰ ਸ਼ੂਗਰ ਦੀ ਰੋਕਥਾਮ ਲਈ ਹਦਾਇਤਾਂ ਦੇ ਕੇ ਕੀਤੀ ਗਈ।ਖਾਣ ਪੀਣ ਤੇ ਰਹਿਣ ਸਹਿਣ ਦੇ ਬਹੁਤ ਲਾਭਦਾਇਕ ਸੁਝਾਅ ਦਿੱਤੇ।ਮਰੀਜ਼ਾਂ ਨੂੰ ਵਿਸ਼ੇਸ਼ ਪੌਸ਼ਟਿਕ ਦਲੀਏ ਦਾ ਪ੍ਰਸ਼ਾਦ ਬਣਾ ਕੇ ਵੰਡਿਆ ਗਿਆ ਤੇ ਕਾਹੜਾ ਪਿਲਾਇਆ ਗਿਆ।ਮਰੀਜ਼ਾਂ ਵੱਲੋਂ ਇਸ ਕੈਂਪ ਦੀ ਬੜੀ ਸ਼ਲਾਘਾ ਕੀਤੀ ਗਈ।ਸੰਸਥਾ ਵੱਲੋਂ ਡਾਕਟਰ ਸਾਹਿਲ ਅਰੋੜਾ ਸਮੇਤ ਸਾਰੀ ਟੀਮ ਨੂੰ ਸਨਮਾਨਤ ਕੀਤਾ ਗਿਆ।ਰਿਟਾਇਰ ਪਟਵਾਰੀ ਬਲਵਿੰਦਰ ਸਿੰਘ ਹਾਕਮ ਵਾਲਾ ਵੱਲੋਂ ਡਾਕਟਰ ਸਾਹਿਲ ਅਰੋੜਾ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ ਗਿਆ।ਸਾਹਿਲ ਅਰੋੜਾ ਵੱਲੋਂ ਕੈਂਪ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਸੰਸਥਾ ਮੈਂਬਰਾਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਸਥਾ ਦੇ ਮੈਂਬਰ ਤੇ ਮਰੀਜ਼ ਹਾਜ਼ਰ ਸਨ।

# ਚੰਨਣਵਾਲ ਤੋਂ ਮੂੰਮ ਤੱਕ ਕੱਚੇ ਰਸਤੇ ਨੂੰ ਪੱਕਾ ਕਰਕੇ ਲਿੰਕ ਸੜਕ ਬਣੇਗੀ ਜਾਵੇਗੀ : ਵਿਧਾਇਕ ਪੰਡੋਰੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗ੍ਰਾਮ ਪੰਚਾਇਤ ਚੰਨਣਵਾਲ ਤੇ ਸੰਤ ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ ਵੱਲੋਂ ਮਹਿਲ ਕਲਾਂ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਬਾਬਾ ਟੇਕ ਸਿੰਘ ਧਨੌਲਾ ਹਾਜ਼ਰ ਸਨ।ਮੰਗ ਪੱਤਰ ਰਾਹੀਂ ਪਿੰਡ ਚੰਨਣਵਾਲ ਤੋਂ ਪਿੰਡ ਮੂੰਮ ਤੱਕ ਕੱਚੇ ਰਸਤੇ ਨੂੰ ਪੱਕਾ ਕਰਕੇ ਲਿੰਕ ਸੜਕ ਬਣਾਉਣ ਦੀ ਮੰਗ ਕੀਤੀ ਗਈ।ਇਸ ਮੌਕੇ ਸਾਬਕਾ ਸਰਪੰਚ ਗੁਰਜੰਟ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਸੜਕ ਇਲਾਕੇ ਲਈ ਆਵਾਜਾਈ ਦਾ ਮੁੱਖ ਰਾਹ ਹੈ, ਜਿਸ 'ਤੇ ਦਿਨੋਂ-ਦਿਨ ਵਧ ਰਹੀ ਆਵਾਜਾਈ ਕਾਰਨ ਆਮ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਖ਼ਾਸ ਕਰਕੇ ਬਾਰਸ਼ਾਂ ਦੇ ਦਿਨਾਂ 'ਚ ਇਸ ਕੱਚੇ ਰਸਤੇ ਦੀ ਸਥਿਤੀ ਹੋਰ ਗੰਭੀਰ ਹੋ ਕੇ ਹਾਦਸਿਆਂ ਦਾ ਕਾਰਨ ਬਣ ਜਾਂਦੀ ਹੈ।ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਇਸ ਮੰਗ ਪ੍ਰਤੀ ਪੂਰਨ ਵਿਸ਼ਵਾਸ ਦੁਆਇਆ ਕਿ ਇਸ ਸੜਕ ਦੀ ਮੰਗ ਨੂੰ ਧਿਆਨ 'ਚ ਰੱਖਦਿਆਂ, ਜਲਦੀ ਹੀ ਸੜਕ ਦੇ ਨਵ-ਨਿਰਮਾਣ ਦਾ ਕੰਮ ਸ਼ੁਰੂ ਕਰਵਾ ਕੇ ਸੀਮਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਲੋਕਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਇਸ ਮੌਕੇ ਭਾਈ ਜਸਵਿੰਦਰ ਸਿੰਘ ਬਿੰਦੀ, ਦਰਸ਼ਨ ਸਿੰਘ ਚੰਨਣਵਾਲ, ਸੁਰਜਣ ਸਿੰਘ, ਗੁਰਮੀਤ ਸਿੰਘ, ਪੰਚ ਬਲਵਿੰਦਰ ਸਿੰਘ, ਅਮਰਜੀਤ ਸਿੰਘ, ਗੁਰਮੇਲ ਕੌਰ, ਮਨਪ੍ਰੀਤ ਸਿੰਘ, ਗੁਰਜੀਤ ਸਿੰਘ ਆਦਿ ਨੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਸੜਕ ਦੇ ਨਵ-ਨਿਰਮਾਣ ਦਾ ਯਕੀਨ ਦਿਵਾਉਣ 'ਤੇ ਧੰਨਵਾਦ ਕੀਤਾ।

# ਹਰਗੋਬਿੰਦ ਪਬਲਿਕ ਸਕੂਲ ਦੇ ਬੱਚਿਆਂ ਦਾ ਧਾਰਮਿਕ ਟੂਰ



**ਬਠਿੰਡਾ (ਰਾਜੀਵ ਗੋਇਲ)**-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵੱਲੋਂ ਬੀਤੇ ਦਿਨੀਂ ਇਕ ਰੋਜ਼ਾ ਧਾਰਮਿਕ ਟੂਰ ਲਗਾਇਆ ਗਿਆ, ਜਿਸ ਨੂੰ ਸਕੂਲ ਦੇ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਤੇ ਚੇਅਰਮੈਨ ਭੂਮੀ ਪਾਲ ਕਾਂਗੜ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਟੂਰ ਦੌਰਾਨ ਵਿਦਿਆਰਥੀਆਂ ਨੇ ਬੱਧਨੀ ਕਲਾਂ ਠਾਠ, ਭਿਆਣਾ ਸਾਹਿਬ, ਲੋਪੋਂ, ਮੈਹਦੇਆਣਾ ਸਾਹਿਬ, ਨਾਨਕਸਰ ਠਾਠ ਅਤੇ ਗੁਰਦੁਆਰਾ ਤਖਤੂਪੁਰਾ ਸਾਹਿਬ ਦੇ ਦਰਸ਼ਨ ਕੀਤੇ। ਟੂਰ ਦੌਰਾਨ ਬੱਚਿਆਂ ਨੇ ਇਤਿਹਾਸਕ ਗੁਰਦੁਆਰਿਆਂ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਭਰਪੂਰ ਆਨੰਦ ਮਾਣਿਆ। ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਜਸਵੀਰ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਸਵਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

# ਸੰਤ ਲੌਂਗੋਵਾਲ ਦੀ ਬਰਸੀ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ ਬਰਸੀ ਮੌਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਕਰਵਾਈ ਜਾਣ ਵਾਲੀ ਕਾਨਫਰੰਸ ਦੀਆਂ ਤਿਆਰੀਆਂ ਨੂੰ ਲੈ ਕੇ ਪਾਰਟੀ ਦੇ ਨਵਨਿਯੁਕਤ ਵਿਧਾਨ ਸਭਾ ਹਲਕਾ ਸੁਨਾਮ ਦੇ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਤੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਦੀ ਅਗਵਾਈ ਹੇਠ ਇਥੋਂ ਦੇ ਗੁਰਦੁਆਰਾ ਚੁੱਲੇ ਬਾਬਾ ਆਲਾ ਸਿੰਘ ਵਿਖੇ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਸੰਖਿਆ ਵਿੱਚ ਨੇੜਲੇ ਪਿੰਡਾਂ ਦੇ ਪੰਚਾਂ-ਸਰਪੰਚਾਂ ਤੇ ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤਾ।ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਸਭ ਤੋਂ ਪਹਿਲਾਂ ਸੰਤ ਲੌਂਗੋਵਾਲ ਜੀ ਦੀ ਬਰਸੀ ਮੌਕੇ ਕਰਵਾਈ ਜਾਣ ਵਾਲੀ ਕਾਨਫਰੰਸ ਨਿਰਵਿਘਨ ਤੇ ਸਫਲਤਾਪੂਰਵਕ ਨੇਪਰੇ ਚੜ੍ਹਨ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਵਾਈ ਗਈ।ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਸਾਬਕਾ ਸੂਬਾ ਪ੍ਰਧਾਨ ਰਵਿੰਦਰ ਸਿੰਘ ਚੀਮਾ, ਸੀਨੀਅਰ ਅਕਾਲੀ ਆਗੂ ਅਮਰਜੀਤ ਸਿੰਘ ਬਡਰੁੱਖਾਂ, ਖੁਸ਼ਪਾਲ ਸਿੰਘ ਬੀਰਕਲਾਂ ਤੇ ਅਵਤਾਰ ਸਿੰਘ ਦੁੱਲਟ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਤੇ ਮੌਜੂਦਾ ਕੌਂਸਲਰ ਰਣਜੀਤ ਸਿੰਘ ਸਿੱਧੂ, ਸੀਨੀਅਰ ਅਕਾਲੀ ਆਗੂ ਤੇ ਕੌਂਸਲਰ ਗੁਰਮੀਤ ਸਿੰਘ ਲੱਲੀ, ਜਗਸੀਰ ਸਿੰਘ ਬਬਲਾ, ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਨਰਿੰਦਰ ਸਿੰਘ ਨੰਦੂ, ਜੇ ਈ ਗਿਆਨ ਸਿੰਘ, ਅਕਾਲੀ ਦਲ ਦੇ ਸਰਕਲ ਪ੍ਰਧਾਨ ਸਰਪੰਚ ਸੁਖਵਿੰਦਰ ਸਿੰਘ ਚਹਿਲ, ਮੱਖਣ ਸਿੰਘ ਸ਼ਾਹਪੁਰ, ਬਿੰਦਰ ਸਿੰਘ ਠੇਕੇਦਾਰ, ਮੈਨੇਜਰ ਮਨਪ੍ਰੀਤ ਸਿੰਘ ਗੁਰਦੁਆਰਾ ਚੁੱਲੇ ਬਾਬਾ ਆਲਾ ਸਿੰਘ, ਠੇਕੇਦਾਰ ਜਗਸੀਰ ਸਿੰਘ ਬਬਲਾ, ਵੈਦ ਮਾਲਵਿੰਦਰ ਸਿੰਘ ਮਾਲੀ, ਸੁਖਵਿੰਦਰ ਸਿੰਘ ਨੰਬਰਦਾਰ ਤੇ ਵੱਡੀ ਗਿਣਤੀ ਵਿੱਚ ਚੀਮਾ ਮੰਡੀ ਦੀਆਂ ਸੰਗਤਾਂ ਹਾਜ਼ਰ ਸਨ।

# ਵਾਤਾਵਰਣ ਨੂੰ ਸ਼ੁੱਧ ਤੇ ਗੰਧਲੇਪਣ ਤੋਂ ਬਚਾਉਣ ਲਈ ਪੌਦੇ ਲਾਉਣਾ ਜ਼ਰੂਰੀ : ਸਰਪੰਚ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪਿੰਡ ਚੰਨੂੰਵਾਲਾ ਵਿਖੇ ਪਿੰਡ ਦੇ ਸਰਪੰਚ ਕੁਲਜੀਤ ਸਿੰਘ ਲੱਖਾਂ ਦੀ ਅਗਵਾਈ ਹੇਠ ਵਾਤਾਵਰਣ ਨੂੰ ਬਚਾਉਣ ਲਈ ਵਿਸ਼ੇਸ਼ ਕਦਮ ਚੁੱਕਦਿਆਂ ਵਣ ਮਹਾਂਉਤਸ਼ਵ ਦੇ ਤਹਿਤ ਪਿੰਡ ਅੰਦਰ ਪੌਦੇ ਲਾਏ ਗਏ। ਇਸ ਮੌਕੇ ਬੀਟ ਇੰਚਾਰਜ ਸੁਖਵੀਰ ਸਿੰਘ ਵਣ ਗਾਰਡ, ਮੈਂਬਰ ਹਰਨੇਕ ਸਿੰਘ ਗੋਹਲਾ ਸਿੰਘ, ਕੁਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਪਿੰਡ ਦੀ ਇਕਾਈ ਦੇ ਪ੍ਰਧਾਨ ਬਲਜੀਤ ਸਿੰਘ, ਗੁਰਵੀਰ ਸਿੰਘ, ਹਰਮੇਲ ਸਿੰਘ, ਜਸਮੀਤ ਸਿੰਘ ਤੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਵਲੋਂ ਪਿੰਡ ਦੇ ਸਰਪੰਚ ਕੁਲਜੀਤ ਸਿੰਘ ਲੱਖਾ ਦਾ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।ਸਰਪੰਚ ਕੁਲਜੀਤ ਸਿੰਘ ਲੱਖਾਂ ਵਲੋਂ ਰਾਜਨੀਤਿਕ ਗਤੀਵਿਧੀਆਂ ਦੇ ਨਾਲ-ਨਾਲ ਵਾਤਾਵਰਣ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਪਹਿਲ ਕੀਤੀ ਹੈ।ਉਨ੍ਹਾਂ ਨੇ ਪੌਦੇ ਲਾਉਣ ਦੀ ਇਕ ਵਿਲੱਖਣ ਮੁਹਿੰਮ ਦੀ ਸ਼ੁਰੂਆਤ ਕੀਤੀ, ਜਿਸ ਦਾ ਮਕਸਦ ਵਾਤਾਵਰਣ ਸੁਰੱਖਿਆ ਦੇ ਨਾਲ-ਨਾਲ ਮਾਂ ਦੇ ਪਿਆਰ ਨੂੰ ਸਮਰਪਤ ਭਾਵਨਾਤਮਕ ਸੰਦੇਸ਼ ਪ੍ਰਦਾਨ ਕਰਨਾ ਹੈ।ਪੌਦੇ ਲਾਉਣ ਮੁਹਿੰਮ ਦੀ ਸ਼ੁਰੂਆਤ ਉਨ੍ਹਾਂ ਵਲੋਂ ਪਿੰਡ ਕੈਂਚੀਆਂ ਤੋਂ ਲੈ ਕੇ ਸੰਗਤਪੁਰਾ ਦੇ ਭੱਠੇ ਤੱਕ 100 ਦੇ ਕਰੀਬ ਬੂਟੇ ਲਾਏ ਗਏ।ਲੱਖਾ ਨੇ ਕਿਹਾ ਕਿ ਪਿੰਡ ਨੂੰ ਵਾਤਾਵਰਣ ਵਜੋਂ ਸੁਰੱਖਿਅਤ ਰੱਖਣ ਲਈ ਪੌਦੇ ਲਾਉਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਹਰੇਕ ਵਿਅਕਤੀ ਆਪਣੇ ਘੱਟੋ-ਘੱਟ ਇਕ ਪੌਦਾ ਜ਼ਰੂਰ ਲਾਵੇ ਤੇ ਉਸ ਦੀ ਸੰਭਾਲ ਨੂੰ ਆਪਣੀ ਜ਼ਿੰਮੇਵਾਰੀ ਸਮਝੇ। ਸਰਪੰਚ ਕੁਲਜੀਤ ਸਿੰਘ ਨੇ ਆਖਿਆ ਕਿ ਧੜਾਧੜ ਦਰੱਖਤਾਂ ਦੀ ਕਟਾਈ ਹੋ ਰਹੀ ਹੈ, ਜਦਕਿ ਪੌਦੇ ਬਹੁਤ ਘੱਟ ਲੱਗ ਰਹੇ ਹਨ ਤੇ ਵਾਤਾਵਰਣ ਨੂੰ ਗੰਦਲਾ ਹੋਣ ਤੋਂ ਬਚਾਉਣ ਲਈ ਸਾਡੀ ਹਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੌਦੇ ਲਾਏ ਜਾਣ।

# ਤਲਵੰਡੀ ਸਾਬੋ ਜ਼ੋਨ ਦੀਆਂ ਗਰਮ ਰੁੱਤ ਖੇਡਾਂ ਸ਼ਾਨੋ-ਸ਼ੌਕਤ ਨਾਲ ਸ਼ੁਰੂ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਮਮਤਾ ਖੁਰਾਣਾ ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਸਵੀਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਤੇ ਜ਼ੋਨਲ ਪ੍ਰਧਾਨ ਅਵਤਾਰ ਸਿੰਘ ਮੁੱਖ ਅਧਿਆਪਕ ਦੀ ਅਗਵਾਈ ਵਿੱਚ ਤਲਵੰਡੀ ਸਾਬੋ ਜ਼ੋਨ ਦੀਆਂ 69ਵੀਆਂ ਗਰਮ ਰੁੱਤ ਖੇਡਾਂ ਦਾ ਅਗਾਜ਼ ਸ਼ਾਨੋ ਸ਼ੌਕਤ ਨਾਲ ਹੋਇਆ। ਇਨ੍ਹਾਂ ਖੇਡਾਂ ਦਾ ਉਦਘਾਟਨ ਗੁਰਪਾਲ ਸਿੰਘ ਜੰਗਲਾਤ ਅਧਿਕਾਰੀ ਤੇ ਪ੍ਰਿੰਸੀਪਲ ਜਸਵੀਰ ਕੌਰ ਬਲਾਕ ਨੋਡਲ ਅਫਸਰ ਮੌੜ ਮੰਡੀ ਨੇ ਕੀਤਾ।

ਅੱਜ ਹੋਏ ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਜ਼ੋਨਲ ਜਨਰਲ ਸਕੱਤਰ ਗੁਰਜੰਟ ਸਿੰਘ ਨੇ ਦੱਸਿਆ ਕਿ ਵਾਲੀਬਾਲ ਅੰਡਰ-14 ਕੁੜੀਆਂ ਸਰਕਾਰੀ ਹਾਈ ਸਕੂਲ ਤਿਉਣਾ ਪੁਜਾਰੀਆਂ, ਸਰਕਾਰੀ ਹਾਈ ਸਕੂਲ ਗਾਟਵਾਲੀ ਨੇ ਦੂਜਾ, ਅੰਡਰ-14 ਕੁੜੀਆਂ ਸਰਕਲ ਕਬੱਡੀ ਵਿੱਚ ਸਕੂਲ ਆਫ ਐਮੀਨੈਂਸ ਬੰਗੀ ਕਲਾਂ ਨੇ ਪਹਿਲਾ, ਸਰਕਾਰੀ ਹਾਈ ਸਕੂਲ ਬੰਗੀ ਰੱਘੂ ਨੇ ਦੂਜਾ, ਅੰਡਰ-14 ਕੁੜੀਆਂ ਨੈਸ਼ਨਲ ਸਟਾਈਲ ਵਿੱਚ ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਖਪੁਰਾ ਨੇ ਦੂਜਾ, ਰੱਸਾਕਸੀ ਅੰਡਰ-19 ਲੜਕੀਆਂ 'ਚ ਮਾਸਟਰ ਮਾਈਂਡ ਸਕੂਲ ਬੰਗੀ ਰੱਘੂ ਨੇ ਪਹਿਲਾ, ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਨੇ ਦੂਜਾ, ਖੋ ਖੋ ਅੰਡਰ-19 ਕੁੜੀਆਂ 'ਚ ਸਰਕਾਰੀ ਹਾਈ ਸਕੂਲ ਮਲਕਾਣਾ ਨੇ ਪਹਿਲਾ, ਸ਼ਹੀਦ ਭਗਤ ਸਿੰਘ ਮੈਮੋਰੀਅਲ ਸਕੂਲ ਮਲਕਾਣਾ ਨੇ ਦੂਜਾ, ਯੋਗ ਆਸਨ ਅੰਡਰ-19 ਕੁੜੀਆਂ 'ਚ ਮਾਡਲ ਸਕੂਲ ਨਥੇਹਾ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਰੇਆਣਾ ਨੇ ਦੂਜਾ, ਮੁੰਡੇ ਅੰਡਰ-14 'ਚ ਸਰਕਾਰੀ ਹਾਈ ਸਕੂਲ ਤਰਖਾਣ ਵਾਲਾ ਨੇ ਪਹਿਲਾ, ਸਰਕਾਰੀ ਸਕੂਲ ਰਾਮਸਰਾ ਨੇ ਦੂਜਾ, ਅੰਡਰ-14 ਕੁੜੀਆਂ 'ਚ ਸਰਕਾਰੀ ਹਾਈ ਸਕੂਲ ਲਾਲੇਆਣਾ ਨੇ ਪਹਿਲਾ, ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਨੇ ਦੂਜਾ, ਅੰਡਰ-17 ਕੁੜੀਆਂ 'ਚ ਸਰਕਾਰੀ ਸਕੂਲ ਮਾਹੀਨੰਗਲ ਨੇ ਪਹਿਲਾ, ਸ਼ਹੀਦ ਭਗਤ ਸਿੰਘ ਮਲਕਾਣਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸ਼ਹੀਦ ਊਧਮ ਸਿੰਘ ਕੰਬੋਜ਼ ਦੇ 85ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਟਿਆਲਾ/ ਸਨੌਰ/ ਦੇਵੀਗੜ੍ਹ ਵਿਸ਼ੇਸ਼ ਸਪਲੀਮੈਂਟ



## 'ਰਾਮ ਮੁਹੰਮਦ ਸਿੰਘ ਅਜ਼ਾਦ ਮੈਂ, ਨਾ ਊਧਮ ਸਿੰਘ ਕੋਈ ਗੈਰ'

## 'ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ ਵਤਨ ਪਰ ਮਿਟਨੇ ਵਾਲੋਂ ਕੀ ਯਹੀ ਬਾਕੀ ਨਿਸ਼ਾਂ ਹੋਗਾ'

ਦੇਸ਼ ਦੀ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਆਪਣੀਆਂ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸੂਰਬੀਰ ਯੋਧਿਆਂ ਦੀ ਕਤਾਰ ਵਿੱਚ ਕੰਬੋਜ਼ ਭਾਈਚਾਰੇ ਦੇ ਸਿਰਮੌਰ ਸੂਰਬੀਰ ਯੋਧੇ ਸ਼ਹੀਦ ਊਧਮ ਸਿੰਘ ਕੰਬੋਜ਼ ਸੁਨਾਮ ਦਾ ਨਾਂ ਪਹਿਲੀ ਕਤਾਰ ਵਿਚ ਆਉਂਦਾ ਹੈ, ਜਿਸ ਨੇ 13 ਅਪ੍ਰੈਲ ਨੂੰ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਵਿਚ ਅੰਗਰੇਜ਼ ਹਕੂਮਤ ਵੱਲੋਂ ਹਜ਼ਾਰਾਂ ਨਿਹੱਥੇ ਗਰੀਬ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਦਾ ਬਦਲਾ 21 ਸਾਲਾਂ ਬਾਅਦ 13 ਮਾਰਚ 1940 ਨੂੰ ਗੋਲੀ ਕਾਂਡ ਦਾ ਹੁਕਮ ਦੇਣ ਵਾਲੇ ਗਵਰਨਰ ਸਰ ਮਾਈਕਲ ਉਡਵਾਇਰ ਨੂੰ ਲੰਡਨ ਵਿਚ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਕੇ ਆਪਣਾ ਬਦਲਾ ਲਿਆ। 26 ਦਸੰਬਰ 1999 ਨੂੰ ਪਿਤਾ ਟਹਿਲ ਸਿੰਘ ਅਤੇ ਮਾਤਾ ਹਰਨਾਮ ਕੌਰ ਦੀ ਕੁੱਖੋਂ ਜਨਮੇਂ ਇਸ ਸੂਰਬੀਰ ਦੇ ਉਤੋਂ 3 ਸਾਲ ਦੀ ਉਮਰ ਵਿਚ ਸਾਲ 1901 ਵਿਚ ਮਾਂ ਦਾ ਸਾਇਆ ਉੱਠ ਗਿਆ। ਪਿਤਾ ਦੀ ਮੌਤ ਮਗਰੋਂ ਆਪਣੇ ਭਰਾ ਸਾਧੂ ਸਿੰਘ (10 ਸਾਲ) ਅਤੇ ਆਪ ਨੂੰ (8 ਸਾਲ) ਸੈਂਟਰਲ ਯਤੀਮਖਾਨੇ ਪੁਤਲੀ ਘਰ ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ ਗਿਆ ਜਿੱਥੇ 1913 ਵਿਚ ਵੱਡੇ ਭਰਾ ਸਾਧੂਸਿੰਘ ਦੀ ਹੋਈ ਅਚਾਨਕ ਮੌਤ ਮਗਰੋਂ ਆਪ ਇਕੱਲੇ ਰਹਿ ਗਏ। ਕੇਂਦਰੀ ਖ਼ਾਲਸਾ ਯਤੀਮ ਘਰ ਵਿਖੇ 1917 'ਚ ਦਸਵੀਂ ਜਮਾਤ ਪਾਸ ਕਰਨ ਮਗਰੋਂ ਊਧਮ ਸਿੰਘ ਨੇ ਭਾਰਤ ਦੀ ਅਜ਼ਾਦੀ ਸਮਾਗਮਾਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਜਲ੍ਹਿਆਂ ਵਾਲੇ ਬਾਗ 'ਚ ਨਿਹੱਥੇ ਲੋਕਾਂ ਨੂੰ ਗੋਲੀਆਂ ਨਾਲ ਭੁੰਨੇ ਜਾਣ ਦੇ ਦ੍ਰਿਸ਼ ਨੂੰ ਅੱਖੀਂ ਦੇਖਣ ਉਪਰੰਤ ਜ਼ਾਲਮਾਂ ਤੋਂ ਬਦਲਾ ਲੈਣ ਲਈ ਆਪ ਨੇ ਸਰਗਰਮ ਕ੍ਰਾਂਤੀਕਾਰੀ ਮੈਂਬਰ ਵਜੋਂ ਇਨਕਲਾਬੀ ਲੋਕਾਂ ਨੂੰ ਲਾਮਬੰਦ ਕਰਨ ਲਈ ਅਮਰੀਕਾ, ਕੈਨੇਡਾ, ਜਰਮਨੀ, ਸਵੀਡਨ, ਨਾਰਵੇ, ਫਰਾਂਸ, ਇੰਗਲੈਂਡ, ਇਟਲੀ ਦੀਆਂ ਯਾਤਰਾਵਾਂ ਕੀਤੀਆਂ। 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਜਿੱਥੇ ਬਰਤਾਨਵੀ ਅਧਿਕਾਰੀਆਂ ਦੀ ਮੀਟਿੰਗ ਹੋ ਰਹੀ ਸੀ। ਮੀਟਿੰਗ ਖਤਮ ਹੋਣ 'ਤੇ ਕਿਤਾਬ ਵਿਚ ਛਿਪਾ ਕੇ ਲਿਜਾਏ ਗਏ ਪਿਸਤੌਲ ਨਾਲ ਪੰਜਾਬ ਦੇ ਗਵਰਨਰ ਮਾਈਕਲ ਉਡਵਾਈਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸ਼ਹੀਦ ਊਧਮ ਸਿੰਘ ਕੰਬੋਜ਼ ਨੂੰ ਬਰਤਾਨਵੀਂ ਅਦਾਲਤ ਵਲੋਂ 31 ਜੁਲਾਈ 1940 ਨੂੰ ਲੰਡਨ ਦੀ ਪੇਨਟੈਨ ਵਿਲੇ ਜੇਲ ਵਿਚ ਫਾਂਸੀ ਦੇ ਦਿੱਤੀ ਗਈ। ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਅਮਰ ਹੋਏ, ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦੇਸ਼ ਵਾਸੀਆਂ ਨੂੰ ਜਿੱਥੇ ਸਦਾ ਹੀ ਜਬਰ-ਜੁਲਮ ਵਿਰੁੱਧ ਲੜਨ ਲਈ ਪ੍ਰੇਰਿਤ ਕਰਦੀ ਰਹੇਗੀ, ਉੱਥੇ ਕੰਬੋਜ਼ ਬਰਾਦਰੀ ਦਾ ਰਹਿੰਦੀ ਦੁਨੀਆਂ 'ਚ ਨਾਂ ਉੱਚਾ ਰਹੇਗਾ ਅਤੇ ਕੰਬੋਜ਼ ਬਰਾਦਰੀ ਨੂੰ ਸ਼ਹੀਦ ਦੀ ਸ਼ਹਾਦਤ 'ਤੇ ਹਮੇਸ਼ਾ ਨਾਜ਼ ਰਹੇਗਾ। ਸ਼ਹੀਦ ਊਧਮ ਸਿੰਘ ਜੀ ਦੇ 31 ਜੁਲਾਈ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਹਾੜੇ ਮੌਕੇ ਅਸੀਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।

ਰਾਜਿੰਦਰ ਸਿੰਘ ਥਿੰਦ
ਜਨਰਲਿਸਟ

## ਮੇਰੀ ਫੁਲਵਾੜੀ



ਵਿਰਾਜ ਸਿੰਘ ਥਿੰਦ ਹਸਨਪੁਰ ਕੰਬੋਆਂ | ਅਵੀਰਾਜ ਸਿੰਘ ਥਿੰਦ ਕੈਨੇਡਾ | ਅੰਗਦ ਸਿੰਘ ਮੂਤੀ ਯੂ.ਐਸ.ਏ. | ਅਨੰਤਵੀਰ ਸਿੰਘ ਨੰਤੀ ਅਤੇ ਅਵੀਰ ਸਿੰਘ ਮੂਤੀ ਯੂ.ਐਸ.ਏ | ਅਰਨਾਜ ਕੌੜਾ ਬਹਾਦਰਗੜ੍ਹ ਛੰਨਾਂ


ਪਰਫੈਕਟ ਜਨਰੇਟਰ ਅਤੇ ਈ-ਬਾਈਕ
ਸਾਹਮਣੇ ਅਨਾਜ ਮੰਡੀ, ਪਿਹੋਵਾ ਰੋਡ, ਦੇਵੀਗੜ੍ਹ
ਇੰਜਣ ਪਾਰਟ ਅਤੇ ਜਨਰੇਟਰ ਪਾਰਟਸ, ਨਵਾਂ ਜਨਰੇਟਰ ਸੈੱਟ, ਵਾਟਰ ਪੰਪ ਸੈੱਟ ਈ-ਬਾਈਕ, ਨਵੀਆਂ ਅਤੇ ਪਰਾਣੀਆਂ ਬੈਟਰੀ ਵਾਲੀ ਸਕੂਟਰੀਆਂ ਮਿਲਦੀਆਂ ਹਨ।

ਸੁਰਜੀਤ ਬਿੰਦ ਹਰਮਨਦੀਪ ਸਿੰਘ ਹਰਵਿੰਦਰ ਸਿੰਘ

ਸ਼ਹੀਦ-ਏ-ਆਜ਼ਮ
ਸ. ਊਧਮ ਸਿੰਘ ਕੰਬੋਜ਼
ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।
ਇੰਜ: ਹਰਮਨਪ੍ਰੀਤ ਸਿੰਘ ਡਾਇਰੈਕਟਰ
ਡਾ. ਰੁਪਿੰਦਰ ਕੌਰ ਪ੍ਰਿੰਸੀਪਲ
Lay a solid foundation for your children's future
FOR KIDS ABOVE 2.5 Years
Education with a Difference
KJ SCHOOL
Affiliated to CBSE Vide No. 1631052
A PLACE TO LEARN, GROW, SHARE & SUCCEED
Fun Park Art Adventure Book Corner Circle Time Math Manipulative Pretend Play
Urban Estate Phase 3, Gate Number 1, Opposite Grid, Patiala-147002
Mobile-9023241444, 9357198218, 9357198219

ਸ਼ਹੀਦ-ਏ-ਆਜ਼ਮ
ਸ. ਊਧਮ ਸਿੰਘ ਕੰਬੋਜ਼ ਜੀ ਨੂੰ ਮਿਤੀ 31 ਜੁਲਾਈ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।
ਅਮਰਦੀਪ ਸਿੰਘ ਸੰਘੇੜਾ ਜ਼ਿਲਾ ਪ੍ਰਧਾਨ ਆਪ (ਯੂਥ ਵਿੰਗ), ਵੇਦ ਪ੍ਰਕਾਸ਼ ਪ੍ਰਧਾਨ ਆੜ੍ਹਤੀ ਐਸੋ: ਦੇਵੀਗੜ੍ਹ, ਹਰਦੇਵ ਸਿੰਘ ਘੜਾਮ, ਸਾਹਿਬ ਸਿੰਘ ਸੰਧੂ ਪ੍ਰਧਾਨ ਟਰੱਕ ਆਪ੍ਰੇਟਰ ਯੂਨੀਅਨ ਦੇਵੀਗੜ੍ਹ

ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।
ਗੁਰਮੀਤ ਬਾਵਾ, ਪੰਜਾਬੀ ਗਾਇਕ
ਚੌਧਰੀ ਨਿਰਮਲ ਸਿੰਘ ਭੱਟੀਆਂ
ਸਾਬਕਾ ਚੇਅਰਮੈਨ, ਬੈਂਕਫਿੰਕੋ ਅਤੇ ਸੂਬਾ ਮੀਤ ਪ੍ਰਧਾਨ ਕਾਂਗਰਸ

NN NATIONAL NURSERIES
Since-1960
Rajbaha Road, Patiala
ਹਰ ਪ੍ਰਕਾਰ ਦੇ ਫਲਦਾਰ ਅਤੇ ਸਜਾਵਟੀ ਮੌਸਮੀ ਤੇ ਪਰਮਾਨੈਂਟ ਬੂਟੇ ਉਪਲੱਬਧ ਹਨ
Plantsman's Farm Fresh Pvt. Ltd.
Ph.: 0175-5010531, 5010542

ਸ਼ਹੀਦ-ਏ-ਆਜ਼ਮ
ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।
ਮਹਾਰਾਣੀ ਪ੍ਰਨੀਤ ਕੌਰ ਸਾਬਕਾ ਕੇਂਦਰੀ ਮੰਤਰੀ
ਬੀਬਾ ਜੈਇੰਦਰ ਕੌਰ ਸੂਬਾ ਪ੍ਰਧਾਨ, ਮਹਿਲਾ ਵਿੰਗ
ਹਰਮੇਸ਼ ਗੋਇਲ ਜਿਲਾ ਪ੍ਰਧਾਨ, BJP
ਹਰਦੇਵ ਸਿੰਘ ਬੱਲੀ ਸੀਨੀਅਰ ਆਗੂ, BJP
ਹਰਦੇਵ ਸਿੰਘ ਬੱਲੀ ਸੀਨੀਅਰ ਆਗੂ, BJP

ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।
ਸ਼ਹੀਦ ਊਧਮ ਸਿੰਘ ਕੰਬੋਜ਼
ਬਲਜਿੰਦਰ ਸਿੰਘ ਢਿੱਲੋਂ
ਹਲਕਾ ਇੰਚਾਰਜ ਲੋਕ ਸਭਾ ਪਟਿਆਲਾ


ROYAL ENFIELD
STAY TRUE
ROYAL ENFIELD
STAY CLASSIC
SUKHDEV AUTOMOBILES
Nishant Bagh, Near Bahadurgarh, Rajpura Road, Patiala
Mob. 98761-03017, 84378-32129, 95927-81778

ALL INDIA SAINI SEWA SAMAJ (REGD.)
PUNJAB STATE
Affiliation with all India Saini Sewa Samaj Regd.
Punjab State Office: 88/1, Jhujar Nagar, Patiala, PB. 147001
E-mail. aissspunjab@gmail.com, All India Saini Sewa Samaj Punjab
ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਦੇ 85ਵੇਂ ਸ਼ਹੀਦੀ ਦਿਵਸ 'ਤੇ ਕੋਟਿ-ਕੋਟਿ ਪ੍ਰਣਾਮ
LOVLEEN SINGH SAINI
State President, 98140-76739

M : 97818-13009, 99142-13009
THE SECOND STORE
A HOUSE OF FACTORY SECOND ELECTRONIC GOODS
Whirlpool VOLTAS SAMSUNG LG HITACHI Godrej
ONLINE ਤੋਂ ਵੀ ਸਸਤਾ Upto 50% DISCOUNT
Near Tej Bagh Colony, Sanour Road, Patiala

SATKAR PROPERTY
GMADA & RERA APPROVED
S.C.F, 1-2, Om Enclave, Chhajju Majra Road, Near Nijjar Transport, Mundi Kharar, Distt. Mohali
M.: 98155-34313, 96464-61713
email: satkarproperties13@gmail.com
Deals in: Sale & Purchase of all type of property Plots, Shops, Kothies, Flats, Agriculture Land etc.
ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।
Dilbag Singh

ਸ਼ਹੀਦ-ਏ-ਆਜ਼ਮ
ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।
ਹਰਮੀਤ ਪਠਾਣਮਾਜਰਾ ਐਮ.ਐਲ.ਏ., ਹਲਕਾ ਸਨੌਰ
AAP AAM AADMI PARTY
ਸਤਪਾਲ ਪੂਨੀਆਂ ਪੰਜੋਲਾ ਸੀਨੀਅਰ ਆਗੂ ਆਮ ਆਦਮੀ ਪਾਰਟੀ
ਬਲਜੀਤ ਸਿੰਘ ਓ.ਐੱਸ.ਡੀ., ਸ. ਹਰਮੀਤ ਪਠਾਣਮਾਜਰਾ

SERAPHIC
THE ROYAL SALON & ACADEMY
HAIR | SKIN | AESTHETICS | MAKEUP | NAILS | SPA
SCO 6, SALARIA VIHAR MARKET, RADIO STATION ROAD, URBAN ESTATE MARKET, PATIALA-147002
CONTACT US: 93228 00089, 93229-00089
SERAPHICSALONPATIALA
upto 50% Off ON ALL SERVICES

ਨਵਾਂ ਜ਼ਮਾਨਾ
ਮੰਗਲਵਾਰ, 29 ਜੁਲਾਈ 2025

# ਮੁਜਰਮਾਨਾ ਕੁਤਾਹੀ

ਪਿਛਲੇ ਦਿਨੀਂ ਰਾਜਸਥਾਨ ਦੇ ਜ਼ਿਲ੍ਹਾ ਝਾਲਾਵਾੜ ਦੇ ਪਿੰਡ ਪਿਪਲੋਦੀ ਦੇ ਮਿਡਲ ਸਕੂਲ ਦੇ ਕਮਰੇ ਦੀ ਛੱਤ ਡਿੱਗਣ ਨਾਲ 7 ਬੱਚਿਆਂ ਦਾ ਮਰਨਾ ਤੇ 29 ਬੱਚਿਆਂ ਦਾ ਜ਼ਖਮੀ ਹੋਣਾ ਮਹਿਜ਼ ਇੱਕ ਦੁਰਘਟਨਾ ਨਹੀਂ, ਸਗੋਂ ਜਾਣਬੁੱਝ ਕੇ ਸੂਬਾ ਸਰਕਾਰ ਵੱਲੋਂ ਹੋਣ ਦਿੱਤੀ ਗਈ ਮੁਜਰਮਾਨਾ ਘਟਨਾ ਹੈ। ਰਾਜਸਥਾਨ ਸਰਕਾਰ ਹੀ ਨਹੀਂ, ਹੋਰਨਾਂ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਸਰਕਾਰੀ ਸਕੂਲਾਂ ਨੂੰ ਦੁਰਘਟਨਾਵਾਂ ਲਈ ਛੱਡਿਆ ਹੋਇਆ ਹੈ। ਇਹ ਸਿਰਫ ਛੱਤ ਹੀ ਨਹੀਂ ਡਿੱਗੀ ਅਤੇ ਬੱਚੇ ਮਰੇ ਤੇ ਜ਼ਖਮੀ ਹੀ ਨਹੀਂ ਹੋਏ, ਸਗੋਂ ਇਹ ਦੇਸ਼ ਦੇ ਭਵਿੱਖ ਨਿਰਮਾਣ ਦੀ ਪੂਰੀ ਇਮਾਰਤ ਹੀ ਤਬਾਹ ਹੋਈ ਹੈ। ਸਾਖਰ ਜਨਮਾਨਸ ਤਿਆਰ ਕਰਨ ਦੀ ਸੋਚ ਦੀ ਮੌਤ ਹੋਈ ਹੈ।

ਬਹੁਤ ਮੁਸ਼ਕਲ ਨਾਲ ਆਜ਼ਾਦੀ ਦੇ ਬਾਅਦ ਜਿਹੜੀ ਇੱਕ ਚੀਜ਼ ਵੱਡੀ ਆਬਾਦੀ ਨੂੰ ਆਸਾਨੀ ਨਾਲ ਮਿਲੀ ਸੀ, ਉਹ ਸਰਕਾਰ ਵੱਲੋਂ ਚਲਾਏ ਜਾਂਦੇ ਸਕੂਲਾਂ ਵਿੱਚ ਘੱਟ ਕੀਮਤ 'ਤੇ ਜਾਂ ਮੁਫਤ ਸਿੱਖਿਆ ਹਾਸਲ ਕਰਨ ਦਾ ਅਧਿਕਾਰ ਸੀ, ਪਰ ਹੁਣ ਇਸ ਸਿਸਟਮ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਪੂਰੀ ਦੁਨੀਆ ਦੇ ਸਮਾਜੀ ਬਦਲਾਅ ਦੇ ਰੁਝਾਨ ਨੂੰ ਪਰਖਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਾਰੇ ਵਿਕਸਤ ਸਮਾਜਾਂ ਵਿੱਚ ਸਿੱਖਿਆ ਸਰਕਾਰ ਵੱਲੋਂ ਦਿੱਤੀ ਜਾਂਦੀ ਰਹੀ ਹੈ। ਜਦੋਂ-ਜਦੋਂ ਸਰਕਾਰ ਇਸ ਅਹਿਮ ਜ਼ਿੰਮੇਵਾਰੀ ਤੋਂ ਪਿੱਛੇ ਹਟੀ ਹੈ, ਵੱਡੀ ਗਿਣਤੀ 'ਚ ਬੱਚੇ ਸਿੱਖਿਆ ਹਾਸਲ ਕਰਨ ਤੋਂ ਵਿਰਵੇ ਰਹਿ ਗਏ ਹਨ। ਯੂ ਪੀ ਵਿੱਚ ਹੀ 40 ਲੱਖ ਤੋਂ ਵੱਧ ਬੱਚਿਆਂ ਨੇ ਦੋ-ਤਿੰਨ ਸਾਲਾਂ ਵਿੱਚ ਪੜ੍ਹਾਈ ਛੱਡ ਦਿੱਤੀ ਹੈ।

ਜਿਉਂ-ਜਿਉਂ ਕਾਰਪੋਰੇਟੀਆਂ ਤੇ ਹੁਕਮਰਾਨਾਂ ਦਾ ਗੱਠਜੋੜ ਮਜ਼ਬੂਤ ਹੁੰਦਾ ਜਾ ਰਿਹਾ ਹੈ, ਸਕੂਲੀ ਸਿੱਖਿਆ ਦਾ ਬੇੜਾ ਗਰਕ ਹੁੰਦਾ ਜਾ ਰਿਹਾ ਹੈ। ਹੁਕਮਰਾਨ ਕਾਰਪੋਰੇਟੀਆਂ ਨੂੰ ਸਸਤੀ ਕਾਮਾ-ਸ਼ਕਤੀ ਮੁਹੱਈਆ ਕਰਾਉਣ ਲਈ ਸਰਕਾਰੀ ਸਕੂਲਾਂ ਦੇ ਢਾਂਚੇ ਵੱਲ ਧਿਆਨ ਨਹੀਂ ਦੇ ਰਹੇ। ਇਮਾਰਤਾਂ ਜਰਜਰ ਹੋ ਰਹੀਆਂ ਹਨ ਤੇ ਪੜ੍ਹਾਉਣ ਲਈ ਵੀ ਲੋੜੀਂਦੇ ਅਧਿਆਪਕ ਨਹੀਂ ਰੱਖੇ ਜਾ ਰਹੇ। ਬੱਚੇ ਪੜ੍ਹਾਈ ਛੱਡ ਕੇ ਮਜ਼ਦੂਰ ਬਣਨ ਲਈ ਮਜਬੂਰ ਹਨ, ਜਿਹੜੇ ਕਿ ਕਾਰਪੋਰੇਟੀਆਂ ਨੂੰ ਸਸਤੇ ਭਾਅ ਲੋੜੀਂਦੇ ਹਨ। ਬੱਚੇ ਪੜ੍ਹ-ਲਿਖ ਜਾਣਗੇ ਤਾਂ ਇੱਕਜੁੱਟ ਹੋ ਕੇ ਢੁਕਵੀਂ ਨੌਕਰੀ ਨਾ ਮਿਲਣ ਲਈ ਆਵਾਜ਼ ਉਠਾਉਣਗੇ ਤਾਂ ਕਾਰਪੋਰੇਟੀਆਂ ਦਾ ਮੁਨਾਫਾ ਘਟੇਗਾ। ਕਾਰਪੋਰੇਟੀਆਂ ਦੇ ਪੈਸੇ ਨਾਲ ਚੋਣਾਂ ਲੜਨ ਵਾਲੇ ਹੁਕਮਰਾਨ ਆਪਣੀ ਸੱਤਾ ਬਰਕਰਾਰ ਰੱਖਣ ਲਈ ਕਾਰਪੋਰੇਟੀਆਂ ਦੀ ਸੇਵਾ ਕਰਦਿਆਂ ਬੱਚਿਆਂ ਦੀ ਜ਼ਿੰਦਗੀ ਨਾਲ ਖੇਡ ਰਹੇ ਹਨ। ਸਕੂਲ ਦੀ ਛੱਤ ਚਾਹੇ ਰਾਜਸਥਾਨ ਵਿੱਚ ਡਿੱਗੀ ਹੋਵੇ ਜਾਂ ਯੂ ਪੀ 'ਚ, ਵਿਦਿਆਰਥੀਆਂ ਦੀ ਘਾਟ ਦੇ ਨਾਂਅ 'ਤੇ ਕਈ ਸਕੂਲਾਂ ਦਾ ਇੱਕ ਵਿੱਚ ਰਲੇਵਾਂ ਕਰਨਾ, ਇਸ ਦਾ ਸਿਰਫ ਇੱਕ ਹੀ ਹੱਲ ਸਰਕਾਰੀ ਸਿੱਖਿਆ ਵਿਵਸਥਾ ਨੂੰ ਮਜ਼ਬੂਤ ਕਰਨਾ ਹੈ। ਇਸ ਲਈ ਸਰਕਾਰ ਵੱਲੋਂ ਅਪਣਾਈ ਜਾ ਰਹੀ ਨਵ-ਉਦਾਰਵਾਦੀ ਨੀਤੀ ਨੂੰ ਉਖਾੜਨਾ ਪੈਣਾ ਹੈ, ਜਿਸ ਲਈ ਜ਼ਬਰਦਸਤ ਸਮਾਜੀ ਅੰਦੋਲਨ ਤੇ ਇੱਕਜੁਟਤਾ ਦੀ ਲੋੜ ਹੋਵੇਗੀ। ਇਸ ਗੱਲ ਨੂੰ ਸਮਝਣਾ ਤੇ ਸਮਝਾਉਣਾ ਪਵੇਗਾ, ਨਹੀਂ ਤਾਂ ਅਜਿਹੀਆਂ ਮੌਤਾਂ ਤੇ ਬਦਹਾਲ ਹੁੰਦੀ ਸਿੱਖਿਆ ਵਿਵਸਥਾ ਇੱਕ ਤਰ੍ਹਾਂ ਨਾਲ ਆਮ ਗੱਲ ਬਣ ਕੇ ਰਹਿ ਜਾਵੇਗੀ ਅਤੇ ਦੇਸ਼ ਇੱਕ ਵਾਰ ਫਿਰ ਨਵੀਂ ਤਰ੍ਹਾਂ ਦੀ ਗੁਲਾਮੀ ਦੇ ਦੌਰ ਵਿੱਚ ਚਲੇ ਜਾਵੇਗਾ।

ਬਰਸੀ 'ਤੇ ਵਿਸ਼ੇਸ਼

# ਲੋਕ ਘੋਲਾਂ ਦੇ ਮਹਾਂ-ਨਾਇਕ ਕਾਮਰੇਡ ਸੋਹਨ ਸਿੰਘ ਜੋਸ਼

ਸੁਖਵੰਤ ਚੇਤਨਪੁਰੀ

ਇਨਕਲਾਬੀ ਲਹਿਰਾਂ ਦੇ ਮੋਢੀ, ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਉੱਘੇ ਦੇਸ਼ ਭਗਤ ਅਤੇ ਪੰਜਾਬ ਵਿੱਚ ਕਮਿਊਨਿਸਟ ਪਾਰਟੀ ਦੇ ਬਾਨੀ ਕਾਮਰੇਡ ਸੋਹਨ ਸਿੰਘ ਜੋਸ਼ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੈਂਦੀ ਅਜਨਾਲਾ ਤਹਿਸੀਲ ਦੇ ਪਿੰਡ ਚੇਤਨਪੁਰਾ ਵਿਖੇ 12 ਨਵੰਬਰ 1898 ਨੂੰ ਪਿਤਾ ਲਾਲ ਸਿੰਘ ਅਤੇ ਮਾਤਾ ਸ੍ਰੀਮਤੀ ਦਿਆਲ ਕੌਰ ਦੀ ਕੁੱਖੋਂ ਹੋਇਆ। ਉਹ ਆਪਣੇ ਭਰਾਵਾਂ ਬੰਤਾ ਸਿੰਘ, ਮੋਹਣ ਸਿੰਘ ਅਤੇ ਇੱਕ ਭੈਣ ਵਿੱਚੋਂ ਸਭ ਤੋਂ ਵੱਡੇ ਸਨ। ਉਨ੍ਹਾਂ ਦੀ ਧਰਮ ਪਤਨੀ ਦਾ ਨਾਂਅ ਸ੍ਰੀਮਤੀ ਕਰਮ ਕੌਰ ਸੀ, ਜਿਨ੍ਹਾ ਜੋਸ਼ ਜੀ ਦੇ ਕਾਫੀ ਲੰਮਾ ਸਮਾਂ ਜੇਲ੍ਹ ਵਿੱਚ ਰਹਿਣ ਸਮੇਂ ਵੀ ਬੜੀ ਬਹਾਦਰੀ ਅਤੇ ਨਿਡਰਤਾ ਨਾਲ ਹਾਲਾਤ ਦਾ ਮੁਕਾਬਲਾ ਕੀਤਾ। ਉਨ੍ਹਾਂ ਦੇ ਦੋ ਪੁੱਤਰ ਸੁਰਿੰਦਰ ਸਿੰਘ ਅਤੇ ਦਵਿੰਦਰ ਸਿੰਘ ਸਨ। ਉਸ ਸਮੇ ਪਿੰਡ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਬੱਚਿਆਂ ਦੀ ਪੜ੍ਹਾਈ ਵਾਸਤੇ ਕੋਈ ਸਕੂਲ ਨਹੀਂ ਸੀ, ਸਬੱਬ ਨਾਲ ਪਿੰਡ ਦਾ ਵਸਨੀਕ ਸੂਬੇਦਾਰ ਮਿੱਤ ਸਿੰਘ ਫੌਜ ਵਿੱਚੋਂ ਪੈਨਸ਼ਨ ਪਾ ਕੇ ਆ ਗਿਆ ਅਤੇ ਉਸ ਨੇ ਵਿੱਦਿਆ ਦੇ ਮਹੱਤਵ ਨੂੰ ਸਮਝਦਿਆਂ ਪਿੰਡ ਵਿੱਚ ਸਕੂਲ ਖੋਲ੍ਹ ਦਿੱਤਾ। ਉਨ੍ਹਾ ਸੂਬੇਦਾਰ ਮਿੱਤ ਸਿੰਘ ਦੇ ਸਕੂਲ 'ਚੋਂ 1912 ਵਿੱਚ ਪ੍ਰਾਇਮਰੀ ਪਾਸ ਕਰਕੇ ਤਿੰਨ ਕਿਲੋਮੀਟਰ ਦੂਰ ਚਰਚ ਮਿਸ਼ਨ ਸਕੂਲ ਮਜੀਠਾ ਵਿਖੇ ਦਾਖਲਾ ਲੈ ਲਿਆ ਅਤੇ ਉਥੋਂ 1916 ਵਿੱਚ ਅੱਠਵੀਂ ਪਾਸ ਕਰ ਲਈ। ਅਗਲੀ ਪੜ੍ਹਾਈ ਲਈ ਉਹ ਖਾਲਸਾ ਕਾਲਜ਼ ਹਾਈ ਸਕੂਲ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਉਨਾਂ ਨੂੰ ਖਾਲਸਾ ਕਾਲਜ ਹਾਈ ਸਕੂਲ ਦੀ ਪੜ੍ਹਾਈ ਦਾ ਮਿਆਰ ਚਰਚ ਮਿਸ਼ਨ ਸਕੂਲ ਮਜੀਠਾ ਨਾਲ਼ੋਂ ਨੀਵਾਂ ਜਾਪਿਆ, ਜਿਸ 'ਤੇ ਉਹਨਾ ਸਕੂਲ ਦੇ ਅਧਿਆਪਕ ਸੂਰਜ ਸਿੰਘ ਨੂੰ ਨੌਂਵੀਂ ਕਲਾਸ ਦੀ ਸਿਵਾਏ ਦਸਵੀਂ ਕਲਾਸ ਵਿੱਚ ਦਾਖਲ ਕਰਨ ਦੀ ਬੇਨਤੀ ਕੀਤੀ, ਪਰ ਉਹ ਨਾ ਮੰਨੇ। ਉਹਨਾ ਅਧਿਆਪਕ ਅਮਰ ਸਿੰਘ ਅਤੇ ਹੋਰਨਾਂ ਨਾਲ ਵੀ ਗੱਲ ਕੀਤੀ, ਪਰ ਗੱਲ ਨਾ ਬਣੀ, ਤਾਂ ਸਕੂਲ ਰਲੀਵਿੰਗ ਸਰਟੀਫ਼ਿਕੇਟ ਲੈ ਕੇ ਘਰੇ ਪੜ੍ਹ ਕੇ ਪ੍ਰਾਈਵੇਟ ਇਮਿਤਿਹਾਨ ਦੇਣ ਦਾ ਮਨ ਬਣਾ ਕੇ ਤਿਆਰੀ ਸ਼ੁਰੂ ਕਰ ਦਿੱਤੀ। ਮਾਰਚ 1917 ਵਿੱਚ ਡੀ ਏ ਵੀਹਾਈ ਸਕੂਲ ਅੰਮ੍ਰਿਤਸਰ ਤੋਂ ਦਾਖਲਾ ਫਾਰਮ ਅਟੈਸਟ ਕਰਵਾ ਕੇ ਦਾਖਲਾ ਭੇਜ ਕੇ ਪ੍ਰੀਖਿਆ ਦੇ ਕੇ ਦਸਵੀਂ ਸੈਕਿੰਡ ਡਵੀਜ਼ਨ ਵਿੱਚ ਪਾਸ ਕਰ ਲਈ।

ਉਚੇਰੀ ਸਿੱਖਿਆ ਲਈ ਮਈ 1917 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖਲਾ ਲਿਆ, ਤਾਂ ਅਧਿਆਪਕ ਸੂਰਜ ਸਿੰਘ ਅਤੇ ਅਮਰ ਸਿੰਘ ਵਲੋਂ ਖ਼ੁਸ਼ੀ ਜਾਹਿਰ ਕੀਤੀ ਗਈ। ਖਾਲਸਾ ਕਾਲਜ਼ ਵਿਖੇ ਅੱਛਰ ਸਿੰਘ ਛੀਨਾ, ਅਨੂਪ ਸਿੰਘ, ਮੋਹਣ ਸਿੰਘ ਨਾਗੋਕੇ ਅਤੇ ਪ੍ਰਤਾਪ ਸਿੰਘ ਕੈਰੋਂ ਉਨ੍ਹਾਂ ਦੇ ਕਲਾਸਮੇਟ ਸਨ। ਪਰਵਾਰ ਦੇ ਸਿਰ ਚੜ੍ਹੇ ਸ਼ਾਹੂਕਾਰਾਂ ਦੇ ਕਰਜ਼ ਨੂੰ ਚੁਕਾਉਣ ਲਈ ਉਹਨਾਂ ਪੜ੍ਹਾਈ ਵਿੱਚੇ ਛੱਡ ਕੇ ਪਿੰਡ ਦੇ ਇੱਕ ਵਿਅਕਤੀ ਸੁਰੈਣ ਸਿੰਘ ਦੀ ਮਦਦ ਨਾਲ ਹੁੱਬਲੀ (ਕਰਨਾਟਕ) ਵਿਖੇ ਗਰੀਵਜ਼ ਕਾਟਨ ਐਂਡ ਕੰਪਨੀ ਵਿੱਚ ਨੌਕਰੀ ਕਰਨ ਲਈ 14 ਦਸੰਬਰ 1917 ਨੂੰ ਘਰੋਂ ਤੁਰ ਪਏ। ਇਸ ਕੰਪਨੀ ਵਿੱਚ ਉਹਨਾ 26 ਜੂਨ 1918 ਤੱਕ ਕੰਮ ਕੀਤਾ। ਉਸ ਪਿੱਛੋਂ ਕੁੱਝ ਸਮਾਂ ਟਰਨਰ ਹੋਅਰ ਐਂਡ ਕੰਪਨੀ ਅਤੇ ਬ੍ਰਿਟਿਸ਼ ਇੰਡੀਆ ਸਟੀਮ ਨੈਵੀਗੇਸ਼ਨ ਕੰਪਨੀਆਂ ਵਿੱਚ ਵੀ ਕੰਮ ਕੀਤਾ। ਉਨ੍ਹਾ ਨੂੰ ਤਾਏ ਮੰਗਲ ਸਿੰਘ ਦੇ ਦਿਹਾਂਤ ਕਾਰਨ ਵਾਪਸ ਪਿੰਡ ਚੇਤਨਪੁਰੇ ਆਉਣਾ ਪਿਆ, ਪਰ ਅਚਾਨਕ ਏਸੇ ਦੌਰਾਨ ਤਾਏ ਮੰਗਲ ਸਿੰਘ ਦੀ ਮੌਤ ਤੋਂ 26 ਦਿਨ ਪਿੱਛੋਂ 13 ਅਕਤੂਬਰ 1918 ਨੂੰ ਉਨ੍ਹਾ ਦੇ ਪਿਤਾ ਜੀ ਵੀ ਕੁਝ ਦਿਨ ਬਿਮਾਰ ਰਹਿਣ ਉਪਰੰਤ ਅਕਾਲ ਚਲਾਣਾ ਕਰ ਗਏ। ਪਿਤਾ ਦੇ ਦਿਹਾਂਤ ਪਿੱਛੋਂ ਪਰਵਾਰ ਦੀ ਸਾਰੀ ਜ਼ੁੰਮੇਵਾਰੀ ਉਹਨਾ ਦੇ ਸਿਰ 'ਤੇ ਆ ਪਈ। ਇਸ ਤੋਂ ਤੁਰੰਤ ਪਿੱਛੋਂ 1 ਨਵੰਬਰ 1918 ਨੂੰ ਸੈਂਸਰ ਦਫਤਰ ਬੰਬਈ ਵਿਖੇ ਉਹਨਾ ਨੂੰ ਨੌਕਰੀ ਮਿਲ ਗਈ, ਅਤੇ 12 ਮਾਰਚ 1919 ਦਫਤਰ ਦੇ ਬੰਦ ਹੋਣ ਤੱਕ ਇਥੇ ਕੰਮ ਕਰਦੇ ਰਹੇ। ਇਸ ਦਫਤਰ ਵਿਖੇ ਕੰਮ ਕਰਦਿਆਂ ਉਹਨਾ ਨੂੰ ਦੇਸ਼ ਭਗਤੀ ਦੀ ਜਾਗ ਲੱਗਣੀ ਸ਼ੁਰੂ ਹੋਈ, ਕਿਉਂਕਿ ਇਸ ਦਫਤਰ ਵਿੱਚ ਦੇਸ਼ ਭਗਤਾਂ ਦੀਆਂ ਚਿੱਠੀਆਂ ਸੈਂਸਰ ਕੀਤੀਆਂ ਜਾਂਦੀਆਂ ਸਨ, ਜੋ ਕੈਨੇਡਾ, ਅਮਰੀਕਾ, ਫਿਜ਼ੀ, ਅਰਜਨਟਾਈਨਾ, ਸਿੰਘਾਪੁਰ ਅਤੇ ਮਲੇਸ਼ੀਆ ਆਦਿ ਤੋਂ ਆਉਂਦੀਆਂ ਸਨ, ਜਿਸ ਕਰਕੇ ਉਹ ਭਾਰਤ ਦੀ ਅਜ਼ਾਦੀ ਲਈ ਕੰਮ ਕਰਨ ਵਾਲੇ ਦੇਸ਼ ਭਗਤਾਂ ਦੇ ਨਾਵਾਂ ਤੋਂ ਭਲੀ ਪ੍ਰਕਾਰ ਜਾਣੂ ਹੋ ਗਏ। ਸੈਂਸਰ ਆਫਿਸ ਦੇ ਬੰਦ ਹੋਣ ਪਿਛੋਂ ਉਹ ਵਾਪਸ ਚੇਤਨਪੁਰੇ ਆ ਗਏ। ਮਨ ਵਿਚ ਅੱਗੇ ਪੜ੍ਹਾਈ ਕਰਨ ਦੀ ਇੱਛਾ ਨਾਲ ਉਹਨਾ ਅਪ੍ਰੈਲ 1920 ਵਿੱਚ ਗਿਆਨੀ ਕਰਕੇ ਐਫ ਏ ਸੈਕਿੰਡ ਡਵੀਜ਼ਨ ਵਿੱਚ ਪਾਸ ਕਰ ਲਈ ਅਤੇ 12 ਜੁਲਾਈ 1920 ਨੂੰ 40 ਰੁਪਏ ਪ੍ਰਤੀ ਮਹੀਨਾ 'ਤੇ ਚਰਚ ਮਿਸ਼ਨ ਸਕੂਲ ਮਜੀਠਾ ਜਿੱਥੋਂ ਉਹਨਾਂ ਆਪ ਵੀ ਪੜ੍ਹਾਈ ਕੀਤੀ ਸੀ, ਵਿਖੇ ਅਧਿਆਪਕ ਦੇ ਤੌਰ ਤੇ ਨਿਯੁੱਕਤ ਹੋ ਗਏ। ਇੱਸ ਦੌਰਾਨ ਉਹਨਾ ਨੂੰ ਕੁਝ ਹਫਤਾਵਾਰੀ ਮੈਗਜ਼ੀਨ ਜਿਵੇਂ ਖਾਲਸਾ ਸਮਾਚਾਰ, ਪੰਥ ਖਾਲਸਾ, ਪੰਥ ਸੇਵਕ ਅਤੇ ਪੰਜਾਬ ਦਰਪਨ ਆਦਿ ਪੜ੍ਹਨ ਦਾ ਮੌਕਾ ਮਿਲਿਆ। ਰੋਜ਼ਾਨਾ ਅਕਾਲੀ ਵਿੱਚ ਛਪਦੀਆਂ ਕਵਿਤਾਵਾਂ ਅਤੇ ਆਰਟੀਕਲਾਂ ਤੋਂ ਪ੍ਰਭਾਵਿਤ ਹੋ ਕੇ ਅਕਾਲੀ ਅੰਦੋਲਨ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਹਨਾ ਅਧਿਆਪਕ ਦੀ ਨੌਕਰੀ ਛੱਡ ਦਿੱਤੀ ਅਤੇ ਪੂਰੀ ਤਰ੍ਹਾਂ ਅਕਾਲੀ ਲਹਿਰ ਵਿੱਚ ਕੁੱਦ ਪਏ।

ਮਹੰਤਾਂ ਕੋਲੋਂ ਗੁਰਦੁਆਰਿਆਂ ਨੂੰ ਅਜ਼ਾਦ ਕਰਵਾਉਣ ਲਈ 1920 ਵਿੱਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਸਮੇਂ ਗੁਰੂ ਕੇ ਬਾਗ ਦੇ ਮੋਰਚੇ, ਗੁਰਦੁਆਰਾ ਤੇਜਾ ਕਲਾਂ, ਹਰਸ਼ਾ ਛੀਨਾ ਮੋਘਾ ਮੋਰਚਾ ਅਤੇ ਕੁੰਜੀਆਂ ਦੇ ਮੋਰਚੇ ਆਦਿ ਵਿੱਚ ਆਪ ਵੱਲੋਂ ਮਹੱਤਵਪੂਰਨ ਰੋਲ ਅਦਾ ਕੀਤਾ ਗਿਆ, ਜਿਸ ਕਾਰਨ ਉਹਨਾ ਦੇ ਕਈ ਥਾਣਿਆਂ ਵਿੱਚ ਵਰੰਟ ਨਿਕਲ ਚੁੱਕੇ ਸਨ। ਉਹਨਾ ਨੂੰ ਅਨੇਕਾਂ ਵਾਰ ਜੇਲ੍ਹ ਵੀ ਜਾਣਾ ਪਿਆ। 1925 ਵਿੱਚ ਜਦੋਂ ਗੁਰਦੁਆਰਾ ਐਕਟ ਪਾਸ ਹੋਇਆ ਤਾਂ ਉਸ ਸਮੇਂ ਉਹ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਨ, ਉਹਨਾ ਉਤੇ ਮੁਕੱਦਮਾ ਚੱਲ ਰਿਹਾ ਸੀ, ਵੱਡੇ-ਵੱਡੇ ਅਕਾਲੀ ਆਗੂ ਸਾਜ਼ਿਸ਼ ਕੇਸ ਹੇਠ ਜੇਲ੍ਹਾਂ ਵਿੱਚ ਡੱਕੇ ਹੋਏ ਸਨ, ਉਨ੍ਹਾਂ ਵਿੱਚੋਂ ਕਈ ਅਕਾਲੀ ਆਗੂ ਅੰਗਰੇਜ਼ਾਂ ਦੀਆਂ ਸ਼ਰਤਾਂ ਮੰਨ ਕੇ ਰਿਹਾ ਹੋ ਗਏ, ਪਰ ਉਹਨਾ ਸ਼ਰਤਾਂ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ, ਜਿਸ ਕਰਕੇ ਉਹਨਾ ਨੂੰ ਸਭ ਤੋਂ ਪਿਛੋਂ ਰਿਹਾਅ ਕੀਤਾ ਗਿਆ। ਉਹਨਾ ਨੂੰ ਲਾਹੌਰ ਸਾਜ਼ਿਸ਼ ਕੇਸ ਤਹਿਤ ਵੀ ਦੋਸ਼ੀ ਮੰਨਿਆਂ ਗਿਆ। ਮੇਰਠ ਸ਼ਾਜਿਸ ਕੇਸ ਤਹਿਤ ਉਹਨਾ ਨੂੰ ਬੰਬਈ, ਬੰਗਾਲ ਅਤੇ ਉੱਤਰ ਪ੍ਰਦੇਸ਼ ਦੇ ਇਨਕਲਾਬੀਆਂ ਨਾਲ 20 ਮਾਰਚ 1929 ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਿੱਥੋਂ ਉਹ 1933 ਵਿੱਚ ਰਿਹਾ ਹੋਏ। 1939 ਤੋਂ 1943 ਤੱਕ ਉਹਨਾ ਨੂੰ ਦਿਉਲੀ ਕੈਂਪ ਜੇਲ੍ਹ (ਰਾਜਸਥਾਨ) ਵਿਖੇ ਨਜ਼ਰਬੰਦ ਰੱਖਿਆ ਗਿਆ। 1946 ਵਿੱਚ ਹਰਸ਼ਾ ਛੀਨਾ ਮੋਘਾ ਮੋਰਚਾ ਤਹਿਤ ਗ੍ਰਿਫਤਾਰ ਕਰਕੇ ਲਾਹੌਰ ਜੇਲ੍ਹ ਵਿੱਚ ਰੱਖਿਆ ਗਿਆ।



15 ਅਗਸਤ 1947 ਨੂੰ ਦੇਸ਼ ਤਾਂ ਅਜ਼ਾਦ ਹੋ ਗਿਆ, ਪਰ ਕਾਮਰੇਡ ਸੋਹਨ ਸਿੰਘ ਜੋਸ਼ ਦਾ ਸੰਘਰਸ਼ ਨਿਰੰਤਰ ਜਾਰੀ ਰਿਹਾ। ਦੇਸ਼ ਦੀ ਆਜ਼ਾਦੀ ਪਿੱਛੋਂ ਵੀ ਉਹਨਾ ਨੂੰ 1948 ਤੋਂ 1950 ਤੱਕ ਯੋਲ ਕੈਂਪ ਵਿੱਚ ਕੈਦ ਕੱਟਣੀ ਪਈ। 1962 ਵਿੱਚ ਭਾਰਤ-ਚੀਨ ਜੰਗ ਸਮੇਂ ਵੀ ਉਹਨਾ ਨੂੰ ਗ੍ਰਿਫਤਾਰ ਕਰਕੇ ਰੋਹਤਕ ਜੇਲ੍ਹ ਵਿੱਚ ਰੱਖਿਆ ਗਿਆ। ਉਹਨਾ 12 ਸਾਲ ਦੇ ਲਗਭਗ ਕੈਦ ਕੱਟੀ। ਉਹਨਾ ਨੂੰ ਤਿੰਨ ਸਾਲ ਅੰਡਰ ਗਰਾਊਂਡ ਵੀ ਰਹਿਣਾ ਪਿਆ। 15 ਜੁਲਾਈ 1923 ਨੂੰ ਉਹ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ 30 ਸਤੰਬਰ 1923 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਚੁਣੇ ਗਏ। ਆਪ ਕਿਰਤੀ ਕਿਸਾਨ ਪਾਰਟੀ ਦੇ ਮੋਢੀਆਂ ਵਿਚੋਂ ਇੱਕ ਸਨ। ਕਿਰਤੀ ਕਿਸਾਨ ਪਾਰਟੀ ਦੇ ਗਠਨ ਵੇਲੇ ਉਹ ਕਿਰਤੀ ਕਿਸਾਨ ਪਾਰਟੀ ਦੇ ਪ੍ਰਧਾਨ ਚੁਣੇ ਗਏ। ਉਹਨਾ ਪੰਜਾਬ ਸਟੇਟ ਕਮੇਟੀ ਸੀ ਪੀ ਆਈ ਦੇ ਸੈਕਟਰੀ ਵਜੋਂ ਵੀ ਸੇਵਾ ਨਿਭਾਈਆਂ। ਉਨ੍ਹਾ 1938-39 ਵਿੱਚ ਪੰਜਾਬ ਸੂਬਾ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਈਆਂ। 1937 ਵਿੱਚ ਉਹ ਰਾਜਾਸਾਂਸੀ ਦੇ ਸਰਦਾਰ ਰਘਬੀਰ ਸਿੰਘ ਸੰਧਾਵਾਲ਼ੀਆ, ਜਿਸ ਨੂੰ ਅੰਗਰੇਜ਼ਾਂ ਦੀ ਹਮਾਇਤ ਪ੍ਰਾਪਤ ਸੀ, ਨੂੰ ਵੱਡੇ ਫਰਕ ਨਾਲ ਹਰਾ ਕੇ ਪੰਜਾਬ ਅਸੈਂਬਲੀ ਲਈ ਚੁਣੇ ਜਾਣ ਵਿੱਚ ਕਾਮਯਾਬ ਹੋਏ। ਉਸ ਵੇਲੇ ਉਹ ਇੱਕੋ-ਇੱਕ ਕਮਿਊਨਿਸਟ ਆਗੂ ਸਨ, ਜਿਹਨਾਂ ਕਮਿਊਨਿਸਟ ਪਾਰਟੀ ਦੀ ਟਿਕਟ 'ਤੇ ਚੋਣ ਲੜੀ ਅਤੇ ਜਿੱਤ ਪ੍ਰਾਪਤ ਕੀਤੀ। 1938-39 ਵਿੱਚ ਉਹਨਾ ਨੂੰ ਪੰਜਾਬ ਪਰਵਿੰਸ਼ੀਅਲ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਚੁਣ ਲਿਆ ਗਿਆ।

ਉਹਨਾ ਨੂੰ ਪੰਜਾਬੀ ਪੱਤਰਕਾਰੀ ਦਾ ਪਿਤਾਮਾ ਕਿਹਾ ਜਾਂਦਾ ਹੈ। ਪੰਜਾਬੀ ਅਖ਼ਬਾਰਾਂ ਵਿੱਚ ਵਰਤੀ ਜਾਣ ਵਾਲੀ ਸ਼ਬਦਾਵਲੀ ਨੂੰ ਘੜਨ ਅਤੇ ਸੰਵਾਰਨ ਵਿੱਚ ਉਹਨਾ ਵੱਲੋਂ ਪਾਏ ਯੋਗਦਾਨ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਰੋਜ਼ਾਨਾ ਅਕਾਲੀ ਦੇ ਐਡੀਟਰ ਮੰਗਲ ਸਿੰਘ ਦੀ ਗ੍ਰਿਫ਼ਤਾਰੀ ਉਪਰੰਤ ਉਹਨਾ ਨੂੰ ਐਡੀਟਰ ਵਜੋਂ ਕੰਮ ਕਰਨ ਲਈ ਲਾਹੌਰ ਬੁਲਾਇਆ ਗਿਆ, ਜਿਸ 'ਤੇ 31 ਮਾਰਚ 1921 ਨੂੰ ਅਧਿਆਪਕ ਦੀ ਨੌਕਰੀ ਛੱਡ ਕੇ ਉਹ ਲਾਹੌਰ ਗਏ, ਪਰ ਉਹਨਾ ਦੇ ਪਹੁੰਚਣ ਤੋਂ ਪਹਿਲਾਂ ਪ੍ਰਤਾਪ ਸਿੰਘ ਬੀ ਏ ਬੀ ਟੀ ਨੂੰ ਐਡੀਟਰ ਨਿਯੁਕਤ ਕੀਤਾ ਜਾ ਚੁੱਕਾ ਸੀ। ਉਹਨਾ ਸਟਾਫ ਨਾਲ ਕੁਝ ਸਮਾਂ ਅਕਾਲੀ ਪੇਪਰ ਲਈ ਕੰਮ ਕੀਤਾ, ਪਰ ਉਹ ਤਾਂ ਆਪਣੇ ਮਨ ਵਿੱਚ ਰੋਜ਼ਾਨਾ ਅਕਾਲੀ ਦੇ ਸੰਪਾਦਕ ਦੀ ਤਾਂਘ ਲੈ ਕੇ ਲਾਹੌਰ ਆਏ ਸਨ। ਉਹ ਰੋਜ਼ਾਨਾ ਅਕਾਲੀ ਦਾ ਕੰਮ ਛੱਡ ਕੇ ਲਾਹੌਰ ਤੋਂ ਵਾਪਸ ਆ ਗਏ ਅਤੇ ਪਤਨੀ ਦੇ ਗਹਿਣੇ ਵੇਚ ਕੇ ਭਾਈ ਠਾਕੁਰ ਸਿੰਘ ਨਾਲ ਮਿਲ ਕੇ 'ਸੰਸਾਰ' ਨਾਮੀ ਪੇਪਰ ਸ਼ੁਰੂ ਕੀਤਾ। ਭਾਈ ਸੰਤੋਖ ਸਿੰਘ ਧਰਦਿਓ ਜਿਨ੍ਹਾਂ ਵੱਲੋਂ 1926 ਵਿੱਚ 'ਕਿਰਤੀ' ਪੇਪਰ ਸ਼ੁਰੂ ਕੀਤਾ ਗਿਆ ਸੀ, ਦੇ ਟੀ ਬੀ ਦੀ ਬਿਮਾਰੀ ਤੋਂ ਪੀੜਤ ਹੋਣ ਜਾਣ ਕਾਰਨ ਉਹਨਾ ਨੇ ਸੋਹਨ ਸਿੰਘ ਜੋਸ਼ ਤੋਂ ਕਿਰਤੀ ਲਈ ਐਡੀਟੋਰੀਅਲ ਲਿਖਵਾਉਣਾ ਸ਼ੁਰੂ ਕਰ ਦਿੱਤਾ। ਭਾਈ ਸੰਤੋਖ ਸਿੰਘ ਦੇ ਦਿਹਾਂਤ ਤੋਂ ਪਿੱਛੋਂ 21 ਜਨਵਰੀ 1927 ਨੂੰ ਆਪ ਕਿਰਤੀ ਦੇ ਐਡੀਟਰ ਬਣੇ। ਕਿਰਤੀ ਪੇਪਰ 1935-36 ਤੱਕ ਛਪਦਾ ਰਿਹਾ। ਇਸ ਉਪਰੰਤ ਉਹਨਾ ਵੱਲੋਂ ਕਟੜਾ ਜੈਮਲ ਸਿੰਘ ਅੰਮ੍ਰਿਤਸਰ ਤੋਂ 'ਪ੍ਰਭਾਤ' ਨਾਂਅ ਦਾ ਰਸਾਲਾ ਸ਼ੁਰੂ ਕੀਤਾ ਗਿਆ। ਉਨ੍ਹਾ ਦੁਖੀ ਕਿਸਾਨ ਦੇ ਐਡੀਟਰ ਵਜੋਂ ਵੀ ਕੰਮ ਕੀਤਾ। ਸੀ ਪੀ ਆਈ ਦੇ ਪਾਰਟੀ ਪੇਪਰ 'ਜੰਗ-ਏ-ਅਜ਼ਾਦੀ' ਦੇ ਸੰਪਾਦਕ ਤੋਂ ਇਲਾਵਾ 1952 ਵਿੱਚ ਸ਼ੁਰੂ ਹੋਏ ਉਰਦੂ ਅਖਬਾਰ 'ਨਇਆ ਜ਼ਮਾਨਾ' ਅਤੇ ਬੰਦ ਹੋਣ ਉਪਰੰਤ ਸ਼ੁਰੂ ਕੀਤੇ ਗਏ ਅਖਬਾਰ 'ਨਵਾਂ ਜ਼ਮਾਨਾ' ਦੇ ਆਪ ਕਾਫੀ ਲੰਮਾ ਸਮਾਂ ਸੰਪਾਦਕ ਰਹੇ। ਉਹ ਸ਼ਹੀਦ ਭਗਤ ਸਿੰਘ ਦੇ ਬਹੁਤ ਹੀ ਕਰੀਬੀ ਸਾਥੀਆਂ ਵਿੱਚੋਂ ਇੱਕ ਸਨ। ਭਗਤ ਸਿੰਘ ਦੇ ਕਿਰਤੀ ਨਾਲ ਜੁੜੇ ਹੋਣ ਕਾਰਨ ਉਹ ਅਕਸਰ ਹੀ ਮਿਲਦੇ ਰਹਿੰਦੇ ਸਨ। ਕਾਮਰੇਡ ਜੋਸ਼ ਨੇ ਕਿਰਤੀ ਅਖਬਾਰ ਵਿੱਚ ਜਦੋਂ ਨੌਜਵਾਨਾਂ ਦੀ ਜਥੇਬੰਦੀ ਬਣਾਉਣ ਬਾਰੇ ਲਿਖਿਆ ਤਾਂ ਉਸ ਨੂੰ ਪੜ੍ਹ ਕੇ ਭਗਤ ਸਿੰਘ ਉਹਨਾ ਨੂੰ ਕਿਰਤੀ ਦੇ ਦਫਤਰ ਵਿੱਚ ਮਿਲਿਆ ਅਤੇ ਜਥੇਬੰਦੀ ਦਾ ਨਾਂਅ ਨੌਜਵਾਨ ਭਾਰਤ ਸਭਾ ਰੱਖਣ ਦੀ ਸਲਾਹ ਦਿੱਤੀ। ਭਗਤ ਸਿੰਘ ਨੇ ਇਹ ਵੀ ਦੱਸਿਆ ਕਿ ਉਸ ਵੱਲੋਂ ਇਸ ਤੋਂ ਪਹਿਲਾਂ 1926 ਵਿੱਚ ਲਾਹੌਰ ਵਿਖੇ ਨੌਜਵਾਨ ਭਾਰਤ ਸਭਾ ਬਣਾਈ ਗਈ ਸੀ, ਜੋ ਹੁਣ ਖਿੰਡ ਚੁੱਕੀ ਹੈ। ਕਾਮਰੇਡ ਜੋਸ਼ ਵੱਲੋਂ ਭਗਤ ਸਿੰਘ ਦੀ ਸਲਾਹ ਮੰਨ ਲਈ ਗਈ ਅਤੇ 11 ਤੋਂ 13 ਅਪ੍ਰੈਲ 1928 ਨੂੰ ਕਿਦਾਰ ਨਾਥ ਸਹਿਗਲ ਦੀ ਪ੍ਰਧਾਨਗੀ ਹੇਠ ਜਲ੍ਹਿਆਂ ਵਾਲੇ ਬਾਗ ਵਿਖੇ ਹੋਈ ਕਾਨਫਰੰਸ ਸਮੇਂ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕਰ ਦਿੱਤੀ ਗਈ। ਇਸ ਸਮੇਂ ਸੋਹਨ ਸਿੰਘ ਜੋਸ਼ ਨੂੰ ਇਸ ਜੱਥੇਬੰਦੀ ਦਾ ਪ੍ਰਧਾਨ ਚੁਣਿਆਂ ਗਿਆ। ਭਗਤ ਸਿੰਘ ਅਤੇ ਕਾਮਰੇਡ ਜੋਸ਼ ਦੀ ਨੇੜਤਾ ਦਾ ਇਕ ਹੋਰ ਸਬੂਤ ਕਿ ਸਾਂਡਰਸ ਦੇ ਕਤਲ ਪਿੱਛੋਂ 19 ਦਸੰਬਰ 1928 ਨੂੰ ਭਗਤ ਸਿੰਘ ਅਤੇ ਸੁਖਦੇਵ ਨੇ ਕਾਮਰੇਡ ਜੋਸ਼ ਦੀ ਰਿਹਾਇਸ਼ ਇਸਲਾਮਾਬਾਦ (ਬਾਰਾਂ ਮਕਾਨ) ਅੰਮ੍ਰਿਤਸਰ ਵਿਖੇ ਰਾਤ 11 ਵਜੇ ਪਹੁੰਚ ਕੇ ਉਹਨਾ ਕੋਲ ਪਨਾਹ ਲਈ ਸੀ। ਸਵੇਰੇ 4 ਵਜੇ ਜਾਣ ਲੱਗਿਆਂ ਭਗਤ ਸਿੰਘ ਉਹਨਾ ਕੋਲੋਂ ਕਿਤਾਬ, ਜਿਸ ਨੇ ਉਨ੍ਹਾ ਦੇ ਜੀਵਨ ਨੂੰ ਨਵਾਂ ਮੋੜ ਦਿੱਤਾ ਸੀ 'ਲਿਬਰਟੀ ਐਂਡ ਗ੍ਰੇਟ ਲਿਬਰਟੇਰੀਅਸ, ਵਾਪਸ ਕਰਨ ਦਾ ਵਾਅਦਾ ਕਰਕੇ ਨਾਲ ਲੈ ਗਿਆ ਸੀ।

ਇਸੇ ਤਰਾਂ 24 ਦਸੰਬਰ 1928 ਨੂੰ ਐਲਬਰਟ ਹਾਲ ਕਲਕੱਤਾ ਵਿਖੇ ਕੁੱਲ ਹਿੰਦ ਕਿਰਤੀ ਕਿਸਾਨ ਪਾਰਟੀ ਦੀ ਪ੍ਰਧਾਨਗੀ ਕਰ ਰਹੇ ਕਾਮਰੇਡ ਜੋਸ਼ ਨੂੰ ਭਗਤ ਸਿੰਘ ਵੱਲੋਂ ਸੱਦਾ ਭੇਜ ਕੇ ਬੁਲਾਇਆ • (ਬਾਕੀ ਸਫ਼ਾ 9 'ਤੇ)

# ਨੌਜਵਾਨ ਮੁਸੀਬਤ 'ਚ ਹੈ !

ਲਵਪ੍ਰੀਤ

ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਸੰਪਤੀ ਉਸ ਦੀ ਯੁਵਾ ਸ਼ਕਤੀ ਹੁੰਦੀ ਹੈ। ਨੌਜਵਾਨਾਂ ਕੋਲ ਮਜ਼ਬੂਤ ਊਰਜਾ, ਹਿੰਮਤ, ਕਲਪਨਾ ਅਤੇ ਨਵੀਨਤਾਕਾਰੀ ਯੋਗਤਾ ਹੁੰਦੀ ਹੈ। ਦੇਸ਼ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਵਿਕਾਸ ਦੀ ਨੀਂਹ ਨੌਜਵਾਨਾਂ ਦੇ ਮੋਢਿਆਂ 'ਤੇ ਟਿਕੀ ਹੋਈ ਹੈ। ਦੇਸ਼ ਦਾ ਨੌਜਵਾਨ ਵਰਤਮਾਨ ਦਾ ਸਿਰਜਣਹਾਰ ਹੈ, ਪਰ ਜੇਕਰ ਇਨ੍ਹਾਂ ਨੌਜਵਾਨਾਂ ਨੂੰ ਸਹੀ ਸਮੇਂ 'ਤੇ ਸਹੀ ਮਾਰਗਦਰਸ਼ਨ, ਸਰੋਤ ਅਤੇ ਆਰਥਿਕ ਤਾਕਤ ਦਾ ਸਰੋਤ ਪ੍ਰਦਾਨ ਨਹੀਂ ਕੀਤਾ ਜਾਂਦਾ ਹੈ, ਤਾਂ ਉਹ ਭਟਕ ਜਾਂਦੇ ਹਨ।

ਅੱਜ ਦਾ ਨੌਜਵਾਨ ਡਿਪਰੈਸ਼ਨ, ਤਣਾਅ ਅਤੇ ਕੈਰੀਅਰ ਦੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਹਰ ਰੋਜ਼ ਅਖ਼ਬਾਰਾਂ ਦੇ ਪਹਿਲੇ ਪੰਨੇ 'ਤੇ ਨੌਜਵਾਨਾਂ ਵੱਲੋਂ ਖੁਦਕੁਸ਼ੀ ਕਰਨ ਦੀਆਂ ਖ਼ਬਰਾਂ ਛਪਦੀਆਂ ਹਨ, ਪਰ ਕੀ ਕਿਸੇ ਨੇ ਨੌਜਵਾਨਾਂ ਦੀਆਂ ਸਮੱਸਿਆਵਾਂ ਦੀ ਜੜ੍ਹ ਲੱਭਣ ਦੀ ਕੋਸ਼ਿਸ਼ ਕੀਤੀ ਹੈ? ਦੇਸ਼ ਦੇ ਜ਼ਿਆਦਾਤਰ ਨੌਜਵਾਨ ਪੜ੍ਹੇ-ਲਿਖੇ ਅਤੇ ਬੇਰੁਜ਼ਗਾਰ ਹਨ। ਉਹ ਆਪਣੇ ਘਰਾਂ ਤੋਂ ਮੀਲਾਂ ਦੂਰ ਰਹਿ ਕੇ ਸਰਕਾਰੀ ਨੌਕਰੀਆਂ ਦੀ ਤਿਆਰੀ ਕਰਦੇ ਹਨ। ਇਹ ਨੌਜਵਾਨ ਮੱਧ, ਹੇਠਲੇ ਵਰਗ ਅਤੇ ਪੇਂਡੂ ਖੇਤਰਾਂ ਤੋਂ ਆਉਂਦੇ ਹਨ। ਉਨ੍ਹਾਂ ਦੇ ਮੋਢਿਆਂ 'ਤੇ ਜ਼ਿੰਮੇਵਾਰੀਆਂ ਦਾ ਬੋਝ ਹੁੰਦਾ ਹੈ। ਸਰਕਾਰੀ ਨੌਕਰੀ ਮਿਲਣ ਦੀ ਉਮੀਦ ਵਿੱਚ ਉਹ ਆਪਣੀ ਬੱਚਤ ਵੀ ਗੁਆ ਦਿੰਦੇ ਹਨ। ਹਰ ਸਾਲ ਦੇਸ਼ ਦੇ ਲੱਖਾਂ ਨੌਜਵਾਨ ਨੌਕਰੀ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਦਿੱਲੀ, ਪ੍ਰਯਾਗਰਾਜ, ਪਟਨਾ, ਕੋਟਾ ਵਰਗੇ ਵੱਡੇ ਸ਼ਹਿਰਾਂ ਵਿੱਚ ਜਾਂਦੇ ਹਨ, ਪਰ ਕੀ ਉਨ੍ਹਾਂ ਸਾਰਿਆਂ ਨੂੰ ਸਰਕਾਰੀ ਨੌਕਰੀਆਂ ਮਿਲਦੀਆਂ ਹਨ? ਸ਼ਾਇਦ ਕਿਸੇ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਹੈ ਕਿ ਤਿਆਰੀ ਦੌਰਾਨ ਇਨ੍ਹਾਂ ਨੌਜਵਾਨਾਂ ਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸੱਚ ਹੈ ਕਿ ਸਰਕਾਰੀ ਨੌਕਰੀਆਂ ਦੀ ਤਿਆਰੀ ਕਰਨ ਵਾਲਿਆਂ ਦੀ ਗਿਣਤੀ ਵਧ ਰਹੀ ਹੈ, ਜਦੋਂ ਕਿ ਸਰਕਾਰੀ ਨੌਕਰੀਆਂ ਘਟ ਰਹੀਆਂ ਹਨ।

ਪਿਛਲੇ ਕੁਝ ਸਾਲਾਂ ਤੋਂ ਦੇਸ਼ ਵਿੱਚ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ। ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲੇ ਦੀ ਹਾਲ ਹੀ ਵਿੱਚ ਜਾਰੀ ਮਾਸਿਕ ਰਿਪੋਰਟ ਦੇ ਅਨੁਸਾਰ ਇਸ ਸਾਲ ਮਈ ਵਿੱਚ ਕੁੱਲ ਬੇਰੁਜ਼ਗਾਰੀ ਦਰ ਵਧ ਕੇ 5.6 ਪ੍ਰਤੀਸ਼ਤ ਹੋ ਗਈ, ਜਦੋਂ ਕਿ ਅਪ੍ਰੈਲ ਵਿੱਚ ਇਹ 5.1 ਪ੍ਰਤੀਸ਼ਤ ਸੀ। ਦੇਸ਼ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ 15-29 ਸਾਲ ਦੀ ਉਮਰ ਸਮੂਹ ਦੇ ਨੌਜਵਾਨਾਂ ਵਿੱਚ ਹੈ। ਇਸ ਸਾਲ ਅਪ੍ਰੈਲ ਵਿੱਚ 15-29 ਸਾਲ ਦੀ ਉਮਰ ਸਮੂਹ ਦੀ ਬੇਰੁਜ਼ਗਾਰੀ ਦਰ 13.8 ਪ੍ਰਤੀਸ਼ਤ ਸੀ, ਜਦੋਂ ਕਿ ਮਈ 2025 ਵਿੱਚ ਇਹ ਵਧ ਕੇ 15 ਪ੍ਰਤੀਸ਼ਤ ਹੋ ਗਈ ਹੈ। ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਥਿਤੀ ਮਰਦਾਂ ਨਾਲੋਂ ਔਰਤਾਂ ਵਿੱਚ ਵਧੇਰੇ ਚਿੰਤਾਜਨਕ ਹੈ। ਪਿਛਲੇ ਸਾਲ ਅਪ੍ਰੈਲ ਵਿੱਚ 15-29 ਸਾਲ ਦੀ ਉਮਰ ਸਮੂਹ ਦੀਆਂ ਔਰਤਾਂ ਵਿੱਚ ਬੇਰੁਜ਼ਗਾਰੀ ਦਰ 14.4 ਪ੍ਰਤੀਸ਼ਤ ਸੀ, ਜਦੋਂ ਕਿ ਮਈ 2025 ਵਿੱਚ ਇਹ 16.3 ਪ੍ਰਤੀਸ਼ਤ ਤੱਕ ਪਹੁੰਚ ਗਈ।

ਦੇਸ਼ ਵਿੱਚ ਨੌਜਵਾਨਾਂ ਦੀ ਗੱਲ ਸੁਣਨ ਵਾਲਾ ਕੋਈ ਨਹੀਂ। ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਣਾ ਅਤੇ ਸਮੇਂ ਸਿਰ ਪ੍ਰੀਖਿਆਵਾਂ ਨਾ ਕਰਵਾਉਣਾ, ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਦੇਰੀ, ਸਮੇਂ ਸਿਰ ਭਰਤੀਆਂ ਨਾ ਮਿਲਣਾ ਅਤੇ ਪ੍ਰੀਖਿਆਵਾਂ ਵਿੱਚ ਵੱਡੇ ਪੱਧਰ 'ਤੇ ਬੇਨਿਯਮੀਆਂ ਵਧ ਰਹੀਆਂ ਹਨ।

ਜੇਕਰ ਨੌਜਵਾਨਾਂ ਦੀ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਪ੍ਰੀਖਿਆ ਰੱਦ ਕਰ ਦਿੱਤੀ ਜਾਂਦੀ ਹੈ ਜਾਂ ਇਸ ਦੇ ਨਤੀਜੇ ਬਾਰੇ ਭੰਬਲਭੂਸਾ ਪੈਦਾ ਹੁੰਦਾ ਹੈ, ਤਾਂ ਇਹ ਸੁਭਾਵਿਕ ਹੈ ਕਿ ਨੌਜਵਾਨ ਮਾਨਸਿਕ ਤੌਰ 'ਤੇ ਟੁੱਟਣ ਲੱਗ ਪੈਂਦੇ ਹਨ। ਉਹ ਆਪਣੇ ਆਤਮ-ਵਿਸ਼ਵਾਸ, ਸਵੈ-ਮਾਣ ਅਤੇ ਸਮਾਜਿਕ ਵੱਕਾਰ ਵਿੱਚ ਗਿਰਾਵਟ ਮਹਿਸੂਸ ਕਰਨ ਲੱਗਦੇ ਹਨ। ਇਹ ਮਾਨਸਿਕ ਤਣਾਅ ਹੌਲੀ-ਹੌਲੀ ਉਦਾਸੀ, ਸਵੈ-ਨਿੰਦਾ ਅਤੇ ਕਈ ਵਾਰ ਖੁਦਕੁਸ਼ੀ ਦੀਆਂ ਪ੍ਰਵਿਰਤੀਆਂ ਨੂੰ ਜਨਮ ਦਿੰਦਾ ਹੈ। ਦੇਸ਼ ਵਿੱਚ ਨੌਜਵਾਨਾਂ ਵਿੱਚ ਖੁਦਕੁਸ਼ੀ ਦੀਆਂ ਘਟਨਾਵਾਂ ਵਿੱਚ ਵਾਧੇ ਦਾ ਮੁੱਖ ਕਾਰਨ ਸਰਕਾਰੀ ਪ੍ਰਣਾਲੀ ਦੀ ਅਸਫਲਤਾ ਹੈ। ਹੈਰਾਨੀ ਦੀ ਗੱਲ ਹੈ ਕਿ ਦੇਸ਼ ਵਿੱਚ ਚੋਣਾਂ ਸਮੇਂ ਸਿਰ ਹੁੰਦੀਆਂ ਹਨ, ਕ੍ਰਿਕਟ ਸਮੇਂ ਸਿਰ ਹੁੰਦੀ ਹੈ, ਫਿਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਸਮੇਂ ਸਿਰ ਕਿਉਂ ਨਹੀਂ ਹੋ ਰਹੀਆਂ। ਜੇਕਰ ਸਰਕਾਰ ਚਾਹੁੰਦੀ ਹੈ, ਤਾਂ ਉਹ ਪੂਰੀ ਪਾਰਦਰਸ਼ਤਾ ਨਾਲ ਅਤੇ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪ੍ਰੀਖਿਆ ਕਰਵਾ ਸਕਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸਾਰੇ ਪੱਧਰਾਂ 'ਤੇ ਭਰਤੀ ਪ੍ਰੀਖਿਆਵਾਂ ਦਾ ਕੈਲੰਡਰ ਜਾਰੀ ਕਰਨਾ ਚਾਹੀਦਾ ਹੈ ਅਤੇ ਪ੍ਰੀਖਿਆਵਾਂ, ਨਤੀਜੇ ਅਤੇ ਨਿਯੁਕਤੀਆਂ ਉਸ ਅਨੁਸਾਰ ਹੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਪ੍ਰੀਖਿਆਵਾਂ ਵਿੱਚ ਡਿਜੀਟਲ ਤਕਨਾਲੋਜੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਹਰ ਤਰ੍ਹਾਂ ਦੇ ਭਰਤੀ ਬੋਰਡਾਂ ਦੀ ਖੁਦਮੁਖਤਿਆਰੀ ਨੂੰ ਯਕੀਨੀ ਬਣਾਉਂਦੇ ਹੋਏ ਪ੍ਰੀਖਿਆਵਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਪ੍ਰੀਖਿਆ ਪੇਪਰ ਵਿੱਚ ਸਵਾਲ ਗਲਤ ਪਾਉਣ ਵਾਲਿਆਂ ਵਿਰੁੱਧ ਵੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਕਈ ਵਾਰ ਗਲਤ ਸਵਾਲਾਂ ਅਤੇ ਗਲਤ ਇਸ਼ਤਿਹਾਰਾਂ ਕਾਰਨ ਭਰਤੀਆਂ ਅਦਾਲਤ ਵਿੱਚ ਫਸ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਨੌਜਵਾਨਾਂ ਦਾ ਭਵਿੱਖ ਗੁੰਮਨਾਮੀ ਵਿੱਚ ਚਲਾ ਜਾਂਦਾ ਹੈ। ਨੌਜਵਾਨਾਂ ਨੂੰ ਆਪਣੇ ਆਪ ਨੂੰ ਸਿਰਫ਼ ਸਰਕਾਰੀ ਨੌਕਰੀਆਂ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ, ਉਨ੍ਹਾਂ ਨੂੰ ਨਵੀਨਤਾ ਅਤੇ ਉੱਦਮਤਾ ਵੱਲ ਰਸਤਾ ਬਣਾਉਣ ਦੀ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਭਾਰਤ ਦਾ ਭਵਿੱਖ ਯੁਵਾ ਸ਼ਕਤੀ 'ਤੇ ਨਿਰਭਰ ਕਰਦਾ ਹੈ। ਜੇਕਰ ਇਸ ਸ਼ਕਤੀ ਨੂੰ ਦਿਸ਼ਾ ਨਹੀਂ ਦਿੱਤੀ ਜਾਂਦੀ, ਤਾਂ ਇਹ ਭਟਕ ਸਕਦੀ ਹੈ ਅਤੇ ਜੇਕਰ ਦਿਸ਼ਾ ਦਿੱਤੀ ਜਾਂਦੀ ਹੈ, ਤਾਂ ਇਹ ਸ਼ਕਤੀ ਦੇਸ਼ ਨੂੰ ਵੱਡੀਆਂ ਉਚਾਈਆਂ 'ਤੇ ਲੈ ਜਾ ਸਕਦੀ ਹੈ। ਇਹ ਜ਼ਿੰਮੇਵਾਰੀ ਸਿਰਫ਼ ਨੌਜਵਾਨਾਂ ਦੀ ਹੀ ਨਹੀਂ, ਸਗੋਂ ਸਰਕਾਰ, ਸਮਾਜ ਅਤੇ ਹਰ ਸੰਸਥਾਗਤ ਪ੍ਰਣਾਲੀ ਦੀ ਹੈ ਕਿ ਉਹ ਨੌਜਵਾਨਾਂ ਦੇ ਸੁਪਨਿਆਂ ਦੀ ਰੱਖਿਆ ਕਰੇ, ਉਨ੍ਹਾਂ ਨੂੰ ਮੌਕੇ ਦੇਵੇ ਅਤੇ ਉਨ੍ਹਾਂ ਦੇ ਸੰਘਰਸ਼ ਦਾ ਸਤਿਕਾਰ ਕਰੇ। ਨੌਜਵਾਨ ਆਪਣੇ ਵਿਚਾਰਾਂ, ਕੰਮਾਂ ਅਤੇ ਸੋਚ ਨਾਲ ਸਮਾਜ ਦੀ ਦਿਸ਼ਾ ਨਿਰਧਾਰਤ ਕਰਦਾ ਹੈ।

# ਸੰਪਰਕ : 98038-06009

# ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ

ਹਰਜਿੰਦਰ ਸਿੰਘ ਗੁਲਪੁਰ

ਭਾਰਤੀ ਜਨਤਾ ਪਾਰਟੀ, ਕੇਂਦਰ ਸਰਕਾਰ ਅਤੇ ਆਰ ਐੱਸ ਐੱਸ ਇਕ ਅਜਿਹੀ ਤਿੱਕੜੀ ਹੈ, ਜਿਸ ਦੇ ਖੇਮਿਆਂ ਵਿਚੋਂ ਕੋਈ ਵੀ ਖਬਰ ਲੀਕ ਨਹੀ ਹੁੰਦੀ। ਇਸ ਨੂੰ ਅਨੁਸ਼ਾਸਨ ਕਹਿ ਲਓ ਜਾਂ ਕੁਝ ਹੋਰ। ਇਹਨਾਂ ਬਾਰੇ ਵੱਡੇ ਤੋਂ ਵੱਡਾ ਪੱਤਰਕਾਰ ਕੋਈ ਵੀ ਦਾਅਵਾ ਨਹੀ ਕਰ ਸਕਦਾ। ਜਦੋਂ ਵੀ ਕੋਈ ਫੈਸਲਾ ਇਹ ਤਿੱਕੜੀ ਕਰਦੀ ਹੈ ਤਾਂ ਲੋਕਾਂ ਅਤੇ ਪੱਤਰਕਾਰਾਂ ਦੇ ਕਿਆਫੇ ਧਰੇ-ਧਰਾਏ ਰਹਿ ਜਾਂਦੇ ਹਨ। ਇਸੇ ਨੂੰ 'ਮੋਦੀ ਮੈਜ਼ਿਕ' ਕਿਹਾ ਜਾਂਦਾ ਹੈ। ਇਸ ਤਿੱਕੜੀ ਬਾਰੇ ਜਿਹੜੀਆਂ ਖਬਰਾਂ ਮੀਡੀਆ ਵਿੱਚ ਛਪਦੀਆਂ ਹਨ, ਉਹ ਕੇਵਲ ਕਿਆਸ-ਅਰਾਈਆਂ ਹੁੰਦੀਆਂ ਹਨ। 'ਗੋਦੀ' ਮੀਡੀਆ ਨੂੰ ਵੀ ਇਸ ਦੀ ਅੰਦਰੂਨੀ ਕਾਰਜਸ਼ੈਲੀ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ। ਉਹ ਇਸ ਤਿੱਕੜੀ ਦੇ ਨੇੜੇ ਰਹਿ ਕੇ ਵੀ ਦੂਰ ਹੈ। ਇੱਥੇ ਪਾਰਦਰਸ਼ਤਾ ਵਾਲੀ ਕੋਈ ਵੀ ਗੱਲ ਨਹੀਂ ਹੈ। 'ਗੋਦੀ' ਮੀਡੀਆ ਉਹੀ ਖਬਰਾਂ ਦਿੰਦਾ ਹੈ, ਜਿਹਨਾਂ ਬਾਰੇ ਉਹਨਾਂ ਨੂੰ ਪੀ ਐੱਮ ਓ ਵੱਲੋਂ ਸਕਰਿਪਟ ਲਿਖ ਕੇ ਦੇ ਦਿੱਤੀ ਹੁੰਦੀ ਹੈ। ਅਜਿਹਾ ਆਮ ਤੌਰ 'ਤੇ ਤਾਨਾਸ਼ਾਹੀ ਦੇਸ਼ਾਂ ਵਿੱਚ ਹੁੰਦਾ ਹੈ। ਇਸ ਦੀ ਤਾਜ਼ਾ ਉਦਾਹਰਣ ਉਪ ਰਾਸਟਰਪਤੀ ਜਗਦੀਪ ਧਨਖੜ ਦਾ ਅਸਤੀਫਾ ਹੈ। ਇਸ ਵਾਰੇ ਕਿਸੇ ਨੂੰ ਜਾਂ ਤਾਂ ਕੰਨੋਂ-ਕੰਨ ਖਬਰ ਨਹੀਂ ਹੋਈ ਜਾਂ ਖਬਰ ਮਿਲਣ ਦੇ ਬਾਵਜੂਦ ਉਸ ਨੇ ਇਸ ਖਬਰ ਨੂੰ ਚਲਾਇਆ ਨਹੀ।

ਉਪ ਰਾਸਟਰਪਤੀ ਦੇ ਸਾਰੇ ਪ੍ਰੋਗਰਾਮ ਨਿਰਧਾਰਤ ਸੂਚੀ ਅਨੁਸਾਰ ਚੱਲ ਰਹੇ ਸਨ। ਇੱਥੋਂ ਤੱਕ ਕਿ ਉਹ ਸਦਨ ਦੀ ਸ਼ੁਰੂ ਹੋਈ ਕਾਰਵਾਈ ਨੂੰ ਚਲਾ ਰਹੇ ਸਨ। ਅਚਾਨਕ ਸੋਸ਼ਲ ਮੀਡੀਆ 'ਤੇ ਉਸ ਦੇ ਅਸਤੀਫੇ ਦੀ ਖਬਰ ਨਸ਼ਰ ਹੋਣ ਲੱਗ ਪਈ, ਜਿਸ ਨੂੰ ਉਹਨਾਂ ਆਪਣੇ ਟਵਿੱਟਰ ਹੈਂਡਲ ਤੋਂ ਖੁਦ ਟਵੀਟ ਕੀਤਾ ਸੀ। ਮੇਨ ਸਟਰੀਮ ਮੀਡੀਆ ਨੇ ਇਸ ਖਾਸ ਖਬਰ ਨੂੰ ਆਪਣੇ ਅੰਦਾਜ਼ ਨਾਲ ਗੋਲ-ਮੋਲ ਕਰ ਦਿੱਤਾ। ਲੋਕਾਂ ਵਾਸਤੇ ਇਹ ਬਹੁਤ ਵੱਡੀ ਖਬਰ ਸੀ। ਅਜ਼ਾਦੀ ਤੋਂ ਬਾਅਦ ਭਾਰਤ ਦੇ ਪਾਰਲੀਮਾਨੀ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ। ਇਸ ਤੋਂ ਪਹਿਲਾਂ ਵੀ ਇਸ ਅਹੁਦੇ 'ਤੇ ਤਾਇਨਾਤ ਰਹੇ ਵਿਅਕਤੀਆਂ ਵੈਂਕਟਾਰਮਨ ਅਤੇ ਵੀ ਵੀ ਗਿਰੀ ਨੇ ਅਸਤੀਫੇ ਦਿੱਤੇ ਸਨ, ਪਰ ਉਸ ਦਾ ਕਾਰਨ ਇਹ ਸੀ ਕਿ ਉਹਨਾਂ ਰਾਸ਼ਟਰਪਤੀ ਦੀ ਚੋਣ ਲੜਨੀ ਸੀ। ਇਹ ਦੋਵੇਂ ਸ਼ਖਸੀਅਤਾਂ ਰਾਸ਼ਟਰਪਤੀ ਬਣੀਆਂ ਵੀ ਸਨ। ਜਗਦੀਪ ਧਨਖੜ ਵੱਲੋਂ ਅਚਾਨਕ ਦਿੱਤੇ ਅਸਤੀਫੇ ਦਾ ਇਹ ਕਾਰਨ ਨਹੀ ਹੈ। ਖਬਰ ਸੀ ਕਿ ਉਨ੍ਹਾਂ ਸਿਹਤ ਦਾ ਹਵਾਲਾ ਦੇ ਕੇ ਅਸਤੀਫਾ ਦਿੱਤਾ ਹੈ। ਇਹ ਕਾਰਨ ਕਿਸੇ ਨੂੰ ਵੀ ਹਜ਼ਮ ਨਹੀਂ ਹੋਇਆ। ਭਾਰਤ ਵਿੱਚ ਆਗੂ ਇਹਨਾਂ ਅਹੁਦਿਆਂ 'ਤੇ ਸਿਹਤ ਅਤੇ ਹੋਰ ਸਹੂਲਤਾਂ ਮਾਨਣ ਲਈ ਆਉਂਦੇ ਹਨ, ਨਾ ਕਿ ਅਸਤੀਫਾ ਦੇਣ ਲਈ। ਧਨਖੜ ਸਾਹਿਬ ਆਪਣੀ ਯੋਗਤਾ ਦੇ ਦਮ 'ਤੇ ਇਸ ਅਹੁਦੇ ਤੱਕ ਨਹੀ ਪਹੁੰਚੇ ਸਨ। ਉਹ ਪੀ ਐੱਮ ਦੀ ਕਿਰਪਾ ਸਦਕਾ ਆਏ ਸਨ। ਇਸ ਤੋਂ ਪਹਿਲਾਂ ਉਹ ਰਾਜਸੀ ਬਨਵਾਸ ਭੋਗ ਰਹੇ ਸਨ। ਪੀ ਐੱਮ ਮੋਦੀ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਉਹ ਬੰਗਾਲ ਦੇ ਰਾਜਪਾਲ ਨਿਯੁਕਤ ਕਰ ਦਿੱਤੇ ਗਏ। ਆਪਣੇ ਕਾਰਜਕਾਲ ਦੌਰਾਨ ਉਹਨਾਂ ਚੁਣੀ ਹੋਈ ਮਮਤਾ ਸਰਕਾਰ ਦੇ ਨੱਕ ਵਿਚ ਦਮ ਕਰਕੇ ਰੱਖਿਆ। ਇਸ ਦੇ ਇਵਜ਼ਾਨੇ ਵਜੋਂ ਉਹਨਾ ਨੂੰ ਉਪ ਰਾਸ਼ਟਰਪਤੀ ਬਣਾ ਦਿੱਤਾ ਗਿਆ। ਬਤੌਰ ਰਾਜ ਸਭਾ ਚੇਅਰਮੈਨ ਉਨ੍ਹਾਂ ਵਿਰੋਧੀ ਧਿਰ ਨੂੰ ਜਿਸ ਤਰਾਂ ਜ਼ਲੀਲ ਕੀਤਾ, ਕਿਸੇ ਤੋਂ ਲੁਕਿਆ ਹੋਇਆ ਨਹੀਂ।

ਵਿਗਿਆਨ ਵਿੱਚ ਸਿਫਤੀ ਤਬਦੀਲੀ ਦਾ ਇੱਕ ਸਿਧਾਂਤ ਹੈ, ਜਿਸ ਅਨੁਸਾਰ ਪਾਣੀ ਇੱਕ ਦਮ ਨਹੀ ਉਬਲਦਾ। ਪਹਿਲਾਂ ਹੌਲੀ-ਹੌਲੀ ਗਰਮ ਹੁੰਦਾ ਹੈ ਅਤੇ ਕੁਝ ਦੇਰ ਬਾਅਦ ਇੱਕ ਬਿੰਦੂ 'ਤੇ ਜਾ ਕੇ ਉਬਲਣ ਲੱਗ ਪੈਂਦਾ ਹੈ। ਇਸੇ ਨੂੰ ਸਿਫਤੀ ਤਬਦੀਲੀ ਆਖਿਆ ਜਾਂਦਾ ਹੈ। ਸਮਾਜਿਕ ਅਤੇ ਰਾਜਨੀਤਕ ਤਬਦੀਲੀ ਵੀ ਇਸੇ ਨਿਯਮ ਅਨੁਸਾਰ ਹੁੰਦੀ ਹੈ। ਇਸ ਤਬਦੀਲੀ ਨੂੰ ਦਹਾਕੇ ਅਤੇ ਸਦੀਆਂ ਲੱਗ ਜਾਂਦੀਆਂ ਹਨ।

ਜਗਦੀਪ ਨੇ 10 ਜੁਲਾਈ ਨੂੰ ਇੱਕ ਭਾਸ਼ਣ ਵਿੱਚ ਕਿਹਾ ਸੀ ਕਿ ਉਹ ਅਗਸਤ 2027 ਵਿੱਚ ਸੇਵਾ-ਮੁਕਤ ਹੋਣਗੇ। ਅਗਲੇ ਦਸ ਦਿਨਾਂ ਵਿੱਚ ਅਜਿਹਾ ਕੀ ਹੋ ਗਿਆ ਕਿ ਉਹਨਾ ਨੂੰ ਤੁਰੰਤ ਅਸਤੀਫਾ ਦੇਣ ਲਈ ਮਜਬੂਰ ਹੋਣਾ ਪੈ ਗਿਆ? ਭਾਵੇਂ ਇਸ ਅਸਤੀਫੇ ਪਿੱਛੇ ਦੇ ਕਾਰਨਾਂ ਨੂੰ ਛੁਪਾਇਆ ਜਾ ਰਿਹਾ ਹੈ, ਪਰ ਇਹ ਕਾਰਨ ਜਲਦੀ ਹੀ ਬਾਹਰ ਆ ਜਾਣਗੇ।

ਇਸ ਅਸਤੀਫੇ ਪਿੱਛੇ ਬਹੁਤ ਵੱਡਾ ਖੋਟ ਛੁਪਿਆ ਹੋਇਆ ਹੈ। 'ਵਾਇਰ' ਦੀ ਚਰਚਿਤ ਪੱਤਰਕਾਰ ਆਰਫਾ ਖਾਨਮ ਸ਼ੇਰਵਾਨੀ ਅਨੁਸਾਰ ਖਬਰਾਂ ਦਾ ਸੁਭਾਅ ਪਾਣੀ ਵਰਗਾ ਹੁੰਦਾ ਹੈ, ਉਨ੍ਹਾਂ ਨੂੰ ਜਿੰਨਾ ਮਰਜ਼ੀ ਰੋਕਿਆ ਜਾਵੇ, ਉਹ ਬਾਹਰ ਨਿਕਲਣ ਦਾ ਰਸਤਾ ਲੱਭ ਹੀ ਲੈਂਦੀਆਂ ਹਨ। ਖੋਜੀ ਪੱਤਰਕਾਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਇਹ ਖਿਚੜੀ ਕਈ ਮਹੀਨਿਆਂ ਤੋਂ ਪੱਕ ਰਹੀ ਸੀ। ਧਨਖੜ ਸਾਹਿਬ ਉੱਤੇ ਭਾਵੇਂ ਮੋਦੀ ਸਾਹਿਬ ਦੀ ਲੱਖ ਕਿਰਪਾ ਸੀ, ਪਰ ਉਹਨਾ ਦਾ ਅਤੀਤ ਕਾਂਗਰਸ ਅਤੇ ਜਨਤਾ ਦਲ ਨਾਲ ਜੁੜਿਆ ਹੋਇਆ ਸੀ। ਅਤੀਤ ਹਮੇਸ਼ਾ ਵਰਤਮਾਨ ਦੇ ਨਾਲ-ਨਾਲ ਚੱਲਦਾ ਰਹਿੰਦਾ ਹੈ। ਉਹਨਾ ਮੋਦੀ ਦੀਆਂ ਨਜ਼ਰਾਂ ਵਿੱਚ ਚੜ੍ਹਨ ਦੇ ਲੱਖ ਯਤਨ ਕੀਤੇ, ਪਰ ਪਰਵਾਨ ਨਹੀ ਹੋਏ। ਮੋਦੀ ਨੇ ਉਹਨਾ ਨੂੰ ਜਿੰਨਾ ਵਰਤਣਾ ਸੀ, ਵਰਤ ਲਿਆ।

ਹੁਣ ਉਹ ਮੋਦੀ ਲਈ ਕਿਸੇ ਕੰਮ ਦੇ ਨਹੀ ਰਹੇ ਸਨ। ਧਨਖੜ ਤੋਂ ਪਤਾ ਨਹੀ ਕੀ ਖੋਟ ਹੋ ਗਿਆ ਕਿ ਉਹ ਨਾ ਘਰ ਦੇ ਰਹੇ ਨਾ ਘਾਟ ਦੇ। ਉਹ ਐਨੇ ਆਵਾਜ਼ਾਰ ਹੋ ਗਏ ਕਿ ਉਹ ਆਪਣਾ ਦੁੱਖ-ਦਰਦ ਉਹਨਾਂ ਵਿਰੋਧੀ ਆਗੂਆਂ ਨਾਲ ਸਾਂਝਾ ਕਰਨ ਲੱਗ ਪਏ, ਜਿਹਨਾਂ ਨੂੰ ਉਹਨਾ ਰੱਜ ਕੇ ਜ਼ਲੀਲ ਕੀਤਾ ਸੀ।

ਪ੍ਰਸਿੱਧ ਪੱਤਰਕਾਰ ਦੀਪਕ ਸ਼ਰਮਾ ਅਨੁਸਾਰ ਉਹ ਸ਼ਿਕਵਿਆਂ ਨਾਲ ਏਨੇ ਭਰ ਗਏ ਸਨ ਕਿ ਉਹਨਾ ਨੇ ਇਹ ਸ਼ਿਕਵੇ ਵਿਰੋਧੀ ਧਿਰਾਂ ਦੇ ਲੀਡਰਾਂ ਨਾਲ ਸਾਂਝੇ ਕਰਨੇ ਸ਼ੁਰੂ ਕਰ ਦਿੱਤੇ ਸਨ। ਉਹਨਾ ਦਾ ਸਾਹ ਲੈਣਾ ਔਖਾ ਹੋ ਗਿਆ ਸੀ। ਪਰਵਾਰਕ ਗਤੀਵਿਧੀਆਂ ਵਿਚ ਵੀ ਦਖਲ-ਅੰਦਾਜ਼ੀ ਕੀਤੀ ਜਾਣ ਲੱਗ ਪਈ ਸੀ। ਉਹਨਾ 'ਤੇ ਨਜ਼ਰ ਰੱਖੀ ਜਾਣ ਲੱਗ ਪਈ ਸੀ ਕਿ ਉਹ ਕਿਸ ਨਾਲ ਗੱਲ ਕਰ ਰਹੇ ਹਨ ਅਤੇ ਕਿਸ ਨੂੰ ਮਿਲ ਰਹੇ ਹਨ। ਅਸਤੀਫੇ ਦੇ ਬਹੁਤ ਸਾਰੇ ਕਾਰਨ ਦੱਸੇ ਜਾ ਰਹੇ ਹਨ, ਪਰ ਅਸਲ ਕਾਰਨਾਂ ਵਾਰੇ ਕੋਈ ਵੀ ਪੱਤਰਕਾਰ ਦਾਅਵਾ ਨਹੀ ਕਰ ਰਿਹਾ। ਪੀ ਐੱਮ ਦੇ ਰੁੱਖੇ ਜਿਹੇ ਟਵੀਟ ਨੇ ਕਾਫੀ ਕੁਝ ਜ਼ਾਹਰ ਕਰ ਦਿੱਤਾ ਹੈ। 'ਅਮਰ ਉਜਾਲਾ' ਦੇ ਸਲਾਹਕਾਰ ਸੰਪਾਦਕ ਵਿਨੋਦ ਅਗਨੀਹੋਤਰੀ ਦਾ ਕਹਿਣਾ ਹੈ ਕਿ ਬਿਮਾਰੀ ਦੇ ਲੱਛਣ ਤਾਂ ਗਿਣਾਏ ਜਾ ਰਹੇ ਹਨ, ਪਰ ਬਿਮਾਰੀ ਦੀ ਜੜ੍ਹ ਬਾਰੇ ਕਿਸੇ ਨੂੰ ਕੁਝ ਵੀ ਨਹੀਂ ਪਤਾ। ਇਸੇ ਤਰਾਂ ਸਤਿਆ ਹਿੰਦੀ ਦੇ ਸੰਪਾਦਕ ਆਸ਼ੂਤੋਸ਼ ਦਾ ਦਾਅਵਾ ਹੈ ਕਿ ਬਹੁਤ ਦਿਨਾਂ ਤੋਂ ਉਹ ਡੂੰਘੇ ਸਦਮੇ ਵਿੱਚ ਸਨ ਅਤੇ ਆਪਣੇ ਆਪ ਨੂੰ ਬੇਇੱਜ਼ਤ ਮਹਿਸੂਸ ਕਰ ਰਹੇ ਸਨ।

ਅਸਤੀਫੇ ਦੇ ਅਸਲ ਕਾਰਨ ਦਾ ਪਤਾ ਉਦੋਂ ਲੱਗੇਗਾ, ਜਦੋਂ ਦੋਹਾਂ ਧਿਰਾਂ ਵਿਚੋਂ ਕੋਈ ਆਪਣਾ ਮੂੰਹ ਖੋਲ੍ਹੇਗਾ। ਮੋਦੀ ਸਰਕਾਰ ਦੀ ਉਹਨਾਂ ਨਾਲ ਸਖਤ ਨਰਾਜ਼ਗੀ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅਸਤੀਫੇ ਤੋਂ ਤੁਰੰਤ ਬਾਅਦ ਉਹਨਾ ਦੇ ਸਰਕਾਰੀ ਘਰ ਵਿਚ ਸਥਿਤ ਸਕੱਤਰੇਤ ਅਤੇ ਕਿਚਨ ਨੂੰ ਸੀਲ ਕਰ ਕੇ ਉਹਨਾਂ ਨੂੰ ਤੁਰੰਤ ਇਨਕਲੇਵ ਖਾਲੀ ਕਰਨ ਲਈ ਕਹਿ ਦਿੱਤਾ ਗਿਆ ਹੈ। ਹਾਲਾਂ ਕਿ ਸੇਵਾਮੁਕਤ ਹੋਣ ਤੋਂ ਬਾਅਦ ਉਪ ਰਾਸ਼ਟਰਪਤੀ ਨੂੰ ਨਿਯਮਾਂ ਅਨੁਸਾਰ ਘਰ ਖਾਲੀ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਜਾਂਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਅਸਤੀਫਾ ਦੇਣ ਜਾਂ ਲੈਣ ਲਈ ਇਹ ਵਕਤ ਕਿਉਂ ਚੁਣਿਆ ਗਿਆ? ਭਾਜਪਾ ਸਰਕਾਰ ਸਵਾਲਾਂ ਦੇ ਘੇਰੇ ਵਿਚ ਸੀ। ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਦੀ ਸੈਸ਼ਨ ਦੌਰਾਨ ਘੇਰਾਬੰਦੀ ਦੀ ਤਿਆਰੀ ਕੀਤੀ ਹੋਈ ਸੀ। ਵਿਰੋਧੀ ਧਿਰ ਪੀ ਐੱਮ ਤੋਂ ਅਪਰੇਸਨ ਸਿੰਧੂਰ ਸਮੇਤ ਚੋਣ ਅਯੋਗ ਦੀ ਮਨਮਾਨੀ ਅਤੇ ਵਿਦੇਸ ਨੀਤੀ ਆਦਿ ਬਾਰੇ ਅਨੇਕਾਂ ਸਵਾਲਾਂ ਵਾਰੇ ਸਪੱਸ਼ਟੀਕਰਨ ਬਾਰੇ। ਸਰਕਾਰ ਕੋਲ ਵਿਰੋਧੀ ਧਿਰ ਦੇ ਸਵਾਲਾਂ ਦਾ ਕੋਈ ਜਵਾਬ ਨਾ ਹੋਣ ਕਰਕੇ ਉਹ ਹਰ ਹਾਲਤ ਵਿਚ ਉਹਨਾਂ ਸਵਾਲਾਂ ਤੋਂ ਬਚਣਾ ਚਾਹੁੰਦੀ ਸੀ। ਉਪ ਰਾਸ਼ਟਰਪਤੀ ਨੂੰ ਬਲੀ ਦਾ ਬੱਕਰਾ ਬਣਾ ਕੇ ਮੋਦੀ ਸਰਕਾਰ ਪਤਲੀ ਗਲੀ ਵਿੱਚੋਂ ਨਿਕਲਣ ਲਈ ਵਾਹ ਲਾ ਰਹੀ ਹੈ। ਦੇਸ਼ ਨੂੰ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਵਿਚ ਘਿਰਿਆ ਛੱਡ ਕੇ ਪ੍ਰਧਾਨ ਸੇਵਕ ਵਿਦੇਸ਼ ਰਵਾਨਾ ਹੋ ਗਏ ਹਨ। ਉਹਨਾ ਦੀ ਕਾਰਜ ਸ਼ੈਲੀ 'ਤੇ ਪੰਜਾਬੀ ਦਾ ਇਹ ਅਖਾਣ ਪੂਰੀ ਤਰਾਂ ਫਿੱਟ ਬੈਠਦਾ ਹੈ 'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ "।

# ਸੰਪਰਕ : +61482069176
ਮੈਲਬੌਰਨ (ਆਸਟ੍ਰੇਲੀਆ)

29-JULY-PAGE-5.qxd 7/28/2025 10:37 PM Page 1



# ਕਾਮਰੇਡ ਭਗਵੰਤ ਸਿੰਘ ਮਜ਼ਦੂਰ ਲਹਿਰ ਦਾ ਹਰਮਨ-ਪਿਆਰਾ ਆਗੂ ਸੀ : ਗੋਰੀਆ

- ਮੁਹਾਲੀ ਰੈਲੀ 'ਚ ਸ਼ਮੂਲੀਅਤ ਲਈ ਜ਼ੋਰਦਾਰ ਅਪੀਲ
- ਅਸੂਲਾਂ 'ਤੇ ਪਹਿਰਾ ਦੇਣ ਵਾਲਾ ਸੀ : ਸੂਰਤ ਸਿੰਘ ਧਰਮਕੋਟ



**ਬੁੱਧ ਸਿੰਘ ਵਾਲਾ (ਬਾਘਾ ਪੁਰਾਣਾ)** : ਕਾਮਰੇਡ ਭਗਵੰਤ ਸਿੰਘ ਖੇਤ ਮਜ਼ਦੂਰ ਲਹਿਰ ਦਾ ਵਫਾਦਾਰ ਅਤੇ ਹਰਮਨ-ਪਿਆਰਾ ਆਗੂ ਸੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਕੀਤਾ। ਉਹ ਇੱਥੇ ਭਗਵੰਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕਰਵਾਏ ਵਿਸ਼ਾਲ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਭਗਵੰਤ ਸਿੰਘ ਨੇ ਆਪਣੀ ਜ਼ਿੰਦਗੀ ਦੇ 50 ਸਾਲ ਖੇਤ ਮਜ਼ਦੂਰਾਂ ਦੀ ਆਰਥਿਕ ਤੇ ਸਮਾਜਿਕ ਬਿਹਤਰੀ ਲਈ ਸਮਰਪਿਤ ਕਰ ਦਿੱਤੇ। ਆਪਣੇ ਵਰਗ ਲਈ ਕੀਤੇ ਸੰਘਰਸ਼ਾਂ ਰਾਹੀਂ ਭਗਵੰਤ ਸਿੰਘ ਤੇ ਉਹਨਾ ਦੇ ਸੰਗੀ-ਸਾਥੀਆਂ ਨੇ ਸਾਰਥਿਕ ਨਤੀਜੇ ਵੀ ਕੱਢੇ।ਕਾਮਰੇਡ ਗੋਰੀਆਂ ਨੇ ਕਿਹਾ ਕਿ ਮਨਰੇਗਾ ਦਾ ਕਾਨੂੰਨ ਇਹਨਾਂ ਵਰਗੇ ਸਿਰੜੀ ਸਾਥੀਆਂ ਦੀ ਬਦੌਲਤ ਹੋਂਦ ਵਿੱਚ ਆਇਆ ਸੀ। ਇਸ ਕਾਨੂੰਨ ਨੇ ਖੇਤ ਮਜ਼ਦੂਰਾਂ ਦੇ ਘਰਾਂ ਦੇ ਚੁੱਲ੍ਹਿਆਂ ਲਈ ਕੁਝ ਬਾਲਣ ਮੁਹੱਈਆ ਕਰਨ ਦਾ ਵਸੀਲਾ ਬਣਾਇਆ ਸੀ। ਕੇਂਦਰ ਸਰਕਾਰ ਵੱਲੋਂ ਉਸ ਵਸੀਲੇ 'ਤੇ ਵੀ ਵਾਰ ਕੀਤੇ ਜਾ ਰਹੇ ਹਨ। ਮਨਰੇਗਾ ਦਾ ਬਜਟ ਲਗਾਤਾਰ ਘਟਾਇਆ ਜਾ ਰਿਹਾ ਹੈ। ਸੀ ਪੀ ਆਈ ਦੇ ਕਾਰਜਕਰਨੀ ਦੇ ਮੈਂਬਰ ਨੇ ਕਿਹਾ ਕਿ ਖੇਤ ਮਜ਼ਦੂਰਾਂ ਨੂੰ ਲਾਮਬੰਦ ਕਰਨ ਵਾਲੀ ਸਿਆਸੀ ਧਿਰ ਕਮਿਊਨਿਸਟ ਪਾਰਟੀ ਹੈ। ਪਾਰਟੀ ਦੀ 25ਵੀਂ ਕਾਂਗਰਸ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਹੋ ਰਹੀ ਹੈ।ਉਹਨਾ ਸਾਰੇ ਸਾਥੀਆਂ ਨੂੰ ਮੁਹਾਲੀ ਰੈਲੀ ਵਿੱਚ ਸ਼ਿਰਕਤ ਕਰਨ ਦੀ ਜ਼ੋਰਦਾਰ ਅਪੀਲ ਕੀਤੀ।ਕੁੱਲ ਹਿੰਦ ਕਿਸਾਨ ਸਭਾ ਦੇ ਸੀਨੀਅਰ ਆਗੂ ਸੂਰਤ ਸਿੰਘ ਧਰਮਕੋਟ ਨੇ ਕਿਹਾ ਕਿ ਭਗਵੰਤ ਸਿੰਘ ਲੋਕ ਘੋਲਾਂ ਵਿੱਚ ਪਰਖਿਆ ਹੋਇਆ ਆਗੂ ਸੀ। ਧਰਮਕੋਟ ਨੇ ਪੰਜਾਬ ਵਿੱਚ ਅੱਤਵਾਦ ਦੇ ਦੌਰ ਦੀ ਉਸ ਘਟਨਾ ਦਾ ਵੀ ਜ਼ਿਕਰ ਕੀਤਾ, ਜਦੋਂ ਗੰਜੀ ਗੁਲਾਬ ਸਿੰਘ ਵਾਲਾ ਵਿਚ ਅਮੋਲਕ ਸਿੰਘ ਤੇ ਹੋਰ ਸਾਥੀ ਸ਼ਹੀਦ ਕਰ ਦਿੱਤੇ ਗਏ ਸਨ। ਉਹਨਾ ਦੱਸਿਆ ਕਿ ਭਗਵੰਤ ਸਿੰਘ ਵੀ ਉਸ ਟੀਮ ਵਿੱਚ ਸ਼ਾਮਿਲ ਸਨ, ਜੋ ਬਚ ਗਏ। ਉਸ ਵੱਡੀ ਤੇ ਦਿਲ ਹਿਲਾ ਦੇਣ ਵਾਲੀ ਘਟਨਾ ਉਪਰੰਤ ਭਗਵੰਤ ਸਿੰਘ ਭੋਰਾ ਭਰ ਵੀ ਨਾ ਡੋਲੇ, ਸਗੋਂ ਆਪਣੇ ਅਸੂਲਾਂ 'ਤੇ ਪਹਿਰਾ ਦੇਣ ਦਾ ਅਮਲ ਹੋਰ ਦ੍ਰਿੜ੍ਹ ਕਰ ਲਿਆ।

ਤਜਿੰਦਰਪਾਲ ਸਿੰਘ ਚੰਨੂ, ਬੂਟਾ ਸਿੰਘ ਰਣਸੀਂਹ, ਗੁਰਮੀਤ ਸਿੰਘ ਡੋਡੇ ਅਤੇ ਸ਼ੇਰ ਸਿੰਘ ਦੌਲਤਪੁਰ ਨੇ ਵੀ ਭਾਵਪੂਰਤ ਸ਼ਬਦਾਂ ਰਾਹੀਂ ਭਗਵੰਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਸ਼ਰਧਾਂਜਲੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਮਾਸਟਰ ਬਲਵਿੰਦਰ ਸਿੰਘ ਸਰਪੰਚ, ਬਲਕਾਰ ਸਿੰਘ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਗਿਆਨ ਚੰਦ ਸ਼ਰਮਾ, ਮਹਿੰਦਰ ਸਿੰਘ ਧੂੜਕੋਟ, ਗੁਰਦੀਪ ਸਿੰਘ, ਸਿਕੰਦਰ ਸਿੰਘ, ਗੁਰਨਾਮ ਸਿੰਘ ਮਾਹਲਾ, ਬਲਵੀਰ ਸਿੰਘ, ਕੁਲਦੀਪ ਸਿੰਘ, ਸੌਦਾਗਰ ਸਿੰਘ ਸਧਾਈਕੇ, ਮਾਰਕਫੈੱਡ ਦਾ ਸਟਾਫ, ਵੱਡੀ ਗਿਣਤੀ ਵਿੱਚ ਸੱਜਣ-ਮਿੱਤਰ, ਰਿਸ਼ਤੇਦਾਰ ਤੇ ਪਿੰਡ ਵਾਸੀ ਸ਼ਾਮਲ ਸਨ। ਸਟੇਜ ਸਕੱਤਰ ਦੇ ਫਰਜ ਸੀ ਪੀ ਆਈ ਦੇ ਬਲਾਕ ਸਕੱਤਰ ਗੁਰਮੀਤ ਸਿੰਘ ਵਾਂਦਰ ਨੇ ਨਿਭਾਏ।

# ਕੈਬਨਿਟ ਸਬ-ਕਮੇਟੀ ਵੱਲੋਂ ਸਾਂਝਾ ਫਰੰਟ ਨਾਲ ਹੋਣ ਵਾਲੀ ਮੀਟਿੰਗ ਮੁੜ ਮੁਲਤਵੀ

### *ਨਵੀਂ ਤਾਰੀਖ 20 ਅਗਸਤ ਕੀਤੀ ਗਈ ਨਿਸ਼ਚਿਤ*

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲਮਕ ਅਵਸਥਾ ਵਿੱਚ ਪਈਆਂ ਸਾਰੀਆਂ ਸਾਂਝੀਆਂ ਮੰਗਾਂ ਦਾ ਨਿਪਟਾਰਾ ਕਰਨ ਲਈ ਭਗਵੰਤ ਮਾਨ ਸਰਕਾਰ ਕਿੰਨੀ ਕੁ ਗੰਭੀਰ ਹੈ, ਇਸ ਦੀ ਮਿਸਾਲ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਬਣੀ ਕੈਬਨਿਟ ਸਬ ਕਮੇਟੀ ਵੱਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਨਾਲ ਹੋਣ ਵਾਲੀਆਂ ਮੀਟਿੰਗਾਂ ਵਾਰ ਵਾਰ ਮੁਲਤਵੀ ਹੋਣ ਤੋਂ ਮਿਲ ਜਾਂਦੀ ਹੈ।ਵਰਨਣਯੋਗ ਹੈ ਕਿ 14 ਜੂਨ ਨੂੰ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਸਮੇਂ ਹੋਏ ਐਕਸ਼ਨ ਤੋਂ ਬਾਅਦ ਪ੍ਰਸ਼ਾਸਨ ਵੱਲੋਂ 26 ਜੂਨ ਨੂੰ ਫਿਰ ਮੁਲਤਵੀ ਕਰਕੇ 15 ਜੁਲਾਈ ਤੇ ਫਿਰ ਦੁਬਾਰਾ ਮੁਲਤਵੀ ਕਰਕੇ 29 ਜੁਲਾਈ ਨੂੰ ਕੈਬਨਿਟ ਸਬ ਕਮੇਟੀ ਨਾਲ ਮੀਟਿੰਗਾਂ ਤੈਅ ਹੋਈਆਂ ਸਨ, ਇਹ ਸਾਰੀਆਂ ਮੀਟਿੰਗਾਂ ਕਿਸੇ ਨਾ ਕਿਸੇ ਬਹਾਨੇ ਮੁਲਤਵੀ ਹੋ ਗਈਆਂ ਤੇ ਇਸ ਤੋਂ ਪਹਿਲਾਂ ਵੀ ਮੀਟਿੰਗਾਂ ਮੁਲਤਵੀ ਕਰਨ ਦਾ ਭਗਵੰਤ ਮਾਨ ਸਰਕਾਰ ਨੇ ਇਤਿਹਾਸ ਸਿਰਜ ਲਿਆ ਹੈ।ਪੰਜਾਬ ਸਰਕਾਰ ਦੇ ਇਸ ਵਤੀਰੇ ਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾਈ ਵਰਕਿੰਗ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਤੇ ਗੁਰਜੀਤ ਸਿੰਘ ਘੋੜੇਵਾਹ ਅਤੇ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਨੂੰ ਸੱਤਾ ਦੇ ਨਸ਼ੇ ਵਿੱਚ ਆ ਕੇ ਪੰਜਾਬ ਦੇ ਲੋਕਾਂ, ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਸਾਰੇ ਚੋਣ ਵਾਅਦੇ ਭੁੱਲ ਗਏ ਹਨ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਵਤੀਰੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਆਉਣ ਵਾਲੇ ਸਮੇਂ ਦੌਰਾਨ ਤਿੱਖੇ ਸੰਘਰਸ਼ਾਂ ਰਾਹੀਂ ਢੁੱਕਵਾਂ ਜਵਾਬ ਦਿੱਤਾ ਜਾਵੇਗਾ।

**ਖ਼ਬਰ ਦਾ ਅਸਰ**

# ਅਰਬਨ ਅਸਟੇਟ 'ਚ ਫੈਲੀ ਗੰਦਗੀ ਦੀ ਪੁੱਡਾ ਵੱਲੋਂ ਸਫ਼ਾਈ ਮੁਹਿੰਮ ਤੇਜ਼



**ਪਟਿਆਲਾ (ਰਾਜਿੰਦਰ ਥਿੰਦ)**

ਪੁੱਡਾ ਵੱਲੋਂ ਅਰਬਨ ਅਸਟੇਟ ਅੰਦਰ ਫੈਲੀ ਗੰਦਗੀ ਤੇ ਕੂੜੇ ਦੇ ਢੇਰਾਂ ਦੀ ਸਫ਼ਾਈ ਨਾ ਕਰਵਾਉਣ ਤੇ ਅਰਬਨ ਅਸਟੇਟ ਦੀਆਂ ਰਿਹਾਇਸ਼ੀ ਕਲੋਨੀਆਂ ਫੇਜ਼-1, ਫੇਜ਼-2 ਤੇ ਫੇਜ਼-3 ਅੰਦਰ 'ਨਵਾਂ ਜ਼ਮਾਨਾ' ਅਖਬਾਰ ਵਿੱਚ ਪ੍ਰਕਾਸ਼ਿਤ ਹੋਈ ਖਬਰ ਤੋਂ ਬਾਅਦ ਪੁੱਡਾ ਪ੍ਰਸ਼ਾਸਨ ਵਿੱਚ ਹਫੜਾ-ਦਫ਼ੜੀ ਦਾ ਮਾਹੌਲ ਹੈ।ਪੁੱਡਾ ਦੇ ਪ੍ਰਬੰਧਕੀ ਅਫ਼ਸਰ ਦੀਆਂ ਹਦਾਇਤਾਂ 'ਤੇ ਐਕਸੀਅਨ, ਐੱਸ.ਡੀ.ਓ. ਤੇ ਜੇ.ਈ. ਤੋਂ ਇਲਾਵਾ ਹੋਰ ਦੂਸਰੇ ਕਰਮਚਾਰੀਆਂ ਵੱਲੋਂ ਅਰਬਨ ਅਸਟੇਟ ਦੀ ਸਫਾਈ ਤੇ ਸੜਕਾਂ 'ਤੇ ਖੜ੍ਹੀ ਕਾਂਗਰਸੀ ਬੂਟੀ ਨੂੰ ਕਟਾਉਣ ਤੇ ਕੂੜੇ ਦੀ ਸਾਫ਼ ਸਫ਼ਾਈ ਆਪਣੀ ਦੇਖ-ਰੇਖ ਵਿੱਚ ਸ਼ੁਰੂ ਕਰਵਾ ਦਿੱਤੀ ਹੈ ਅਤੇ ਸਾਰਾ ਅਮਲਾ ਏ. ਸੀ. ਦਫ਼ਤਰਾਂ ਵਿੱਚ ਬੈਠਣ ਦੀ ਥਾਂ ਸੜਕਾਂ ਉੱਤੇ ਠੇਕੇਦਾਰਾਂ ਦੀ ਲੇਬਰ ਵੱਲੋਂ ਕੀਤੀ ਜਾ ਰਹੀ ਹੈ ਸਫ਼ਾਈ ਦੀ ਨਿਗਰਾਨੀ ਕਰ ਰਿਹਾ ਹੈ।'ਨਵਾਂ ਜ਼ਮਾਨਾ' ਨਾਲ ਗੱਲਬਾਤ ਕਰਦੇ ਹੋਏ ਪੁੱਡਾ ਦੇ ਐਕਸੀਅਨ ਸੰਦੀਪ ਸ਼ਰਮਾ, ਐੱਸ.ਡੀ.ਓ. ਸੁਮਿਤ ਗੋਇਲ, ਜੇ.ਈ. ਅਮਰਿੰਦਰ ਸਿੰਘ (ਹੋਰਟੀਕਲਚਰ) ਤੇ ਪਬਲਿਕ ਹੈਲਥ ਦੇ ਐੱਸ.ਡੀ.ਓ. ਮਹਿਤਾ ਨੇ ਦੱਸਿਆ ਕਿ ਅਰਬਨ ਅਸਟੇਟ ਦੇ ਸਾਰੇ ਫੇਜ਼ਾਂ ਅੰਦਰ ਕੂੜੇ ਦੇ ਢੇਰਾਂ ਨੂੰ ਤੁਰੰਤ ਚੁਕਾਉਣ ਦੇ ਠੇਕੇਦਾਰਾਂ ਨੂੰ ਹੁਕਮ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਾਧੂ ਵੇਲਾ ਰੋਡ ਤੇ ਅਰਬਨ ਅਸਟੇਟ ਫੇਜ਼-3 ਦੇ ਨਾਲ-ਨਾਲ ਰੇਡੀਓ ਸਟੇਸ਼ਨ ਨੂੰ ਜਾਣ ਵਾਲੀ ਮੁੱਖ ਸੜਕ ਦੀ ਗਰੀਨ ਬੈਲਟ ਨੂੰ ਪਹਿਲ ਦੇ ਅਧਾਰ 'ਤੇ ਸਾਫ਼ ਕਰਵਾਇਆ ਜਾ ਰਿਹਾ ਹੈ, ਜਦੋਂਕਿ ਪਬਲਿਕ ਹੈਲਥ ਵਿਭਾਗ ਵੱਲੋਂ ਫੇਜ-1 ਤੇ ਫੇਜ-2 ਵਿਖੇ ਲੱਗੇ ਗੰਦਗੀ ਦੇ ਢੇਰਾਂ ਨੂੰ ਪਹਿਲ ਦੇ ਅਧਾਰ 'ਤੇ ਚੁਕਵਾ ਕੇ ਸਾਰੀਆਂ ਕਲੋਨੀਆਂ ਨੂੰ 15 ਦਿਨਾਂ 'ਚ ਸਾਫ਼ ਸੁਥਰਾ ਕਰਨ ਦਾ ਆਪਣਾ ਵਾਅਦਾ ਦੁਹਰਾਇਆ ਹੈ।ਉਨ੍ਹਾਂ ਕਿਹਾਕਿ ਇਹ ਠੀਕ ਹੈ ਕਿ ਕੂੜਾ ਤੇ ਗੰਦਗੀ ਸਾਫ਼ ਕਰਵਾਉਣਾ ਪੁੱਡਾ ਪ੍ਰਸ਼ਾਸਨ ਦਾ ਕੰਮ ਹੈ, ਪ੍ਰੰਤੂ ਉਨ੍ਹਾਂ ਇਹ ਗਿਲਾ ਕੀਤਾ ਕਿ ਪੜ੍ਹੇ-ਲਿਖੇ ਲੋਕ ਤੇ ਦੁਕਾਨਦਾਰ ਸੜਕਾਂ ਉੱਤੇ ਜਾਣਬੁੱਝ ਕੇ ਕੂੜਾ ਕਰਕਟ ਸੁੱਟ ਕੇ ਗੰਦਗੀ ਦੇ ਢੇਰ ਜਮ੍ਹਾ ਕਰ ਦਿੰਦੇ ਹਨ।ਉਨ੍ਹਾਂ ਮੀਡੀਆ ਰਾਹੀਂ ਕਲੋਨੀ ਵਾਸੀ ਤੇ ਦੁਕਾਨਦਾਰਾਂ ਨੂੰ ਬੇਨਤੀ ਕੀਤੀ ਕਿ ਉਹ ਪਾਰਕਾਂ ਦੀ ਰਹਿੰਦ-ਖੂੰਹਦ ਤੇ ਕਚਰੇ ਨੂੰ ਸੜਕਾਂ ਕਿਨਾਰੇ ਨਾ ਸੁੱਟਣ।ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਹੈ ਤਾਂ ਉਸ ਵਿਰੁੱਧ ਪੁੱਡਾ ਪ੍ਰਸ਼ਾਸਨ ਸਖ਼ਤ ਕਾਰਵਾਈ ਅਮਲ ਵਿੱਚ ਲਿਆਏਗੀ।

'ਨਵਾਂ ਜ਼ਮਾਨਾ' ਅਖਬਾਰ ਵੱਲੋਂ ਸਫ਼ਾਈ ਦੇ ਮੁੱਦੇ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਣ ਲਈ ਅਦਾਰੇ ਦਾ ਧੰਨਵਾਦ ਕਰਦੇ ਹੋਏ ਅਰਬਨ ਅਸਟੇਟ ਫੇਜ-2 ਦੀ ਰੈਜ਼ੀਡੈਂਸ ਵੈੱਲਫੇਅਰ ਦੇ ਪ੍ਰਧਾਨ ਪਰਮਜੀਤ ਸਿੰਘ ਮਹਿਮੂਦਪੁਰ, ਸਾਬਕਾ ਆਈ. ਏ. ਐਸੱ. ਅਧਿਕਾਰੀ ਮਨਜੀਤ ਸਿੰਘ ਨਾਰੰਗ, ਆੜ੍ਹਤੀ ਐਸੋ. ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਨਵਦੀਪ ਸਿੰਘ ਬਿੱਟੂ, ਸ਼ਾਮ ਲਾਲ ਫੀਲਡ ਅਫ਼ਸਰ, ਲਾਲ ਸਿੰਘ ਇੰਸਪੈਕਟਰ ਪਨਸਪ, ਜਗਰੂਪ ਸਿੰਘ ਤੋਂ ਇਲਾਵਾ ਫੇਜ-3 ਦੇ ਨਿਵਾਸੀ, ਰਾਜਿੰਦਰ ਸਿੰਘ ਥਿੰਦ, ਪਰੇਮ ਸਿੰਘ ਸਰਪੰਚ ਸਵਾਈ ਸਿੰਘ ਵਾਲਾ, ਗੁਰਦੀਪ ਸਿੰਘ (ਡੀ. ਐੱਫ. ਐੱਸ. ਸੀ. ਰਿਟਾਇਰਡ), ਡਾ. ਮਲਕੀਤ ਸਿੰਘ ਮਾਨ, ਆਰ. ਕੇ. ਸੈਣੀ, ਜਸਬੀਰ ਸਿੰਘ ਗਿੱਲ, ਗੁਰਦੀਪ ਸਿੰਘ ਬੈਂਕ ਮੈਨੇਜਰ, ਮਨਮੋਹਨ ਸਿੰਘ ਅਰੋੜਾ, ਬੀ. ਐੱਸ. ਸਿੱਧੂ, ਅਮੋਲਕ ਸਿੰਘ ਫੀਲਡ ਅਫ਼ਸਰ, ਬੂਟਾ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਜ ਕੁਮਾਰ ਇੰਸਪੈਕਟਰ, ਬੀ. ਐੱਸ. ਭੰਗੂ, ਡਾ. ਯਾਦਵਿੰਦਰ ਸਿੰਘ ਨੇ ਪੁੱਡਾ ਪ੍ਰਸ਼ਾਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਕਲੋਨੀਆਂ ਦੇ ਵਸਨੀਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਪਹਿਲ ਦੇ ਆਧਾਰ 'ਤੇ ਨਿਜਾਤ ਦਿਵਾਈ ਜਾਵੇ।

# ਪੰਜਾਬ ਪੈਨਸ਼ਨਰ ਯੂਨੀਅਨ ਵੱਲੋਂ ਮੁੱਖ ਮੰਤਰੀ ਦੇ ਨਾਂਅ ਅੱਜ ਦਿੱਤੇ ਜਾਣਗੇ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਨੇ ਪੰਜਾਬ ਰੋਡਵੇਜ਼ ਦੇ ਇੰਸਪੈਕਟਰਾਂ ਦੇ ਤਨਖਾਹ ਸਕੇਲਾਂ ਸਬੰਧੀ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਜਨਰਲਾਇਜ਼ ਕਰਵਾਉਣ ਵਾਸਤੇ 29 ਜੁਲਾਈ ਨੂੰ ਪੰਜਾਬ ਰੋਡਵੇਜ਼ ਦੇ ਸਮੂਹ ਡਿੱਪੂ ਮੈਨੇਜਰਾਂ ਨੂੰ ਮਿਲ ਕੇ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਇਹ ਫੈਸਲਾ ਬੀਤੇ ਦਿਨੀਂ ਜਥੇਬੰਦੀ ਦੇ ਸੂਬਾ ਵਰਕਿੰਗ ਪ੍ਰਧਾਨ ਕਾਮਰੇਡ ਜਗਤਾਰ ਸਿੰਘ ਭੁੰਗਰਨੀ ਤੇ ਗੁਰਜੀਤ ਸਿੰਘ ਘੋੜੇਵਾਹ ਦੀ ਸਾਂਝੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ ਮੀਟਿੰਗ ਦੌਰਾਨ ਲਿਆ ਗਿਆ ਹੈ।ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਇਸ ਸਬੰਧੀ ਮੰਗ ਪੱਤਰ ਤਿਆਰ ਕਰਕੇ ਵੱਖ ਵੱਖ ਜ਼ਿਲ੍ਹਾ ਕਮੇਟੀਆਂ ਦੇ ਆਗੂਆਂ ਨੂੰ ਭੇਜ ਦਿੱਤੇ ਗਏ ਹਨ।ਇਸ ਦੌਰਾਨ ਜਥੇਬੰਦੀ ਦੇ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਬਚਿੱਤਰ ਸਿੰਘ ਧੋਥੜ, ਪੋਹਲਾ ਸਿੰਘ ਬਰਾੜ, ਅਜਮੇਰ ਸਿੰਘ ਦੱਦਾਹੂਰ, ਚਮਕੌਰ ਸਿੰਘ ਲੰਗੇਆਣਾ, ਸੱਤ ਪਾਲ ਸਹਿਗਲ, ਅਜਮੇਰ ਸਿੰਘ ਅਖਾੜਾ ਤੇ ਭੁਪਿੰਦਰ ਸਿੰਘ ਭਿੰਦਾ ਨੇ ਦੱਸਿਆ ਕਿ 29 ਜੁਲਾਈ ਨੂੰ ਸਵੇਰੇ 11 ਵਜੇ ਜਨਰਲ ਮੈਨੇਜਰ ਪੰਜਾਬ ਰੋਡਵੇਜ਼ ਮੋਗਾ ਨੂੰ ਮਿਲ ਕੇ ਮੰਗ ਪੱਤਰ ਦੇਣ ਦਾ ਪ੍ਰੋਗਰਾਮ ਬਣਾਇਆ ਗਿਆ ਹੈ।ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਆਪਣੇ ਸਵਾ ਤਿੰਨ ਸਾਲ ਤੋਂ ਵੱਧ ਦੇ ਰਾਜ ਭਾਗ ਤੋਂ ਬਾਅਦ ਵੀ ਪੰਜਾਬ ਦੇ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਸਾਰੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਪੰਜਾਬ ਸਰਕਾਰ ਬੁਰੀ ਤਰ੍ਹਾਂ ਅਸਫਲ ਸਾਬਿਤ ਹੋਈ ਹੈ।ਇੱਕ ਪਾਸੇ ਪੰਜਾਬ ਦੀ ਸਾਰੀ ਉੱਚ ਅਫ਼ਸਰਸ਼ਾਹੀ 55 ਫੀਸਦੀ ਮਹਿੰਗਾਈ ਭੱਤਾ ਲੈ ਰਹੀ ਹੈ ਅਤੇ ਤਨਖਾਹ ਕਮਿਸ਼ਨ ਦਾ ਸਾਰਾ ਬਣਦਾ ਬਕਾਇਆ ਲੈ ਕੇ ਡਕਾਰ ਗਈ ਹੈ ਅਤੇ ਦੂਜੇ ਪਾਸੇ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਬਣਦਾ 55 ਫੀਸਦੀ ਡੀ ਏ ਦੇਣ ਤੇ ਤਨਖਾਹ ਕਮਿਸ਼ਨ ਦਾ ਬਣਦਾ ਬਕਾਇਆ ਦੇਣ ਸਮੇਂ ਹੁਕਮਰਾਨਾਂ ਨੂੰ ਗੁੰਮਰਾਹ ਕਰ ਰਹੀ ਹੈ।

ਆਗੂਆਂ ਨੇ ਕਿਹਾ ਕਿ ਪੰਜਾਬ ਦੇ ਵੱਖ-ਵੱਖ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿੱਚ ਜਨਵਰੀ 2004 ਤੋਂ ਪਹਿਲਾਂ ਭਰਤੀ ਲਗਭਗ ਦੋ ਲੱਖ ਮੁਲਾਜ਼ਮਾਂ ਨਾਲ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਕੀਤਾ ਗਿਆ ਵਾਅਦਾ ਅਜੇ ਤੱਕ ਹਵਾ ਵਿੱਚ ਲਟਕ ਰਿਹਾ ਹੈ।ਪੰਜਾਬ ਸਰਕਾਰ ਮਾਨਯੋਗ ਸਰਬ-ਉੱਚ ਅਦਾਲਤ ਵੱਲੋਂ ਮੁਲਾਜ਼ਮਾਂ ਦੇ ਹੱਕ ਵਿੱਚ ਕੀਤੇ ਗਏ ਕਈ ਫੈਸਲਿਆਂ ਨੂੰ ਲਾਗੂ ਕਰਨ ਦੀ ਬਜਾਏ ਆਨੇ-ਬਹਾਨੇ ਕਰਕੇ ਲਗਾਤਾਰ ਲਮਕਾ ਰਹੀ ਹੈ ਅਤੇ ਹਰ ਹਰਬਾ ਵਰਤ ਕੇ ਇਹ ਫੈਸਲੇ ਲਾਗੂ ਕਰਨ ਤੋਂ ਭੱਜ ਰਹੀ ਹੈ।

# ਮਾਤਾ ਨੈਣਾ ਦੇਵੀ ਤੋਂ ਆ ਰਿਹਾ ਸ਼ਰਧਾਲੂਆਂ ਦਾ ਟੈਂਪੂ ਨਹਿਰ 'ਚ ਡਿੱਗਾ

- 8 ਵਿਅਕਤੀਆਂ ਦੀ ਮੌਕੇ 'ਤੇ ਮੌਤ, 2 ਪਾਣੀ ਦੇ ਤੇਜ਼ ਵਹਾਅ 'ਚ ਲਾਪਤਾ
- 19 ਵਿਅਕਤੀਆਂ ਨੂੰ ਨਹਿਰ 'ਚੋਂ ਸਹੀ-ਸਲਾਮਤ ਕੱਢਿਆ



**ਖੰਨਾ (ਸੁਖਵਿੰਦਰ ਭਾਦਲਾ)**

ਐਤਵਾਰ ਦੀ ਦੇਰ ਰਾਤ ਤਕਰੀਬਨ 10 ਵਜੇ ਦੇ ਕਰੀਬ ਥਾਣਾ ਮਲੌਦ ਅਧੀਨ ਪੈਂਦੀ ਸਰਹੰਦ ਨਹਿਰ ਦੇ ਜਗੇੜਾ ਪੁਲ ਤੋਂ ਸਵਾਰੀਆਂ ਨਾਲ ਭਰਿਆ ਛੋਟਾ ਹਾਥੀ ਟੈਂਪੂ ਨਹਿਰ ਵਿੱਚ ਡਿੱਗਣ ਕਾਰਨ 8 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 2 ਦੀ ਅਜੇ ਵੀ ਭਾਲ ਕੀਤੀ ਜਾ ਰਹੀ ਸੀ। 19 ਨੂੰ ਬਚਾਅ ਲਿਆ ਗਿਆ। ਟੈਂਪੂ ਵਿੱਚ ਸਵਾਰ ਲੋਕ ਜ਼ਿਲ੍ਹਾ ਮਲੇਰਕੋਟਲਾ ਦੇ ਥਾਣਾ ਸਦੌੜ ਦੇ ਪਿੰਡ ਮਨਕਵਾਲ ਨਾਲ ਸੰਬੰਧਤ ਸਨ।ਇਹ ਸਵਾਰੀਆਂ ਹਿਮਾਚਲ ਪ੍ਰਦੇਸ਼ ਤੋਂ ਮਾਤਾ ਨੈਣਾ ਦੇਵੀ ਦੇ ਦਰਸ਼ਨ ਕਰਕੇ ਵਾਪਸ ਪਰਤ ਰਹੀਆਂ ਸਨ।ਜਦੋਂ ਇਹ ਟੈਂਪੂ ਟਾਟਾ ਏਸ ਨੰਬਰ ਪੀਬੀ 05 ਏ ਐੱਨ 5072, ਜਿਹੜਾ ਕਿ ਵਾਇਆ ਪਾਇਲ ਤੋਂ ਰਾੜਾ ਸਾਹਿਬ ਨਹਿਰ ਦੇ ਨਾਲ ਨਾਲ ਜਾ ਰਿਹਾ ਸੀ, ਜਦੋਂ ਇਹ ਮੰਦਭਾਗਾ ਟੈਂਪੂ ਜਗੇੜਾ ਪੁਲ 'ਤੇ ਪਹੁੰਚਿਆ ਤਾਂ ਸਵਾਰੀਆਂ ਸਮੇਤ ਨਹਿਰ ਵਿੱਚ ਡਿੱਗ ਗਿਆ।ਇਸ ਟੈਂਪੂ ਵਿੱਚ ਸਵਾਰ ਸ਼ਰਧਾਲੂ ਨਹਿਰ ਵਿੱਚ ਡਿੱਗ ਗਏ।ਇਹ ਹਾਦਸੇ ਨੂੰ ਦੇਖਦੇ ਰਾਹਗੀਰ ਤੇ ਸਥਾਨਕ ਲੋਕਾਂ ਵੱਲੋਂ ਤੁਰੰਤ ਇਸ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਗਈ।ਇਸ ਘਟਨਾ ਦੀ ਜਾਣਕਾਰੀ ਮਿਲਦੇ ਸਾਰ ਡੀ ਐੱਸ ਪੀ ਪਾਇਲ ਹੇਮੰਤ ਮਲਹੋਤਰਾ ਐੱਸ ਐੱਚ ਓ ਪਾਇਲ ਐੱਸ ਐੱਚ ਓ ਮਲੌਦ, ਐੱਸ ਐੱਸ ਪੀ ਖੰਨਾ ਜੋਤੀ ਯਾਦਵ ਬੈਂਸ ਘਟਨਾ ਸਥਾਨ 'ਤੇ ਪਹੁੰਚ ਕੇ ਰਾਹਤ ਕਾਰਜ ਸ਼ੁਰੂ ਕਰਵਾ ਦਿੱਤੇ ਗਏ।ਨਹਿਰ ਵਿੱਚ ਰੁੜ੍ਹੇ ਗਏ ਸ਼ਰਧਾਲੂਆਂ ਨੂੰ ਕੱਢਣ ਲਈ ਗੋਤਾਖੋਰਾਂ, ਸਥਾਨਕ ਲੋਕਾਂ ਦੀ ਦੀ ਮਦਦ ਲਈ ਗਈ। ਨਹਿਰ ਵਿੱਚੋਂ ਬਾਹਰ ਕੱਢੇ ਗਏ ਵਿਅਕਤੀਆਂ 'ਚੋਂ ਕ੍ਰਿਸ਼ਨਾ ਕੌਰ, ਜਰਨੈਲ ਸਿੰਘ, ਮਨਜੀਤ ਕੌਰ, ਛੋਟਾ ਬੱਚਾ ਸੁਖਮਨ ਸਿੰਘ, ਅਰਸ਼ਦੀਪ ਸਿੰਘ ਤੇ ਕਮਲਜੀਤ ਕੌਰ ਨੂੰ ਮ੍ਰਿਤਕ ਹਾਲਤ ਵਿੱਚ ਬਾਹਰ ਕੱਢਿਆ ਗਿਆ।ਇਸ ਤੋਂ ਇਲਾਵਾ ਕੇਸਰ ਸਿੰਘ, ਬੱਚੀ ਅਰਸ਼ਦੀਪ ਕੌਰ, ਗੁਰਪ੍ਰੀਤ ਸਿੰਘ, ਮਨਿੰਦਰ ਕੌਰ ਨਹਿਰ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਏ ਹਨ, ਜਿਨ੍ਹਾਂ ਦੀ ਭਾਲ ਜਾਰੀ ਹੈ।ਇਸ ਤੋਂ ਇਲਾਵਾ ਟੈਂਪੂ ਡਰਾਈਵਰ ਗੁਰਵਿੰਦਰ ਸਿੰਘ, ਰਣਜੀਤ ਕੌਰ, ਮਨਵੀਰ ਸਿੰਘ, ਕੁਲਵਿੰਦਰ ਸਿੰਘ, ਮਨਿੰਦਰ ਸਿੰਘ, ਛਿੰਦਰ ਸਿੰਘ, ਕਾਕਾ ਸਿੰਘ, ਜਸਵਿੰਦਰ ਸਿੰਘ, ਸਰਬਜੀਤ ਸਿੰਘ, ਸੰਨੀ ਉਮਰ, ਸੰਦੀਪ ਕੌਰ, ਭਾਗ ਸਿੰਘ, ਬਿੰਦਰ ਸਿੰਘ, ਕਮਲਜੀਤ ਕੌਰ, ਸਰਬਜੀਤ ਕੌਰ, ਜਸਬੀਰ ਕੌਰ, ਜਗਵੀਰ ਸਿੰਘ, ਚਰਨਜੀਤ ਸਿੰਘ ਤੇ ਜਸ਼ਨ ਸਿੰਘ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਸਥਾਨਕ ਲੋਕਾਂ ਤੇ ਗੋਤਾਖੋਰਾਂ ਦੀ ਮਦਦ ਨਾਲ ਨਹਿਰ ਵਿੱਚੋਂ ਸਹੀ ਸਲਾਮਤ ਬਾਹਰ ਕੱਢਿਆ ਗਿਆ।ਇਸ ਮੌਕੇ ਐੱਸ ਐੱਸ ਪੀ ਖੰਨਾ ਜੋਤੀ ਯਾਦਵ ਬੈਂਸ ਖੰਨਾ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਅਜੇ ਵੀ ਬਚਾਅ ਕਾਰਜ ਜਾਰੀ ਹਨ, ਕੋਈ ਵੀ ਵਿਅਕਤੀ ਜੇਕਰ ਸਹਿਯੋਗ ਦੇ ਸਕਦਾ ਹੈ, ਉਹ ਜ਼ਰੂਰ ਦੇਵੇ।ਇਸ ਹਾਦਸੇ ਦੇ ਕਾਰਨ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਦੇਖਣ ਤੋਂ ਇਹ ਵਾਹਨ ਛੋਟਾ ਲੱਗਦਾ ਹੈ।ਇਸ ਵਿੱਚ ਸਵਾਰੀਆਂ ਜ਼ਿਆਦਾ ਬਿਠਾਈਆਂ ਹੋਈਆਂ ਸਨ।ਹਾਦਸੇ ਦਾ ਕਾਰਨ ਓਵਰਲੋਡ ਵੀ ਹੋ ਸਕਦਾ ਹੈ।ਉਸ ਤੋਂ ਇਲਾਵਾ ਦੂਜਾ ਕਾਰਨ ਇਹ ਵੀ ਲੱਗ ਰਿਹਾ ਹੈ ਕਿ ਇਹ ਵਾਹਨ ਕਿਸੇ ਵਾਹਨ ਨੂੰ ਓਵਰਟੇਕਿੰਗ ਕਰਨ ਲੱਗਿਆ ਹੋਵੇ ਤੇ ਓਵਰਟੇਕ ਕਰਦੇ ਸਮੇਂ ਬੇਕਾਬੂ ਹੋ ਕੇ ਨਹਿਰ ਵਿੱਚ ਡਿੱਗਿਆ ਹੋਵੇ, ਇਸ ਤੋਂ ਇਲਾਵਾ ਅਜੇ ਜਾਂਚ ਚੱਲ ਰਹੀ ਹੈ।ਘਟਨਾ ਸਥਾਨ 'ਤੇ ਪਹੁੰਚੇ ਹਲਕਾ ਪਾਇਲ ਤੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਹਸਪਤਾਲ ਵਿੱਚ ਜ਼ਖਮੀ ਦਾ ਹਾਲ-ਚਾਲ ਪਤਾ ਕੀਤਾ ਤੇ ਪ੍ਰਸ਼ਾਸਨ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾਵੇ।

# ਪੈਰਾ-ਮੈਡੀਕਲ ਤੇ ਸਿਹਤ ਕਰਮਚਾਰੀ ਯੂਨੀਅਨ ਵੱਲੋਂ ਧਰਨਾ ਮੁਲਤਵੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਿਵਲ ਸਰਜਨ ਫਿਰੋਜ਼ਪੁਰ ਵੱਲੋਂ ਪੈਰਾ ਮੈਡੀਕਲ ਸਿਹਤ ਕਰਮਚਾਰੀ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਨੂੰ 29 ਜੁਲਾਈ 2025 ਦੇ ਦਿੱਤੇ ਹੋਏ ਧਰਨੇ ਦੇ ਸਬੰਧ ਵਿੱਚ ਇਕ ਮਾਸ ਡੈਪੂਟੇਸ਼ਨ ਜਨਰਲ ਸਕੱਤਰ ਜਸਵਿੰਦਰ ਸਿੰਘ ਕੌੜਾ ਦੀ ਪ੍ਰਧਾਨਗੀ ਹੇਠ ਬੁਲਾਇਆ ਗਿਆ, ਜਿਸ ਵਿੱਚ ਸਿਵਲ ਹਸਪਤਾਲ ਫਿਰੋਜ਼ਪੁਰ ਵਿੱਚ ਕੰਮ ਕਰ ਰਹੀ ਮਹਿਲਾ ਕਰਮਚਾਰੀ ਨਾਲ ਮਾੜਾ ਵਤੀਰਾ ਤੇ ਗੈਰ-ਦਫਤਰੀ ਭਾਸ਼ਾ ਬੋਲਣ ਦੇ ਰੋਸ ਵਜੋਂ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਨਾਲ ਸਿਵਲ ਸਰਜਨ ਫਿਰੋਜ਼ਪੁਰ ਡਾਕਟਰ ਰਾਜਵਿੰਦਰ ਕੌਰ ਨੇ ਵਿਸਤਾਰ ਵਿੱਚ ਗੱਲਬਾਤ ਕੀਤੀ ਤੇ ਉਸੇ ਸਮੇਂ ਡਾਕਟਰ ਮਨਦੀਪ ਖੰਗੂਰਾ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਰੇਖਾ ਦੀ ਮੌਜੂਦਗੀ ਵਿੱਚ ਜਥੇਬੰਦੀ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਡਾਕਟਰ ਮਨਦੀਪ ਖੰਗੂਰਾ ਵੱਲੋਂ ਕਿਸੇ ਮੁਲਾਜ਼ਮ ਵਿਰੁੱਧ ਉਸ ਦੇ ਜਾਤੀ ਪ੍ਰਤੀ ਤੇ ਉਸ ਦੇ ਪਹਿਰਾਵੇ ਪ੍ਰਤੀ ਕੋਈ ਮੰਦ ਭਾਗੇ ਸ਼ਬਦ ਨਹੀਂ ਬੋਲੇ ਜਾਣਗੇ ਤੇ ਜਥੇਬੰਦੀ ਪ੍ਰਤੀ ਮਾੜੇ ਵਤੀਰੇ ਨੂੰ ਠੀਕ ਕਰਦਿਆਂ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਪ੍ਰਤੀ ਕੋਈ ਹੀਨ ਭਾਵਨਾ ਨਹੀਂ ਰੱਖਣਗੇ। ਇਸ ਸਮੇਂ ਜਥੇਬੰਦੀ ਦੇ ਮੀਤ ਪ੍ਰਧਾਨ ਪੰਜਾਬ ਨਰਿੰਦਰ ਸ਼ਰਮਾ ਨੇ ਸਿਵਲ ਸਰਜਨ ਫਿਰੋਜ਼ਪੁਰ ਨਾਲ ਸਿਵਲ ਹਸਪਤਾਲ ਫਿਰੋਜ਼ਪੁਰ ਵਿੱਚ ਕਈ ਤਰ੍ਹਾਂ ਦੀਆਂ ਕਮੀਆਂ ਪੇਸ਼ੀਆਂ ਬਾਰੇ ਤੇ ਮਲਟੀਪਰਪਜ਼ ਹੈੱਲਥ ਵਰਕਰ ਫੀਮੇਲ ਨੂੰ ਦਿੱਤੇ ਜਾ ਰਹੇ ਟਾਰਗੇਟ ਦੇ ਸਬੰਧ ਵਿੱਚ ਗੱਲਬਾਤ ਕੀਤੀ ਗਈ। ਇਸ ਮੀਟਿੰਗ ਉਪਰੰਤ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਕਿ ਜੇਕਰ ਡਾਕਟਰ ਮਨਦੀਪ ਖੰਗੂਰਾ ਵੱਲੋਂ ਆਪਣਾ ਵਿਵਹਾਰ ਨੂੰ ਬਦਲਿਆ ਨਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸਿਹਤ ਵਿਭਾਗ ਦਾ ਪੂਰਨ ਤੌਰ 'ਤੇ ਕੰਮ ਬੰਦ ਕਰਕੇ ਜਥੇਬੰਦੀ ਵੱਲੋਂ ਧਰਨਾ ਮਾਰਿਆ ਜਾਵੇਗਾ। ਇਸ ਲਈ ਯੂਨੀਅਨ ਦੇ ਜਨਰਲ ਸਕੱਤਰ ਜਸਵਿੰਦਰ ਸਿੰਘ ਕੌੜਾ ਨੇ ਦੱਸਿਆ ਕਿ 29 ਜੁਲਾਈ 2025 ਨੂੰ ਲੱਗਣ ਵਾਲਾ ਧਰਨਾ ਮੁਲਤਵੀ ਕੀਤਾ ਜਾਂਦਾ ਹੈ।

ਇਸ ਸਮੇਂ ਯੂਨੀਅਨ ਦੇ ਕੌਰ ਜੀਤ ਸਿੰਘ, ਰਾਮ ਪ੍ਰਸ਼ਾਦ, ਨਰਸਿੰਗ ਸਿਸਟਰ ਤੇਜੀ, ਨਰਸਿੰਗ ਸਿਸਟਰ ਪ੍ਰੀਤੀ ਲਾਂਬਾ, ਕਰਨਜੀਤ ਸਿੰਘ, ਅਜੀਤ ਗਿੱਲ, ਨਰਿੰਦਰ ਸ਼ਰਮਾ, ਮਨਿੰਦਰ ਸਿੰਘ, ਭਾਰਤ ਭੂਸ਼ਣ, ਸੀਐੱਚਓ ਨਰਿੰਦਰ ਸਿੰਘ, ਡਾਕਟਰ ਪ੍ਰੀਤ ਮਖੀਜਾ, ਸਤਨਾਮ ਸਿੰਘ, ਗੁਰਦੇਵ ਸਿੰਘ, ਮਨਿੰਦਰਜੀਤ ਸਿੰਘ, ਰਜਵੰਤ ਕੌਰ, ਜਸਵੰਤ ਸਿੰਘ ਤੇ ਸਟਾਫ ਹਾਜ਼ਰ ਸੀ।

# ਸਾਹਿਬਦੀਪ ਸਿੰਘ ਅਕਾਲ ਅਕੈਡਮੀ ਢੀਂਡਸਾ ਦੇ ਹੈੱਡ ਬੁਆਏ ਨਿਯੁਕਤ




**ਸਮਰਾਲਾ (ਸੁਰਜੀਤ ਸਿੰਘ)**-ਇਲਾਕੇ ਦੀ ਨਾਮੀ ਸਿੱਖਿਆ ਸੰਸਥਾ ਅਕਾਲ ਅਕੈਡਮੀ ਢੀਂਡਸਾ ਵਿਖੇ ਸਕੂਲ ਪ੍ਰਿੰਸੀਪਲ ਮੈਡਮ ਅਰਵਿੰਦਰਪਾਲ ਕੌਰ ਓਬਰਾਏ ਦੀ ਅਗਵਾਈ ਵਿੱਚ ਇਨਵੈਸਚਰ ਸੈਰੇਮਨੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਲਾਸ ਅੱਠਵੀਂ ਤੋਂ ਬਾਰਵੀਂ ਤੱਕ ਦੇ ਬੱਚਿਆਂ ਨੇ ਹਿੱਸਾ ਲਿਆ। ਮੈਡਮ ਓਬਰਾਏ ਨੇ ਦੱਸਿਆ ਕਿ ਸਵੇਰ ਦੀ ਸਭਾ ਤੋਂ ਬਾਅਦ ਬੱਚਿਆਂ ਵੱਲੋਂ ਮਾਰਚ ਪਾਸਟ ਕੀਤਾ ਗਿਆ। ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਸਰਵਪੱਖੀ ਵਿਕਾਸ ਦੇ ਮੱਦੇਨਜ਼ਰ ਉਨ੍ਹਾਂ ਨੂੰ ਵੋਟਿੰਗ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਇਸ ਦੌਰਾਨ ਸਕੂਲ ਪ੍ਰਿੰਸੀਪਲ ਦੀ ਦੇਖ ਰੇਖ ਵਿੱਚ ਇਨਵੈਸਚਰ ਸੈਰੇਮਨੀ ਨੂੰ ਅੰਜ਼ਾਮ ਦਿੱਤਾ ਗਿਆ, ਜਿਸ ਦੇ ਤਹਿਤ ਸਕੂਲ ਵਿੱਚ ਹੈੱਡ ਬੁਆਏ ਤੇ ਹੈੱਡ ਗਰਲ ਦੀ ਚੋਣ ਕਾਰਵਾਈ ਗਈ।ਇਸ ਪ੍ਰਕਿਰਿਆ ਦੌਰਾਨ ਗਿਆਰਵੀਂ ਸਾਇੰਸ ਦੇ ਵਿਦਿਆਰਥੀ ਸਾਹਿਬਦੀਪ ਸਿੰਘ ਨੂੰ ਹੈੱਡ ਬੁਆਏ ਤੇ ਗਿਆਰਵੀਂ ਕਾਮਰਸ ਦੀ ਵਿਦਿਆਰਥਣ ਗੁਰਨੂਰ ਕੌਰ ਨੂੰ ਹੈੱਡ ਗਰਲ ਚੁਣਿਆ ਗਿਆ ਸੀ।ਇਨਵੈਸਚਰ ਸੈਰੇਮਨੀ ਦੌਰਾਨ ਚੁਣੇ ਗਏ ਹੈੱਡ ਬੁਆਏ ਤੇ ਹੈੱਡ ਗਰਲ ਦਾ ਸਹੁੰ ਚੁੱਕ ਸਮਾਗਮ ਕੀਤਾ ਗਿਆ।ਪ੍ਰਿੰਸੀਪਲ ਨੇ ਦੱਸਿਆ ਕਿ ਇਸ ਤੋਂ ਇਲਾਵਾ ਨਵੇਂ ਹਾਊਸ ਕੈਪਟਨ, ਹਾਊਸ ਪ੍ਰੀਫੈਕਟ ਵੀ ਬਣਾਏ ਗਏ।ਸਕੂਲ ਪ੍ਰਿੰਸੀਪਲ ਅਰਵਿੰਦਰ ਪਾਲ ਕੌਰ ਓਬਰਾਏ ਵੱਲੋਂ ਵੱਖ-ਵੱਖ ਅਹੁਦਿਆਂ 'ਤੇ ਨਿਯੁਕਤ ਕੀਤੇ ਵਿਦਿਆਰਥੀਆਂ ਦੇ ਬੈਚ ਲਾਏ ਗਏ।ਵਿਦਿਆਰਥੀਆਂ ਵੱਲੋਂ ਆਪਣਾ ਕੰਮ ਲਗਨ ਤੇ ਇਮਾਨਦਾਰੀ ਨਾਲ ਕਰਨ, ਵਿੱਦਿਅਕ ਤੇ ਖੇਡ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਅਤੇ ਸਕੂਲ ਦੇ ਅਨੁਸ਼ਾਸਨ ਨੂੰ ਕਾਇਮ ਰੱਖਣ ਲਈ, ਸਕੂਲ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਸਹੁੰ ਚੁੱਕੀ ਗਈ।ਪ੍ਰਿੰਸੀਪਲ ਨੇ ਸਾਰੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਹੈੱਡ ਬੁਆਏ ਤੇ ਹੈੱਡ ਗਰਲ ਦੀ ਚੋਣ ਇੱਕ ਰੁਤਬਾ ਹੀ ਨਹੀਂ, ਬਲਕਿ ਰੁਤਬੇ ਦੇ ਨਾਲ ਇੱਕ ਵੱਡੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਜੁੜਿਆ ਹੈ।ਉਨ੍ਹਾਂ ਕਿਹਾ ਕਿ ਸੌਂਪੇ ਗਏ ਅਹੁਦਿਆਂ ਪ੍ਰਤੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਲੋੜ ਹੈ।ਪ੍ਰੋਗਰਾਮ ਦੇ ਅਖੀਰ ਵਿੱਚ ਰਾਸ਼ਟਰ ਗਾਣ ਗਾਇਆ ਗਿਆ। ਇਸ ਸਮੇਂ ਸਕੂਲ ਦੇ ਕੋਆਰਡੀਨੇਟਰਜ਼, ਸਮੂਹ ਸਟਾਫ ਤੇ ਬੱਚੇ ਹਾਜ਼ਰ ਸਨ।

# ਜ਼ਮੀਨ ਵੰਡ ਦੇ ਵਿਵਾਦ 'ਚ ਜ਼ਹਿਰੀਲੀ ਚੀਜ਼ ਨਿਗਲੀ, ਮੌਤ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਨੌਰ ਥਾਣਾ ਖੇਤਰ 'ਚ ਇੱਕ ਆਦਮੀ ਨੂੰ ਉਸ ਦੇ ਛੋਟੇ ਭਰਾ ਦੀ ਪਤਨੀ ਨੇ ਜਾਇਦਾਦ ਦੀ ਵੰਡ ਨੂੰ ਲੈ ਕੇ ਜ਼ਲੀਲ ਕੀਤਾ। ਬੇਇੱਜ਼ਤੀ ਤੋਂ ਪ੍ਰੇਸ਼ਾਨ ਹੋ ਕੇ ਉਸ ਆਦਮੀ ਨੇ ਜ਼ਹਿਰ ਨਿਗਲ ਲਿਆ।ਪੀਜੀਆਈ 'ਚ ਇਲਾਜ ਦੌਰ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ 44 ਸਾਲਾ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਪਿੰਡ ਬੋਸਰ ਕਲਾਂ ਸਨੌਰ ਦਾ ਰਹਿਣ ਵਾਲਾ ਸੀ।ਮ੍ਰਿਤਕ ਦੀ ਪਤਨੀ ਰੁਪਿੰਦਰ ਕੌਰ ਦੇ ਬਿਆਨ ਦੇ ਆਧਾਰ 'ਤੇ ਪੁਲਸ ਨੇ ਦੋਸ਼ੀ ਔਰਤ ਕਮਲਾ ਰਾਣੀ, ਵਾਸੀ ਪਿੰਡ ਬੋਸਰ ਕਲਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।ਇਹ ਮਾਮਲਾ 26 ਜੁਲਾਈ ਨੂੰ ਦਰਜ ਕੀਤਾ ਗਿਆ ਸੀ।ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ।ਰੁਪਿੰਦਰ ਕੌਰ ਅਨੁਸਾਰ ਉਸ ਦਾ ਪਤੀ ਗੁਰਪ੍ਰੀਤ ਕੰਬਾਈਨ ਡਰਾਈਵਰ ਸੀ।ਪਰਵਾਰ ਵਿੱਚ ਇੱਕ ਪੁੱਤਰ ਤੇ ਇੱਕ ਧੀ ਹੈ।ਉਹ ਤੇ ਉਸ ਦੀ ਭਰਜਾਈ ਦਾ ਪਰਵਾਰ ਘਰ ਦੀ ਸਾਂਝੀ ਜਗ੍ਹਾ ਵਿੱਚ ਰਹਿੰਦੇ ਹਨ।ਭਣੋਈਏ ਦੀ ਪਤਨੀ ਅਕਸਰ ਜ਼ਮੀਨ ਦੀ ਵੰਡ ਨੂੰ ਲੈ ਕੇ ਗੁਰਪ੍ਰੀਤ ਨਾਲ ਝਗੜਾ ਕਰਦੀ ਸੀ।ਇਸ ਮਾਮਲੇ ਨੂੰ ਲੈ ਕੇ ਘਰ 'ਚ ਲਗਭਗ ਡੇਢ ਮਹੀਨੇ ਤੋਂ ਵਿਵਾਦ ਚੱਲ ਰਿਹਾ ਸੀ। 19 ਜੁਲਾਈ ਨੂੰ ਵੀ ਕਮਲਾ ਰਾਣੀ ਦਾ ਆਪਣੇ ਜੀਜੇ ਨਾਲ ਝਗੜਾ ਹੋਇਆ ਸੀ, ਜਿਸ ਕਾਰਨ ਉਸਨੇ ਜ਼ਹਿਰ ਨਿਗਲ ਲਿਆ।ਉਸ ਨੂੰ ਗੰਭੀਰ ਹਾਲਤ 'ਚ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ, ਜਿੱਥੋਂ ਉਸ ਨੂੰ 25 ਜੁਲਾਈ ਨੂੰ ਰਾਜਿੰਦਰਾ ਹਸਪਤਾਲ 'ਚ ਦਾਖ਼ਲ ਕਰਾਇਆ ਗਿਆ ਤੇ ਉੱਥੋਂ ਉਸ ਨੂੰ ਪੀਜੀਆਈ ਰੈਫਰ ਕਰ ਦਿੱਤਾ ਗਿਆ। ਗੁਰਪ੍ਰੀਤ ਦੀ ਪੀਜੀਆਈ 'ਚ ਇਲਾਜ ਦੌਰਾਨ ਮੌਤ ਹੋ ਗਈ।ਰਾਤ ਹੀ ਪੁਲਸ ਨੇ ਦੋਸ਼ੀ ਕਮਲਾ ਰਾਣੀ ਖਿਲਾਫ਼ ਮਾਮਲਾ ਦਰਜ ਕਰ ਲਿਆ।

# ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਪੀ ਟੀ ਏ ਫੰਡ ਦੀ ਮੁਆਫੀ ਲਈ ਧਰਨਾ ਸ਼ੁਰੂ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਪੀ ਟੀ ਏ ਫੰਡ ਦੀ ਮੁਆਫੀ ਲਈ ਸੋਮਵਾਰ ਤੋਂ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਦੇ ਮੁੱਖ ਗੇਟ ਅੱਗੇ ਲੜੀਵਾਰ ਧਰਨਾ ਸ਼ੁਰੂ ਕੀਤਾ ਗਿਆ ਹੈ। ਯੂਨੀਅਨ ਦੀ ਜ਼ਿਲ੍ਹਾ ਕਨਵੀਨਰ ਅਰਵਿੰਦਰ ਕੌਰ ਨੇ ਕਿਹਾ ਕਿ ਗਰੀਬ ਪਰਿਵਾਰਾਂ ਦੇ ਵਿਦਿਆਰਥੀ ਕਾਲਜ ਵਿੱਚ ਉਚੇਰੀ ਸਿੱਖਿਆ ਲਈ ਬਹੁਤ ਮੁਸ਼ਕਲ ਨਾਲ ਪਹੁੰਚ ਪਾਉਂਦੇ ਹਨ ਤੇ ਉਹ ਸਰਕਾਰੀ ਕਾਲਜਾਂ ਵਿੱਚ ਵੀ ਇਸ ਲਈ ਹੀ ਦਾਖਲਾ ਲੈਂਦੇ ਹਨ ਕਿ ਫੀਸਾਂ ਮੁਆਫ ਹੁੰਦੀਆਂ ਹਨ, ਪ੍ਰੰਤੂ ਕਾਲਜ ਪ੍ਰਬੰਧਕਾਂ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਆਉਂਦੇ ਅਨੁਸੂਚਿਤ ਤੇ ਪੱਛੜੇ ਵਰਗਾਂ ਦੇ ਵਿਦਿਆਰਥੀਆਂ ਤੋਂ ਵੀ ਪੀ ਟੀ ਏ ਫੰਡ ਵਸੂਲਿਆ ਜਾ ਰਿਹਾ ਹੈ, ਜੋ ਕਿ ਗੈਰ-ਕਾਨੂੰਨੀ ਹੈ। ਇਸੇ ਤਰ੍ਹਾਂ ਹੀ ਜਨਰਲ ਵਰਗ ਦੇ ਵਿਦਿਆਰਥੀਆਂ ਵੱਲੋਂ ਵੀ ਇਹ ਮੰਗ ਉਠਾਈ ਗਈ ਕਿ ਉਨ੍ਹਾਂ ਤੋਂ ਕਾਲਜ 'ਚ ਹੋਰ ਕੰਮਾਂ ਲਈ ਫੀਸਾਂ ਲਈਆਂ ਜਾਂਦੀਆਂ ਹਨ। 2610 ਰੁਪਏ ਪੀ ਟੀ ਏ ਫੰਡ ਕਾਫੀ ਜ਼ਿਆਦਾ ਹੈ। ਵਿਦਿਆਰਥੀ ਆਗੂ ਨੇ ਕਿਹਾ ਕਿ ਪੀ ਟੀ ਏ ਫੰਡ 'ਚੋਂ ਗੈਸਟ ਫੈਕਲਟੀ ਅਧਿਆਪਕਾਂ ਨੂੰ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ, ਜੋ ਕਿ ਨਿਯਮਾਂ ਦੀ ਉਲੰਘਣਾ ਹੈ। ਉਨ੍ਹਾਂ ਨੂੰ ਤਨਖਾਹਾਂ ਸਰਕਾਰੀ ਖਜ਼ਾਨੇ ਵਿੱਚੋਂ ਮਿਲਣੀਆਂ ਚਾਹੀਦੀਆਂ ਹਨ। ਇਕਾਈ ਆਗੂ ਕਮਲਪ੍ਰੀਤ ਸਿੰਘ ਭਾਟੀਆ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਫੀਸਾਂ ਵਿੱਚ 7 ਫੀਸਦੀ ਵਾਧਾ ਕਰ ਦਿੱਤਾ ਹੈ, ਜਿਸ ਨਾਲ ਨਾਲ ਵਿਦਿਆਰਥੀਆਂ 'ਤੇ ਹੋਰ ਵੀ ਬੋਝ ਪਵੇਗਾ। ਉਨ੍ਹਾਂ ਇਸ ਵਾਧੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਵਾਧਾ ਵਾਪਸ ਲੈਣ ਦੀ ਮੰਗ ਵੀ ਕੀਤੀ ਗਈ। ਇਸ ਸਮੇਂ ਜੋਰਾਵਰ ਸਿੰਘ, ਪ੍ਰਦੀਪ ਕੌਰ, ਸੁਖਜੀਤ ਕੌਰ, ਅਰਸ਼, ਸੁਖਦੀਪ ਸਿੰਘ, ਨਵਦੀਪ ਸਿੰਘ, ਕਮਲਪ੍ਰੀਤ ਕੌਰ, ਸਾਹਿਲਦੀਪ ਸਿੰਘ, ਹਰਵਿੰਦਰ ਸਿੰਘ, ਜਤਿੰਦਰ ਸਿੰਘ ਹੋਰ ਵਿਦਿਆਰਥੀ ਆਗੂ ਹਾਜ਼ਰ ਸਨ।

## ਸੀ ਐੱਮ ਦੀ ਯੋਗਸ਼ਾਲਾ ਮੁਹਿੰਮ ਨੇ ਗੁਰਵੀਰ ਕੌਰ ਦੀ ਬਦਲੀ ਜ਼ਿੰਦਗੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੀ ਐੱਮ ਦੀ ਯੋਗਸ਼ਾਲਾ ਮੁਹਿੰਮ ਦਾ ਅਸਰ ਲੋਕਾਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਅਨੇਕਾਂ ਲੋਕਾਂ ਨੂੰ ਪਿਛਲੇ ਲੰਬੇ ਸਮੇਂ ਦੀਆਂ ਬਿਮਾਰੀਆਂ ਤੋਂ ਯੋਗਾ ਨੇ ਰਾਹਤ ਦਵਾਈ ਹੈ। ਜ਼ਿਲ੍ਹੇ ਅੰਦਰ 275 ਥਾਵਾਂ 'ਤੇ ਟ੍ਰੇਨਰਾਂ ਵੱਲੋਂ ਯੋਗਾ ਰਾਹੀਂ ਲੋਕਾਂ ਨੂੰ ਤੰਦਰੁਸਤ ਰੱਖਿਆ ਜਾ ਰਿਹਾ ਹੈ।ਜ਼ਿਲ੍ਹਾ ਫਾਜ਼ਿਲਕਾ ਦੇ ਪਿੰਡ ਮਾਹੂਆਣਾ ਦੀ ਮਹਿਲਾ ਗੁਰਵੀਰ ਕੌਰ ਦੱਸਦੀ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਉਹ ਪਿੱਠ ਦੀ ਸਮੱਸਿਆ, ਨੀਂਦ ਨਾ ਆਉਣ, ਡਿਪਰੈਸ਼ਨ ਤੇ ਪੀਓਡੀ (ਬੱਚੇਦਾਨੀ) ਦੀ ਸਮੱਸਿਆ ਨਾਲ ਜੂਝ ਰਹੀ ਸੀ, ਦਵਾਈਆਂ ਵੀ ਬੇਅਸਰ ਹੋ ਗਈਆਂ ਸਨ, ਪਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੀ ਐੱਮ ਦੀ ਯੋਗਸ਼ਾਲਾ ਮੁਹਿੰਮ ਸ਼ੁਰੂ ਕੀਤੀ ਗਈ, ਜਿਸ ਨੇ ਉਸ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਪਿਛਲੇ ਇਕ ਸਾਲ ਤੋਂ ਯੋਗਾ ਕਰ ਰਹੀ ਹੈ, ਜਿਸ ਨਾਲ ਉਸ ਨੂੰ ਪਿੱਠ ਦੀ ਸਮੱਸਿਆ, ਨੀਂਦ ਨਾ ਆਉਣ ਤੇ ਹੋਰ ਸਮੱਸਿਆਵਾਂ ਤੋਂ ਕਾਫੀ ਆਰਾਮ ਮਿਲਿਆ ਹੈ ਤੇ ਉਹ ਰੋਜ਼ਾਨਾ ਹੁਣ ਵੀ ਯੋਗਾ ਕਰ ਰਹੀ ਹੈ। ਉਹ ਲੋਕਾਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕਰ ਰਹੇ ਹਨ ਕਿ ਹਰੇਕ ਨਾਗਰਿਕ ਵੱਧ ਤੋਂ ਵੱਧ ਯੋਗਾ ਕਰੇ ਤੇ ਸਮੱਸਿਆਵਾਂ ਤੋਂ ਛੁਟਕਾਰਾ ਪਾਵੇ। ਉਨ੍ਹਾਂ ਕਿਹਾ ਕਿ ਯੋਗ ਅਭਿਆਸ ਰਾਹੀਂ ਅਸੀਂ ਆਪਣੇ ਆਪ ਨੂੰ ਚਿੰਤਾਮੁਕਤ ਕਰਦੇ ਹਾਂ, ਜਿਸ ਨਾਲ ਮਨ ਤੇ ਸਾਡੇ ਸਰੀਰ ਨੂੰ ਸ਼ਾਂਤੀ ਮਿਲਦੀ ਹੈ।

# ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਟਰੈਕਟਰ ਮਾਰਚ ਭਲਕੇ : ਪੰਜਾਬ ਕਿਸਾਨ ਯੂਨੀਅਨ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਜ਼ਿਲ੍ਹਾ ਮਾਨਸਾ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ, ਗੋਰਾ ਸਿੰਘ ਭੈਣੀਬਾਘਾ, ਗੁਰਜੰਟ ਸਿੰਘ ਮਾਨਸਾ, ਰਾਮਫਲ ਚੱਕ ਅਲੀਸ਼ੇਰ, ਪੰਜਾਬ ਸਿੰਘ ਅਕਲੀਆ ਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਅੰਦਰ ਖੇਤੀ ਅਧੀਨ ਰਕਬਾ ਪਹਿਲਾਂ ਹੀ ਘਟ ਰਿਹਾ ਹੈ, ਓਪਰੋਂ ਪੰਜਾਬ ਸਰਕਾਰ ਸਨਅਤੀ ਜ਼ੋਨ ਵਿਕਸਤ ਕਰਨ ਲਈ ਆਏ ਦਿਨ ਖੇਤੀਯੋਗ ਉਪਜਾਊ ਜ਼ਮੀਨ ਐਕੁਆਇਰ ਕਰ ਰਹੀ ਹੈ, ਲੈਂਡ ਪੂਲਿੰਗ ਨੀਤੀ ਦਾ ਦਬਾਅ ਅਰਬਨ ਅਸਟੇਟ ਦੇ ਨਾਂ ਹੇਠ ਗੈਅਲ ਅਸਟੇਟ ਦੇ ਨਿੱਜੀ ਫਾਇਦੇ ਵਜੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਨੀਤੀ ਅਨਾਜ ਉਤਪਾਦਕਾਂ ਨੂੰ ਹੀ ਹੱਕਾਂ ਤੋਂ ਵਾਂਝੇ ਨਹੀਂ ਕਰਦੀ, ਸਗੋਂ ਪਿੰਡਾਂ ਦੇ ਆਰਥਿਕ ਢਾਂਚੇ ਤੇ ਮਜ਼ਦੂਰਾਂ, ਛੋਟੇ ਦੁਕਾਨਦਾਰਾਂ ਨੂੰ ਵੀ ਤਬਾਹ ਕਰੇਗੀ। ਉਨ੍ਹਾਂ ਕਿਹਾ ਕਿ ਜ਼ਮੀਨ ਬਚਾਉਣ ਦੀ ਲੜਾਈ ਆਤਮਗੌਰਵ ਤੇ ਭਵਿੱਖ ਨੂੰ ਬਚਾਉਣ ਦਾ ਮਸਲਾ ਵੀ ਹੈ, ਜਿਸ ਦੀ ਲੜੀ ਵਜੋਂ ਪਿੰਡ ਠੂਠਿਆਂਵਾਲੀ ਦੀ ਦਾਣਾ ਮੰਡੀ 'ਚ 30 ਜੁਲਾਈ ਨੂੰ ਇਕੱਤਰ ਹੋ ਕੇ 'ਸੰਯੁਕਤ ਕਿਸਾਨ ਮੋਰਚੇ' ਦੇ ਸੱਦੇ ਤਹਿਤ ਬਠਿੰਡਾ ਰੋਡ ਕੈਂਚੀਆਂ, ਤਿੰਕੋਨੀ ਤੋਂ ਹੁੰਦਾ ਹੋਇਆ ਟਰੈਕਟਰ ਮਾਰਚ ਡਿਪਟੀ ਕਮਿਸ਼ਨਰ ਦਫਤਰ ਵਿਖੇ ਮਾਨਸਾ ਕਚਹਿਰੀਆਂ 'ਚ ਖਤਮ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਗੱਲ ਧਿਆਨ 'ਚ ਰੱਖੇ ਕਿ ਜੇਕਰ ਜ਼ਮੀਨਾਂ ਖੋਹਣ ਦੀਆਂ ਵਿਉਂਤਾਂ ਬਣਨਗੀਆਂ ਤਾਂ ਲੋਕ ਗੱਦੀ ਖੋਹ ਲੈਣ ਦੀ ਤਾਕਤ ਵੀ ਰੱਖਦੇ ਹਨ। ਇਸ ਸਮੇਂ ਹੀ ਸ਼ਹਿਰ 'ਚ ਨਿੱਕਾ ਸਿੰਘ ਪੁੱਤਰ ਭੋਲਾ ਸਿੰਘ ਵਾਰਡ 6 ਦਾ ਈਕੋਟਾਸ ਬੈਂਕ ਨਾਲ 6 ਲੱਖ ਦੇ ਦੇਣ ਲੈਣ 'ਚ ਲਗਾਇਆ ਜਿੰਦਰਾ ਤੋੜ ਕੇ ਪਰਿਵਾਰ ਨੂੰ ਘਰ ਅੰਦਰ ਬੈਠਾਇਆ ਗਿਆ। ਇਸ ਸਮੇਂ ਸੁਖਚਰਨ ਦਾਨੇਵਾਲੀਆ, ਕਰਨੈਲ ਸਿੰਘ ਮਾਨਸਾ, ਅਮਰੀਕ ਸਿੰਘ ਕੋਟਧਰਮੂੰ, ਗੁਰਤੇਜ ਸਿੰਘ ਬਰੇ, ਤਰਸੇਮ ਸਿੰਘ ਤਲਵੰਡੀ ਅਕਲੀਆ, ਜਗਤਾਰ ਸਹਾਰਨਾ, ਸਨਪਰੀਤ ਸੱਦਾ ਸਿੰਘ ਵਾਲਾ, ਮੱਖਣ ਮਾਨ, ਦਰਸ਼ਨ ਮੰਘਾਣੀਆਂ, ਕੁਲਵੰਤ ਸਿੰਘ, ਗੁਰਦੀਪ ਰੱਲਾ ਆਦਿ ਆਗੂ ਹਾਜ਼ਰ ਸਨ।

# ਅੱਗ ਨਾਲ ਸੜੀ ਕਣਕ ਦੇ ਮੁਆਵਜ਼ੇ ਲਈ ਕੇ ਕੇ ਯੂ ਦਾ ਵਫਦ ਐੱਸ ਡੀ ਐੱਮ ਦਫਤਰ ਪੁੱਜਾ

**ਚਾਰ ਮਹੀਨੇ ਬਾਅਦ ਵੀ ਮੁਆਵਜ਼ਾ ਨਾ ਦੇਣ ਵਾਲਿਆਂ ਖਿਲਾਫ ਸ਼ੁਰੂ ਕਰਾਂਗੇ ਸੰਘਰਸ਼ : ਅਵਤਾਰ ਮਹਿਮਾ**



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਬੀਤੇ ਅਪ੍ਰੈਲ ਮਹੀਨੇ ਵਿੱਚ ਇਲਾਕਾ ਗੁਰੂ ਹਰਸਹਾਏ ਅੰਦਰ ਵੱਖ-ਵੱਖ ਪਿੰਡਾਂ ਵਿੱਚ ਅੱਗ ਨਾਲ ਸੜੀ ਕਣਕ ਦਾ ਹਾਲੇ ਤੱਕ ਵੀ ਮੁਆਵਜ਼ਾ ਨਾ ਮਿਲਣ ਕਰਕੇ ਅੱਜ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦਾ ਜੱਥਾ ਜ਼ਿਲ੍ਹਾ ਪ੍ਰੈੱਸ ਸਕੱਤਰ ਪ੍ਰਤਾਪ ਸਿੰਘ ਲਖਮੀਰਪੁਰਾ ਤੇ ਬਲਾਕ ਪ੍ਰਧਾਨ ਗੁਰਭੇਜ ਸਿੰਘ ਲੋਹੜਾ ਨਵਾਬ ਦੀ ਅਗਵਾਈ ਵਿੱਚ ਗੁਰੂ ਹਰਸਹਾਏ ਦੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਮਿਲਿਆ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਤੋਂ ਇਲਾਵਾ ਵੱਖ ਵੱਖ ਪਿੰਡਾਂ ਦੇ ਕਿਸਾਨ ਆਗੂ ਸ਼ਾਮਲ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਗੂਆਂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਅਦਾ ਕੀਤਾ ਸੀ ਕਿ ਗਿਰਦਾਵਰੀ ਤੋਂ ਪਹਿਲਾਂ ਹੀ ਨੁਕਸਾਨੀਆਂ ਫਸਲਾਂ ਦਾ ਪੈਸਾ ਕਿਸਾਨਾਂ ਦੇ ਖਾਤੇ ਵਿੱਚ ਪਹੁੰਚ ਜਾਵੇਗਾ, ਪਰ ਇੱਥੇ ਗਿਰਦਾਵਰੀ ਹੋਣ ਤੋਂ ਲਗਪਗ 4 ਮਹੀਨੇ ਬਾਅਦ ਵੀ ਕਿਸਾਨਾਂ ਨੂੰ ਸੜੀ ਕਣਕ ਦਾ ਮੁਆਵਜ਼ਾ ਨਹੀਂ ਮਿਲਿਆ। ਉਨ੍ਹਾਂ ਪ੍ਰਸ਼ਾਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਐਲਾਨਿਆ ਹੋਇਆ ਮੁਆਵਜ਼ਾ ਤੁਰੰਤ ਕਿਸਾਨਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ। ਆਗੂਆਂ ਨੇ ਕਿਹਾ ਕਿ ਪਹਿਲਾਂ ਤੋਂ ਹੀ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਕਿਸਾਨਾਂ ਦਾ ਮੁਆਵਜ਼ਾ ਹੋਰ ਲੇਟ ਕੀਤਾ ਗਿਆ ਤਾਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਸੰਘਰਸ਼ ਸ਼ੁਰੂ ਕਰੇਗੀ। ਇਸ ਮੌਕੇ ਗੁਰਨਾਮ ਸਿੰਘ ਚੱਕ ਸੋਮੀਆਂ, ਬਾਜ਼ ਸਿੰਘ ਬੁਰਜ, ਸਤਵੀਰ ਸਿੰਘ ਮਿਸ਼ਰੀ ਵਾਲਾ, ਸਰਬਜੀਤ ਸਿੰਘ ਅਲਫੂਕੇ, ਰਾਜ ਸਿੰਘ ਜੰਗ, ਗੁਰਸੇਵਕ ਸਿੰਘ ਜੰਗ, ਅਮਰੀਕ ਸਿੰਘ ਲਖਮੀਰਪੁਰਾ, ਸਵਰਨ ਸਿੰਘ ਬਾਬਾ ਫਾਰਮ, ਤੇਜ ਸ਼ਰਮਾ ਸ਼ਰੀਹ ਵਾਲਾ ਬਰਾੜ, ਹਰਜੀਤ ਸਿੰਘ ਸ਼ਰੀਹ ਵਾਲਾ, ਪਲਵਿੰਦਰ ਸਿੰਘ ਗੁੱਦੜ ਢੰਡੀ, ਬਖਸ਼ੀਸ਼ ਸਿੰਘ ਮਿਸ਼ਰੀ ਵਾਲਾ ਆਦਿ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

# ਲੈਂਡ ਪੂਲਿੰਗ ਨੀਤੀ ਤੇ ਹੋਰ ਮੰਗਾਂ ਨੂੰ ਲੈ ਕੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਡੀ ਸੀ ਨੂੰ ਮੰਗ ਪੱਤਰ

- 20 ਦੀ ਜਲੰਧਰ ਕਿਸਾਨ ਰੈਲੀ 'ਚ ਹਰ ਵਰਗ ਨੂੰ ਪਹੁੰਚਣ ਦਾ ਸੱਦਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਸਾਨ ਮਜ਼ਦੂਰ ਮੋਰਚੇ ਦੀ ਅਗਵਾਈ ਹੇਠ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਬੀਕੇਯੂ ਬਹਿਰਾਮਕੇ, ਬੀਕੇਯੂ ਕ੍ਰਾਂਤੀਕਾਰੀ, ਬੀਕੇਯੂ ਏਕਤਾ ਅਜ਼ਾਦ ਜਥੇਬੰਦੀਆਂ ਦੇ ਕਿਸ਼ਾਨਾਂ ਮਜ਼ਦੂਰਾਂ ਦੇ ਵੱਡੇ ਵਫ਼ਦ ਨੇ ਡੀ ਸੀ ਮੋਗਾ ਨੂੰ ਮੰਗ ਪੱਤਰ ਦਿੱਤਾ।ਇਸ ਮੌਕੇ ਕਿਸਾਨ ਮਜ਼ਦੂਰ ਜਥੇਬੰਦੀ ਦੇ ਜ਼ਿਲ੍ਹਾ ਆਗੂ ਨਛੱਤਰ ਸਿੰਘ ਹੇਰ, ਬੀਕੇਯੂ ਬਹਿਰਾਮਕੇ ਦੇ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ, ਬੀਕੇਯੂ ਏਕਤਾ ਅਜ਼ਾਦ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ, ਬੀਕੇਯੂ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਆਗੂ ਜਗਮੋਹਨ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਕਾਰਪੋਰੇਟ ਦੇ ਇਸ਼ਾਰੇ 'ਤੇ ਪੰਜਾਬ ਦੀ ਬਹੁਫ਼ਸਲੀ ਉਪਜਾਊ ਜ਼ਮੀਨ ਨੂੰ ਲੈਂਡ ਪੂਲਿੰਗ ਨੀਤੀ ਤਹਿਤ ਦੱਬ ਕੇ ਅਰਬਨ ਸਟੇਟ ਬਣਾਉਣ ਦੇ ਨਾਮ 'ਤੇ ਲੁੱਟਣ ਲਈ ਉਤਾਵਲੀ ਹੈ, ਜਿਸ ਵਿੱਚ ਪੰਜਾਬ ਦੀ 65555 ਏਕੜ ਉਪਜਾਊ ਜ਼ਮੀਨ ਨੂੰ ਦੱਬਣ ਜਾ ਰਹੀ ਹੈ।ਇਸ ਨੀਤੀ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਮੁੱਢੋਂ ਰੱਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਲੈਂਡ ਪੂਲਿੰਗ ਨੀਤੀ ਤੋਂ ਇਲਾਵਾ ਬਿਜਲੀ ਦੇ ਨਿੱਜੀਕਰਨ ਤੇ ਇਸੇ ਤਹਿਤ ਲਗਾਏ ਜਾ ਰਹੇ ਪ੍ਰੀਪੇਡ ਮੀਟਰਾਂ ਦੀ ਨੀਤੀ ਰੱਦ ਕਰਵਾਉਣਾ ਅਤੇ ਅਮਰੀਕਾ ਤੇ ਭਾਰਤ ਦਰਮਿਆਨ ਹੋਣ ਜਾ ਰਹੇ ਕਰ ਮੁਕਤ ਸਮਝੌਤਿਆਂ ਨੂੰ ਲਾਗੂ ਹੋਣ ਤੋਂ ਰੋਕਣਾ, ਪੰਜਾਬ ਵਿੱਚ ਪੁਲਸ ਜਬਰ ਰੁਕਵਾਉਣਾ, ਸਾਰੇ ਕਿਸਾਨ ਅੰਦੋਲਨਾਂ ਵਿੱਚ ਕੀਤੇ ਗਏ ਪਰਚੇ ਰੱਦ ਕਰਵਾਉਣ ਆਦਿ ਮੰਗਾਂ ਨੂੰ ਲੈ ਕੇ ਮੰਗ ਪੱਤਰ ਦਿੱਤਾ ਗਿਆ। ਅਵਤਾਰ ਸਿੰਘ ਧਰਮ ਸਿੰਘ ਵਾਲਾ ਨੇ ਕਿਹਾ ਕਿ ਸਰਕਾਰ ਆਮ ਲੋਕਾਂ ਨਾਲ ਧ੍ਰੋਹ ਕਮਾ ਰਹੀ ਹੈ ਤੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਨਵੀਂ ਤੋਂ ਨਵੀਂ ਨੀਤੀ ਲੈ ਕੇ ਆ ਰਹੀ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਨਹੀਂ ਕਰਨ ਦਿਆਂਗੇ ਤੇ ਪਿੰਡਾਂ ਵਿੱਚ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ।ਲੋਕ ਮਾਰੂ ਨੀਤੀਆਂ ਲਾਗੂ ਨਹੀਂ ਹੋਣ ਦਿੱਤੀਆਂ ਜਾਣਗੀਆਂ।

ਇਸ ਮੌਕੇ ਜ਼ਿਲ੍ਹਾ ਆਗੂ ਦਰਸ਼ਨ ਸਿੰਘ, ਗੁਰਮੇਲ ਸਿੰਘ ਲੋਹਗੜ੍ਹ, ਹਰਨੇਕ ਸਿੰਘ, ਸੁਖਦੇਵ ਸਿੰਘ ਤਲਵੰਡੀ ਭੰਗੇਰੀਆ, ਹਰਬੰਸ ਸਿੰਘ ਸਾਹ ਵਾਲਾ, ਗੁਰਸੇਵਕ ਸਿੰਘ ਲੰਗੇਆਣਾ, ਤੋਤਾ ਸਿੰਘ, ਮੁਖਤਿਆਰ ਸਿੰਘ ਮਾਹਲਾ, ਬਲਵਿੰਦਰ ਸਿੰਘ ਕਿਸ਼ਨਪੁਰਾ ਆਦਿ ਹਾਜ਼ਰ ਸਨ।

## ਕੌਂਸਲਰ ਲਾਡੀ ਧਵਨ ਨੇ ਲਾਇਆ ਪੌਦਿਆਂ ਦਾ ਲੰਗਰ




ਜਲਾਲਾਬਾਦ (ਜੀਤ ਕੁਮਾਰ)-ਕੌਂਸਲਰ ਹਰਭਗਤ ਸਿੰਘ ਲਾਡੀ ਧਵਨ ਨੇ ਲਾਇਨਜ਼ ਕਲੱਬ ਗੋਲਡ ਦੇ ਸਹਿਯੋਗ ਨਾਲ ਵਾਰਡ ਨੰਬਰ-4 ਵਿੱਚ ਬੂਟੇ ਲਗਾਏ ਅਤੇ ਇਸਦੇ ਨਾਲ ਹੀ ਲੰਗਰ ਲਾ ਕੇ ਲੋਕਾਂ ਨੂੰ ਵੰਡੇ। ਇਹ ਪ੍ਰੋਗਰਾਮ ਕੌਂਸਲਰ ਲਾਡੀ ਧਵਨ ਨੇ ਵਿੱਕੀ ਮਿੱਡੂ ਖੇੜਾ ਦੀ ਯਾਦ ਵਿੱਚ ਉਨ੍ਹਾਂ ਦੇ ਜਨਮ ਦਿਨ ਦੇ ਮੌਕੇ 'ਤੇ ਬੂਟਿਆਂ ਦਾ ਲੰਗਰ ਲਾਇਆ ਗਿਆ। ਕਲੱਬ ਦੇ ਪ੍ਰਧਾਨ ਰੋਹਿਤ ਡੂਮੜਾ, ਕੌਂਸਲਰ ਲਾਡੀ ਧਵਨ ਨੇ ਲੋਕਾਂ ਨੂੰ ਬੂਟੇ ਲਗਾਉਣ ਦੀ ਅਪੀਲ ਕੀਤੀ ਤਾਂ ਜੁ ਵਾਤਾਵਰਣ ਨੂੰ ਸਾਫ਼-ਸੁਥਰਾ ਤੇ ਹਰਾ-ਭਰਾ ਬਣਾਇਆ ਜਾ ਸਕੇ। ਇਸ ਮੌਕੇ ਵਪਾਰ ਮੰਡਲ ਦੇ ਪ੍ਰਧਾਨ ਬੱਬੂ ਦੋਦਾ, ਦਸਮੇਸ਼ ਸੇਵਾ ਸੁਸਾਇਟੀ ਦੇ ਪ੍ਰਧਾਨ ਰਿੰਕੂ ਖਾਲਸਾ, ਮਾਨੁੱਖਤਾ ਕੀ ਸੇਵਾ ਸਰਬੱਤ ਦਾ ਭਲਾ ਸੰਸਥਾ ਦੇ ਪ੍ਰਧਾਨ ਸਤਨਾਮ ਥਿੰਦ, ਹਰੀਸ਼ ਸੇਤੀਆ, ਰਮਨ ਸੈਨ, ਕਿਰਨਜੀਤ ਸਿੰਘ ਚੋਪੜਾ, ਗੁਰਬਚਨ ਸਿੰਘ ਮਦਾਨ, ਦਵਿੰਦਰ ਸਿੰਘ ਮੱਕੜ ਠੇਕੇਦਾਰ, ਰਜਿੰਦਰ ਸੈਨ, ਜਸਪਾਲ ਲੂਨਾ, ਮੁਖਤਿਆਰ ਸਿੰਘ, ਜਸਪਾਲ ਦਰਗਨ, ਮੁਕੇਸ਼ ਬਾਘਲਾ, ਵਿਜੇ ਟੰਡਨ, ਵਿੱਕੀ ਤਨਵਰ, ਰਾਜੂ ਬਾਗਲਾ, ਕਾਲੀ ਲੂਨਾ, ਕੁਲਦੀਪ ਸਿੰਘ, ਰਮੇਸ਼ ਕੌਂਸਲਰ, ਕਸ਼ਮੀਰ ਸਿੰਘ, ਅਭੀ ਹਾਂਡਾ ਆਦਿ ਹਾਜ਼ਰ ਸਨ।

## ਕੇ ਐੱਸ ਬੀ ਵਰਲਡ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਕੇ ਐੱਸ ਬੀ ਵਰਲਡ ਸਕੂਲ ਵਿੱਚ ਤੀਆਂ ਦਾ ਤਿਉਹਾਰ ਰੰਗਾਰੰਗ ਤਰੀਕੇ ਨਾਲ ਮਨਾਇਆ ਗਿਆ, ਜਿਸ ਵਿੱਚ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਵਿਦਿਆਰਥੀਆਂ ਨੇ ਭਾਗ ਲਿਆ।ਤੀਆਂ ਦੇ ਤਿਉਹਾਰ ਪ੍ਰਤੀ ਜੋਸ਼ ਸਕੂਲ ਦੀਆਂ ਜੂਨੀਅਰ ਵਿੰਗ ਦੀਆਂ ਵਿਦਿਆਰਥਣਾਂ ਦੇ ਸੋਲੋ ਡਾਂਸ ਤੇ ਗਿੱਧੇ ਰਾਹੀਂ ਦੇਖਣ ਵਾਲਾ ਸੀ।ਸ਼ਿਵਜੀ ਤੇ ਪਾਰਵਤੀ ਜੀ ਦੀ ਕਥਾ 'ਤੇ ਅਧਾਰਤ 'ਹਰਿਆਲੀ ਤੀਜ' ਨਾਲ ਅਧਾਰਤ ਇੱਕ ਹਿੰਦੀ ਨਾਟਕ ਦਾ ਮੰਚਨ ਕੀਤਾ ਗਿਆ। ਛੋਟੇ-ਛੋਟੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਭੰਗੜਾ ਪਾਉਂਦੇ ਬਹੁਤ ਹੀ ਸੋਹਣੇ ਲੱਗ ਰਹੇ ਸਨ।ਸੀਨੀਅਰ ਵਿਦਿਆਰਥਣਾਂ ਨੇ ਟੱਪੇ, ਲੋਕ ਗੀਤ ਤੇ ਤੀਆਂ ਦੇ ਤਿਉਹਾਰ ਦੀ ਜਾਨ ਗਿੱਧਾ ਤੇ ਭੰਗੜਾ ਪਾ ਕੇ ਪ੍ਰੋਗਰਾਮ ਵਿੱਚ ਚਾਰ ਚੰਨ ਲਾ ਦਿੱਤੇ।ਸਕੂਲ ਦੇ ਪ੍ਰੈਜ਼ੀਡੈਂਟ ਸ੍ਰੀ ਗੁਰਲਾਡ ਸਿੰਘ ਕਾਹਲੋਂ, ਸਕੂਲ ਦੇ ਚੇਅਰਮੈਨ ਸ੍ਰੀ ਨਰੇਸ਼ ਕੁਮਾਰ, ਮੈਨੇਜਰ ਮੈਡਮ ਗੀਨਾ ਚੀਮਾ ਤੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਅਨੀਤਾ ਸਹੂੰਜਾ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ।

## ਮੁਲਾਜ਼ਮ ਏਕਤਾ ਸੰਘਰਸ਼ ਕਮੇਟੀ ਦੇ ਅਹੁਦੇਦਾਰਾਂ ਦੀ ਮੀਟਿੰਗ



ਜਲਾਲਾਬਾਦ (ਜੀਤ ਕੁਮਾਰ)-ਮੁਲਾਜ਼ਮ ਏਕਤਾ ਸੰਘਰਸ਼ ਕਮੇਟੀ ਦੇ ਆਗੂਆਂ ਦੀ ਮੀਟਿੰਗ ਹੋਈ, ਜਿਸ ਵਿੱਚ ਸੂਬਾਈ ਸੰਗਠਨ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਦਿੱਤੇ ਗਏ ਸੰਘਰਸ਼ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਸਾਰੀਆਂ ਜੱਥੇਬੰਦੀਆਂ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਉਠਾਈਆਂ ਗਈਆਂ ਮੰਗਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੇ ਨਾਲ ਹੀ ਸਮੁੱਚੇ ਮੁਲਾਜ਼ਮ ਵਰਗ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਕੀਤੇ ਜਾ ਰਹੇ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ, ਤਾਂ ਜੁ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਪੂਰਾ ਕੀਤਾ ਜਾ ਸਕੇ। ਮੀਟਿੰਗ 'ਚ ਆਗੂਆਂ ਨੇ ਮੁੱਖ ਮੰਤਰੀ ਦੇ ਜ਼ਿਲ੍ਹਾ ਫ਼ਾਜ਼ਿਲਕਾ ਦੌਰੇ ਬਾਰੇ ਵੀ ਚਰਚਾ ਕੀਤੀ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਜਲਾਲਾਬਾਦ ਦੀ ਧਰਤੀ 'ਤੇ ਆਏ ਸਨ, ਜਦੋਂ ਉਨ੍ਹਾਂ ਦੀ ਸਰਕਾਰ ਨਹੀਂ ਬਣੀ ਸੀ ਅਤੇ ਉਨ੍ਹਾਂ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ 'ਤੇ ਅਸੀਂ ਪੁਰਾਣੀ ਪੈਨਸ਼ਨ ਬਹਾਲ ਕਰਾਂਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਸ ਹਫ਼ਤੇ ਦੁਬਾਰਾ ਜਲਾਲਾਬਾਦ ਆ ਰਹੇ ਹਨ, ਜਿਸ ਕਾਰਨ ਅਹੁਦੇਦਾਰਾਂ ਨੇ ਉਨ੍ਹਾਂ ਨੂੰ ਆਪਣਾ ਵਾਅਦਾ ਯਾਦ ਕਰਾਇਆ ਅਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਹਰਾ ਪੈੱਨ ਹੇਠਾਂ ਰੱਖਣ ਲਈ ਕ੍ਰਮਚਾਰੀਆਂ ਨਾਲ ਗੱਲ ਕਰਨ ਲਈ ਮੀਟਿੰਗ ਲਈ ਸਮਾਂ ਮੰਗਿਆ। ਕ੍ਰਮਚਾਰੀ ਆਗੂਆਂ ਨੇ ਵਿਧਾਇਕ ਨਰਿੰਦਰਪਾਲ ਸਾਵਣਾ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਦਾ ਪ੍ਰਬੰਧ ਕਰਨ ਅਤੇ ਵਾਅਦਾ ਪੂਰਾ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਉਣ ਲਈ ਕਿਹਾ।

## ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਦੀ ਮੀਟਿੰਗ



ਬੱਧਨੀ ਕਲਾਂ (ਲਵਲੀ ਕੁਮਾਰ)-ਸ਼ੇਰ-ਏ-ਪੰਜਾਬ ਕਿਸਾਨ ਯੂਨੀਅਨ ਦੀ ਮੀਟਿੰਗ ਆਤਮਾ ਸਿੰਘ ਜ਼ਿਲ੍ਹਾ ਦੀ ਪ੍ਰਧਾਨਗੀ ਹੇਠ ਨਿਹਾਲ ਸਿੰਘ ਵਾਲਾ ਵਿਖੇ ਹੋਈ। ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਸਿੰਘ ਵੀ ਇਸ 'ਚ ਸ਼ਾਮਲ ਹੋਏ। ਸ਼ੇਰੇ ਏ ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਆਤਮਾ ਸਿੰਘ ਧੁੜਕੋਟ ਤੇ ਸੂਬਾ ਪ੍ਰੈਸ ਸਕੱਤਰ ਨੇ ਦੱਸਿਆ ਕਿ ਮੋਗਾ ਜ਼ਿਲ੍ਹੇ ਨਾਲ ਮੀਂਹ ਤੇ ਹੜ੍ਹਾਂ ਕਾਰਨ ਨੁਕਸਾਨ ਨਾਲ ਮਕਾਨ 'ਤੇ ਫ਼ਸਲਾਂ ਦਾ ਜੋ ਭਾਰੀ ਨੁਕਸਾਨ ਹੋਇਆ ਹੈ, ਇਸ ਦੀ ਵਿਸ਼ੇਸ਼ ਗਿਰਦਾਵਰੀ ਕਰਾ ਕੇ ਫ਼ਸਲਾਂ 'ਤੇ ਮਕਾਨਾਂ ਦਾ ਯੋਗ ਮੁਆਵਜ਼ਾ ਦਿੱਤਾ ਜਾਵੇ, ਕਿਉਂਕਿ ਪੰਜਾਬ ਦਾ ਕਿਸਾਨ ਤਾਂ ਪਹਿਲਾਂ ਹੀ ਕਰਜ਼ੇ ਹੇਠ ਦੱਬਿਆ ਪਿਆ ਹੈ। ਉਪਰੋਂ ਬੇਮੌਸਮੀ ਬਾਰਿਸ਼ਾਂ ਨੇ ਹੋਰ ਨੁਕਸਾਨ ਕਰਕੇ ਕਿਸਾਨਾਂ ਦਾ ਲੱਕ ਤੋੜ ਦਿੱਤਾ ਹੈ।ਵਰਣਨਯੋਗ ਹੈ ਕਿ ਕਿਸੇ ਵੀ ਸਰਕਾਰ ਨੇ ਡਰੇਨਾਂ ਤੇ ਨਾਲਿਆਂ ਦੀ ਸਫਾਈ ਸਮੇਂ ਸਿਰ ਨਹੀਂ ਕਰਾਈ, ਜਿਸ ਕਰਕੇ ਕਿਸਾਨਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਕਿਸਾਨਾਂ ਦੇ ਮਾਲ ਡੰਗਰ ਦਾ ਵੀ ਕਾਫ਼ੀ ਨੁਕਸਾਨ ਹੋ ਗਿਆ। ਕਿਸਾਨਾਂ ਦੇ ਮਾਲ ਡੰਗਰ ਦਾ ਮੁਆਵਜ਼ਾ ਕਿਸਾਨਾਂ ਨੂੰ ਦਿੱਤਾ ਜਾਵੇ ਤਾਂ ਕਰਜ਼ੇ ਤੋਂ ਮਾਰੇ ਹੋਏ ਕਿਸਾਨ ਮਜ਼ਦੂਰਾਂ ਨੂੰ ਕੁੱਝ ਰਾਹਤ ਮਿਲ ਸਕੇ।

## ਯੰਗਜ਼ ਸਪੋਰਟਸ ਕਲੱਬ ਦੀ ਸਾਲਾਨਾ ਚੋਣ, ਪ੍ਰਭਜੋਤ ਸਿੰਘ ਕੋਹਲੀ ਫੇਰ ਬਣੇ ਪ੍ਰਧਾਨ



ਬੁਢਲਾਡਾ (ਅਸ਼ੋਕ ਲਾਕੜਾ)-ਯੰਗਜ਼ ਸਪੋਰਟਸ ਕਲੱਬ ਦੀ ਸਾਲਾਨਾ ਚੋਣ ਸਬੰਧੀ ਮੀਟਿੰਗ ਕਲੱਬ ਪ੍ਰਧਾਨ ਪ੍ਰਭਜੋਤ ਸਿੰਘ ਕੋਹਲੀ ਦੀ ਪ੍ਰਧਾਨਗੀ ਹੇਠ ਹੋਈ।ਪ੍ਰਧਾਨ ਦੇ ਧੰਨਵਾਦੀ ਸੰਬੋਧਨ ਤੋਂ ਬਾਅਦ ਕਲੱਬ ਕੈਸ਼ੀਅਰ ਸੁਰਿੰਦਰ ਨਿਰਮਲ ਨੇ ਕਲੱਬ ਦਾ ਹਿਸਾਬ-ਕਿਤਾਬ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਜਨਰਲ ਸਕੱਤਰ ਵਿਨੋਦ ਕੁਮਾਰ ਗਰਗ ਨੇ ਕਲੱਬ ਵੱਲੋਂ ਲਾਏ ਗਏ ਪ੍ਰੋਜੈਕਟਾਂ ਦੀ ਜਾਣਕਾਰੀ ਦਿੱਤੀ।ਇਸ ਤੋਂ ਬਾਅਦ ਚੋਣ ਸੰਬੰਧੀ ਪ੍ਰਕਿਰਿਆ ਸ਼ੁਰੂ ਹੋਈ, ਜਿਸ ਵਿੱਚ ਪ੍ਰਧਾਨ ਨੇ ਪ੍ਰਥਾ ਅਨੁਸਾਰ ਆਪਣਾ ਤੇ ਆਪਣੀ ਟੀਮ ਦਾ ਅਸਤੀਫਾ ਪੇਸ਼ ਕੀਤਾ। ਇਸ ਮੌਕੇ ਵਿਨੋਦ ਕੁਮਾਰ ਗਰਗ, ਹਰਭਜਨ ਸਿੰਘ, ਰਾਜ ਮਿੱਤਲ ਸੀ.ਏ, ਕੌਸ਼ਿੰਦਰ ਗਰਗ, ਟੀਟੂ ਕੱਟਲੀ, ਚਰਨਜੀਤ ਕਾਠ, ਅਨਿਲ ਸਦਦਾਨਾ ਤੇ ਅਧਾਰ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।ਕਮੇਟੀ ਨੇ ਚੋਣ ਸੰਬੰਧੀ ਨਿਯਮਾਂ ਦੀ ਜਾਣਕਾਰੀ ਦਿੱਤੀ।ਇਸ ਤੋਂ ਤੁਰੰਤ ਬਾਅਦ ਕਲੱਬ ਮੈਂਬਰ ਸ਼ੈਟੀ ਨੇ ਪ੍ਰਭਜੋਤ ਸਿੰਘ ਕੋਹਲੀ ਦਾ ਨਾਂਅ ਪ੍ਰਧਾਨ ਪਦ ਲਈ ਪੇਸ਼ ਕੀਤਾ, ਜਿਸ ਨੂੰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਮਨਜ਼ੂਰ ਕੀਤਾ ਤੇ ਤਾਲੀਆਂ ਮਾਰ ਕੇ ਇਸ ਦਾ ਸਵਾਗਤ ਕੀਤਾ ਗਿਆ।ਨਵ ਨਿਯੁਕਤ ਪ੍ਰਧਾਨ ਨੇ ਕਲੱਬ ਦੀ ਬੇਹਤਰੀ ਲਈ ਆਪਣੀ ਜ਼ਿੰਮੇਵਾਰੀ ਨੂੰ ਮਿਹਨਤ ਅਤੇ ਲਗਨ ਨਾਲ ਨਿਭਾਉਣ ਦਾ ਵਿਸ਼ਵਾਸ ਦਿਵਾਇਆ ਤੇ ਇਸ ਦੇ ਲਈ ਸਾਰੇ ਮੈਂਬਰਾਂ ਦੇ ਸਹਿਯੋਗ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮਾਜ ਸੇਵਾ ਲਈ ਪ੍ਰੋਜੈਕਟ ਲਾਏ ਜਾਣਗੇ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਟੂਰਨਾਮੈਂਟ ਦਾ ਆਯੋਜਨ ਕੀਤਾ ਜਾਵੇਗਾ ਤਾਂ ਜੋ ਨੌਜਵਾਨਾਂ ਵਿੱਚ ਫੁਰਤੀ ਰਹਿਣ ਕਾਰਨ ਖੇਡਾਂ ਵੱਲ ਰੁਚੀ ਵੱਧੇ ਅਤੇ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਸੇਵਾ ਅਤੇ ਦੇਸ਼ ਸੇਵਾ ਵਿੱਚ ਆਪਣਾ ਹਿੱਸਾ ਪਾਉਣ।ਮੀਟਿੰਗ 'ਚ ਹਾਜ਼ਰ ਲਗਭਗ 80 ਤੋਂ ਵੱਧ ਮੈਂਬਰਾਂ ਨੇ ਪ੍ਰਧਾਨ ਨੂੰ ਪੂਰਨ ਸਹਿਯੋਗ ਦਾ ਵਿਸ਼ਵਾਸ ਦਿਵਾਇਆ। ਇਸ ਵਾਰੀ ਚੋਣ ਸਰਬਸੰਮਤੀ ਨਾਲ ਦੋ ਸਾਲ ਲਈ ਕੀਤੀ ਗਈ।ਨਵੀਂ ਕਾਰਜਕਾਰੀ ਗਠਨ ਕਰਨ ਦਾ ਅਧਿਕਾਰ ਨਵਨਿਯੁਕਤ ਪ੍ਰਧਾਨ ਪਰਭਜੋਤ ਸਿੰਘ ਕੋਹਲੀ ਨੂੰ ਦਿੱਤਾ ਗਿਆ।

## ਕਬੱਡੀ ਮੁਕਾਬਲੇ ਅੰਡਰ 14 'ਚ ਲਹਿਲ ਕਲਾਂ ਸਕੂਲ ਦੇ ਖਿਡਾਰੀ ਪਹਿਲੇ ਸਥਾਨ 'ਤੇ

ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਰਵਿੰਦਰਜੀਤ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸ.ਸ.), ਮੈਡਮ ਮਨਜੀਤ ਕੌਰ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ, ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਨਰੇਸ਼ ਸੈਣੀ ਦੇ ਹੁਕਮਾਂ ਤਹਿਤ ਸਿੱਖਿਆ ਵਿਭਾਗ ਪੰਜਾਬ ਵੱਲੋਂ ਜ਼ੋਨਲ ਖੇਡ ਸਕੱਤਰ ਹਰਦੀਪ ਸਿੰਘ, ਜ਼ੋਨਲ ਖੇਡ ਕਨਵੀਨਰ ਗੁਰਬਾਜ ਸਿੰਘ ਤੇ ਰਾਜਵੀਰ ਸਿੰਘ ਦੀ ਨਿਗਰਾਨੀ ਹੇਠ ਡਾ. ਦੇਵ ਰਾਜ ਡੀ.ਏ.ਵੀ. ਸੀ.ਸੈ. ਪਬਲਿਕ ਸਕੂਲ ਖਾਈ/ਲਹਿਰਾਗਾਗਾ 'ਚ ਲਹਿਲ ਕਲਾਂ ਜ਼ੋਨ ਦੇ ਅੰਡਰ-14, ਅੰਡਰ-17 ਤੇ ਅੰਡਰ-19 ਦੇ ਜ਼ੋਨ ਪੱਧਰ ਕਬੱਡੀ (ਲੜਕੇ ਤੇ ਲੜਕੀਆਂ) ਖੇਡ ਮੁਕਾਬਲੇ ਕਰਾਏ ਗਏ।ਟੂਰਨਾਮੈਂਟ 'ਚ ਜ਼ੋਨ ਦੇ ਵੱਖ-ਵੱਖ ਸਰਕਾਰੀ ਸਕੂਲਾਂ ਤੋਂ ਇਲਾਵਾ ਸੀ.ਬੀ.ਐੱਸ.ਈ. ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।ਇਸ ਸਮੇਂ ਸਕੂਲ ਪ੍ਰਬੰਧਕ ਪੀ.ਕੇ. ਖੋਖਰ, ਐੱਲ.ਕੇ. ਖੋਖਰ, ਬਿਮਲਾ ਸ਼ਰਮਾ, ਐਡਵੋਕੇਟ ਅਨਿਰੁੱਧ ਕੌਸ਼ਲ ਤੋਂ ਇਲਾਵਾ ਪ੍ਰਿੰਸੀਪਲ ਨੇ ਖੇਡ ਟੂਰਨਾਮੈਂਟ 'ਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਤਾਂ ਜੁ ਨਿਰੋਗ ਰਾਸ਼ਟਰ ਦਾ ਨਿਰਮਾਣ ਕੀਤਾ ਜਾ ਸਕੇ।ਉਨ੍ਹਾਂ ਟੂਰਨਾਮੈਂਟ 'ਚ ਜਿੱਤ ਪ੍ਰਾਪਤ ਕਰਨ ਵਾਲੀਆਂ ਟੀਮਾਂ ਤੇ ਉਨ੍ਹਾਂ ਦੇ ਕੋਚ ਸਾਹਿਬਾਨ ਨੂੰ ਮੁਬਾਰਕਬਾਦ ਵੀ ਦਿੱਤੀ।ਕਬੱਡੀ ਟੂਰਨਾਮੈਂਟ (ਲੜਕੇ) ਦੇ ਪਹਿਲੇ ਦਿਨ ਹੋਏ ਅੰਡਰ-14 ਮੁਕਾਬਲੇ 'ਚ ਪੀ.ਐੱਮ.ਸ਼੍ਰੀ. ਸਰਕਾਰੀ ਸੀਨੀ. ਸੈਕੰ. ਸਕੂਲ, ਲਹਿਲ ਕਲਾਂ ਦੇ ਖਿਡਾਰੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਸਰਕਾਰੀ ਸੀਨੀ. ਸੈਕੰ. ਸਕੂਲ ਸੰਗਤਪੁਰਾ ਦੇ ਖਿਡਾਰੀ ਦੂਜੇ ਸਥਾਨ 'ਤੇ ਰਹੇ।ਅੰਡਰ-17 ਦੇ ਹੋਏ ਮੁਕਾਬਲੇ 'ਚ ਪੀ.ਐੱਮ.ਸ਼੍ਰੀ. ਸਰਕਾਰੀ ਸੀਨੀ. ਸੈਕੰ. ਸਕੂਲ ਲਹਿਲ ਕਲਾਂ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਸੀਬਾ ਇੰਟਰਨੈਸ਼ਨਲ ਸਕੂਲ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਅੰਡਰ-19 ਫਾਇਨਲ ਮੁਕਾਬਲੇ ਵਿੱਚ ਸੀਬਾ ਸਕੂਲ ਦੀ ਟੀਮ ਨੇ ਡੀ.ਏ.ਵੀ. ਸਕੂਲ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਡੀ.ਏ.ਵੀ. ਸਕੂਲ ਦੀ ਟੀਮ ਨੂੰ ਦੂਜਾ ਸਥਾਨ ਪ੍ਰਾਪਤ ਕੀਤਾ।

# ਮੁੱਖ ਮੰਤਰੀ ਦੇ ਖੇਤਾਂ ਦੇ ਦੌਰੇ ਨੂੰ ਇਤਿਹਾਸਕ ਕਦਮ ਦੱਸਦਿਆਂ ਸ਼ੁਕਰਗੁਜ਼ਾਰ ਹੋਏ ਪਿੰਡ ਵਾਸੀ

### ਸਮਾਜ ਦੇ ਹਰੇਕ ਵਰਗ ਦੀ ਭਲਾਈ ਲਈ ਲੀਹੋਂ ਹਟਵੀਆਂ ਪਹਿਲਕਦਮੀਆਂ ਅਪਣਾਉਣ ਲਈ ਮੁੱਖ ਮੰਤਰੀ ਦਾ ਕੀਤਾ ਧੰਨਵਾਦ



ਖੰਨਾ/ਸਮਰਾਲਾ (ਸੁਖਵਿੰਦਰ ਸਿੰਘ ਭਾਦਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਜਦੋਂ ਇਸ ਇਲਾਕੇ ਦੇ ਖੇਤਾਂ ਦਾ ਦੌਰਾ ਕੀਤਾ ਗਿਆ ਤਾਂ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਪਿੰਡ ਵਾਸੀਆਂ ਨੇ ਕਿਹਾ ਕਿ ਪਿਛਲੇ 70 ਸਾਲਾਂ ਵਿੱਚ ਉਨ੍ਹਾਂ ਨੇ ਪਹਿਲੀ ਵਾਰ ਇਸ ਇਤਿਹਾਸਕ ਪਲ ਨੂੰ ਦੇਖਿਆ ਹੈ, ਜਦੋਂ ਸੂਬੇ ਦਾ ਮੁਖੀ ਪ੍ਰਮੁੱਖ ਮੁੱਦਿਆਂ 'ਤੇ ਚਰਚਾ ਕਰਨ ਲਈ ਉਨ੍ਹਾਂ ਕੋਲ ਖੁਦ ਚੱਲ ਕੇ ਆਏ ਹਨ।ਕਿਸਾਨਾਂ ਵਿੱਚ ਬਲਵਿੰਦਰ ਸਿੰਘ ਪੁੱਤਰ ਹਰਮਿੰਦਰ ਸਿੰਘ, ਨਾਇਬ ਸਿੰਘ ਪੁੱਤਰ ਦਰਸ਼ਨ ਸਿੰਘ, ਅਵਤਾਰ ਸਿੰਘ ਓਟਾਲਾ ਪੁੱਤਰ ਸੰਪੂਰਨ ਸਿੰਘ, ਮੇਹਰ ਸਿੰਘ ਪੁੱਤਰ ਇੰਦਰ ਸਿੰਘ, ਗਗਨਦੀਪ ਸਿੰਘ ਮਾਨ (ਸਰਪੰਚ) ਪੁੱਤਰ ਬਲਵੀਰ ਸਿੰਘ ਮਾਨ, ਬਲਵੀਰ ਸਿੰਘ ਪੁੱਤਰ ਕਾਕਾ ਸਿੰਘ, ਤਾਰਾ ਸਿੰਘ, ਸੈਣ ਸਿੰਘ, ਮੇਜਰ ਸਿੰਘ, ਸ੍ਰ. ਸਰਵਣ ਸਿੰਘ ਪੁੱਤਰ ਸਾਧੂ ਸਿੰਘ, ਸਤਨਾਮ ਸਿੰਘ ਪੁੱਤਰ ਹਰਦਿਆਲ ਸਿੰਘ, ਜਸਦੀਪ ਸਿੰਘ, ਯਾਦਵਿੰਦਰ ਸਿੰਘ ਬਿੱਟੂ, ਅਵਤਾਰ ਸਿੰਘ ਲਿਬੜਾ, ਮਨਜੋਤ ਸਿੰਘ ਲਿਬੜਾ, ਡਾ: ਗਿਆਨ ਸਿੰਘ ਲਿਬੜਾ, ਕਿਰਨਦੀਪ ਸਿੰਘ ਲਿਬੜਾ, ਅਕਬਰ ਖਾਨ, ਨੋਨੀ ਲਿਬੜਾ, ਲਖਵੀਰ ਸਿੰਘ ਲਿਬੜਾ, ਹਰਪ੍ਰੀਤ ਸਿੰਘ ਲਿਬੜਾ, ਲਖਵੀਰ ਸਿੰਘ ਲਿਬੜਾ, ਹਰਪ੍ਰੀਤ ਸਿੰਘ ਲਿਬੜਾ, ਪਵਿੰਦਰ ਸਿੰਘ ਲਿਬੜਾ, ਹਰਪਾਲ ਸਿੰਘ ਬਾਹੋਮਾਜਰਾ, ਕੁਲਦੀਪ ਸਿੰਘ ਗੋਹ, ਜਤਿੰਦਰ ਸਿੰਘ ਗੋਹ, ਲਖਵੀਰ ਸਿੰਘ ਗੋਹ, ਮਨਸਾ ਸਿੰਘ ਤੇ ਮਲਕੀਤ ਸਿੰਘ ਮੀਤਾ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਮੁੱਖ ਮੰਤਰੀ ਉਨ੍ਹਾਂ ਕੋਲ ਆਇਆ ਹੈ, ਉਨ੍ਹਾਂ ਦੇ ਖੇਤਾਂ ਵਿੱਚ ਮੰਜੇ 'ਤੇ ਬੈਠਾ ਤੇ ਸੂਬੇ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਉਨ੍ਹਾਂ ਨਾਲ ਗੱਲਬਾਤ ਕੀਤੀ।ਉਨ੍ਹਾਂ ਮੁੱਖ ਮੰਤਰੀ ਦਾ ਖੇਤਾਂ ਨੂੰ ਨਹਿਰੀ ਪਾਣੀ ਯਕੀਨੀ ਬਣਾਉਣ ਲਈ ਧੰਨਵਾਦ ਕੀਤਾ।ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਪਿੰਡ ਬੁਰਜੀ 4500 ਖੱਬਾ ਪਾਇਲ ਤੋਂ ਪਿੰਡ ਬੌਂਦਲੀ ਦੇ ਬਲਵਿੰਦਰ ਸਿੰਘ ਪੁੱਤਰ ਹਰਮਿੰਦਰ ਸਿੰਘ ਦੇ ਖੇਤਾਂ ਨੂੰ ਨਹਿਰੀ ਪਾਣੀ ਛੱਡਣ ਦਾ ਉਦਘਾਟਨ ਕੀਤਾ।ਬੌਂਦਲੀ, ਬੌਂਦਲ ਤੇ ਦਿਆਲਪੁਰ ਪਿੰਡਾਂ ਵਿੱਚ 300 ਏਕੜ ਜ਼ਮੀਨ ਨੂੰ ਨਹਿਰੀ ਪਾਣੀ ਸਪਲਾਈ ਕਰਨ ਲਈ ਇਸ ਮੋਘੇ ਤੋਂ 80 ਲੱਖ ਰੁਪਏ ਦੀ ਲਾਗਤ ਨਾਲ 2.5 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਈ ਜਾਵੇਗੀ।ਇਸ ਪ੍ਰੋਜੈਕਟ ਨੂੰ ਪਹਿਲਾਂ ਹੀ ਮਨਜ਼ੂਰੀ ਮਿਲ ਚੁੱਕੀ ਹੈ, ਪਰ ਖੇਤਾਂ ਵਿੱਚ ਝੋਨੇ ਦੀ ਕਾਸ਼ਤ ਹੋਣ ਕਾਰਨ, ਝੋਨੇ ਦੀ ਕਟਾਈ ਤੋਂ ਬਾਅਦ ਪਾਈਪਲਾਈਨ ਵਿਛਾਈ ਜਾਵੇਗੀ।

# ਮੌੜ ਮੰਡੀ ਦੇ ਬੱਸ ਅੱਡੇ ਤੋਂ ਪੀ ਆਰ ਟੀ ਸੀ ਦੀ ਬੱਸ ਚੋਰੀ

### ਫੈਕਟਰੀ ਰੋਡ 'ਤੇ ਸੀਵਰੇਜ ਦੇ ਗੰਦੇ ਪਾਣੀ 'ਚ ਖੁਭੀ ਮਿਲੀ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਬੀਤੀ ਰਾਤ 11 ਵਜੇ ਦੇ ਕਰੀਬ ਸਥਾਨਕ ਮੰਡੀ ਦੇ ਬਸ ਸਟੈਂਡ ਤੋਂ ਪੀਆਰਟੀਸੀ ਦੀ ਇੱਕ ਬਸ ਚੋਰਾਂ ਵੱਲੋਂ ਚੋਰੀ ਕੀਤੀ ਗਈ, ਜੋ ਕਿ ਫੈਕਟਰੀ ਰੋਡ 'ਤੇ ਗੰਦੇ ਪਾਣੀ ਦੇ ਟੋਇਆਂ ਵਿੱਚ ਖੁੱਭ ਗਈ ਤੇ ਚੋਰ ਬਸ ਨੂੰ ਉੱਥੇ ਹੀ ਛੱਡ ਕੇ ਭੱਜ ਗਏ।ਇਸ ਮਾਮਲੇ ਸੰਬੰਧੀ ਜਦ ਪੱਤਰਕਾਰਾਂ ਦੀ ਇੱਕ ਟੀਮ ਨੇ ਬਸ ਅੱਡੇ ਦਾ ਦੌਰਾ ਕੀਤਾ ਤਾਂ ਉੱਥੇ ਪੀਆਰਟੀਸੀ ਦੇ ਅੱਡਾ ਇੰਚਾਰਜ ਸੁਖਪਾਲ ਸਿੰਘ ਤੇ ਬਸ ਡਰਾਈਵਰ ਕੁਲਦੀਪ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਬਸ ਸਟੈਂਡ ਮੌੜ 'ਤੇ ਹਰ ਰੋਜ਼ ਦੀ ਤਰ੍ਹਾਂ ਪੀਆਰਟੀਸੀ ਦੀਆਂ ਨੌਂ ਬੱਸਾਂ ਖੜਦੀਆਂ ਹਨ।ਇਸ ਤੋਂ ਇਲਾਵਾ ਤਿੰਨ-ਚਾਰ ਬੱਸਾਂ ਪ੍ਰਾਈਵੇਟ ਮਿੰਨੀ ਵੀ ਖੜੀਆਂ ਹੁੰਦੀਆਂ ਹਨ, ਪਰ ਚੋਰਾਂ ਵੱਲੋਂ ਤਿੰਨ ਬੱਸਾਂ ਨਾਲ ਹੀ ਛੇੜਖਾਨੀ ਕੀਤੀ ਗਈ। ਉਨ੍ਹਾਂ ਵਿੱਚੋਂ ਇੱਕ ਬਸ ਜਿਸ ਦਾ ਨੰਬਰ ਪੀ ਬੀ 03 ਬੀ ਐੱਚ 6872 ਹੈ, ਉਸ ਨੂੰ ਉਹ ਸਟਾਰਟ ਕਰਕੇ ਲੈ ਗਏ।ਜਦੋਂ ਫੈਕਟਰੀ ਰੋਡ 'ਤੇ ਬਸ ਟੋਇਆਂ ਵਿੱਚ ਖੁੱਭ ਗਈ ਤੇ ਚੋਰ ਉੱਥੇ ਹੀ ਬਸ ਨੂੰ ਛੱਡ ਕੇ ਚਲੇ ਗਏ।ਸਾਨੂੰ ਬਸ ਦੇ ਚੋਰੀ ਹੋਣ ਦਾ ਪਤਾ ਸਵੇਰੇ ਲੱਗਾ, ਜਦ ਬਸ ਡਰਾਈਵਰ ਕੁਲਦੀਪ ਸਿੰਘ ਨੇ ਆ ਕੇ ਬੱਸ ਅੱਡੇ ਉੱਪਰ ਆਪਣੀ ਬਸ ਨੂੰ ਨਾ ਵੇਖਿਆ, ਤਾਂ ਬਸ ਡਰਾਈਵਰ ਵੱਲੋਂ ਅੱਡਾ ਇੰਚਾਰਜ ਸੁਖਪਾਲ ਸਿੰਘ ਨਾਲ ਸੰਪਰਕ ਕੀਤਾ ਗਿਆ। ਸੁਖਪਾਲ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਵਿਅਕਤੀ ਵੱਲੋਂ ਸੂਚਨਾ ਮਿਲੀ ਸੀ ਕਿ ਪੀਆਰਟੀਸੀ ਦੀ ਬਸ ਫੈਕਟਰੀ ਰੋਡ 'ਤੇ ਗੰਦੇ ਪਾਣੀ ਦੇ ਟੋਇਆਂ ਵਿੱਚ ਖੁੱਭੀ ਖੜੀ ਹੈ।ਜਦ ਉਨ੍ਹਾਂ ਨੇ ਜਾ ਕੇ ਬਸ ਨੂੰ ਦੇਖਿਆ ਤਾਂ ਇਹ ਪੀਆਰਟੀਸੀ ਦੀ ਉਹੀ ਬੱਸ ਸੀ, ਜੋ ਬਸ ਅੱਡੇ ਤੋਂ ਚੋਰੀ ਹੋਈ ਸੀ। ਬਸ ਦੇ ਚੋਰੀ ਕੀਤੇ ਜਾਣ ਸਬੰਧੀ ਬਸ ਡਰਾਈਵਰ ਕੁਲਦੀਪ ਸਿੰਘ ਵੱਲੋਂ ਇੱਕ ਲਿਖਤੀ ਦਰਖਾਸਤ ਪੁਲਸ ਥਾਣਾ ਮੌੜ ਨੂੰ ਦਿੱਤੀ ਗਈ। ਜਦ ਇਸ ਮਾਮਲੇ ਸੰਬੰਧੀ ਪੁਲਸ ਥਾਣਾ ਮੁਖੀ ਮੌੜ ਤਰਨਜੀਤ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।ਬਸ ਅੱਡੇ ਤੋਂ ਬਸ ਚੋਰੀ ਜ਼ਰੂਰ ਹੋ ਗਈ ਸੀ, ਜੋ ਕਿ ਫੈਕਟਰੀ ਰੋਡ 'ਤੇ ਸੀਵਰੇਜ ਦੇ ਗੰਦੇ ਪਾਣੀ ਦੇ ਟੋਇਆਂ ਵਿੱਚ ਖੁੱਭੀ ਖੜੀ ਹੈ।ਇਸ ਮਾਮਲੇ ਸੰਬੰਧੀ ਜਾਂਚ ਚੱਲ ਰਹੀ ਹੈ ਤੇ ਜਲਦ ਹੀ ਚੋਰਾਂ ਨੂੰ ਫੜ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

## ਹਲਕਾ ਸ਼ੁਤਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਪੰਥਕ ਵੱਲੋਂ ਪ੍ਰੋ. ਮਲਕੀਤ ਸਿੰਘ 2027 'ਚ ਲੜ ਸਕਦੇ ਹਨ ਚੋਣ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਹਲਕਾ ਸ਼ੁਤਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਪੰਥਕ ਦੀ ਟਿਕਟ ਦੇ ਦਾਅਵੇਦਾਰ ਪ੍ਰੋਫੈਸਰ ਮਲਕੀਤ ਸਿੰਘ ਦੇ ਗ੍ਰਹਿ ਵਿਖੇ ਰੱਖੀ ਮੀਟਿੰਗ ਵਿੱਚ ਹਲਕਾ ਸ਼ੁਤਰਾਣਾ ਦੇ ਪੰਥਕ ਆਗੂਆਂ ਨੇ ਸ਼ਿਰਕਤ ਕੀਤੀ।ਇਸ ਮੀਟਿੰਗ ਦੌਰਾਨ ਸਭ ਨੇ ਆਪਣੇ ਵੱਡਮੁੱਲੇ ਵਿਚਾਰ ਰੱਖੇ ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਸੁਝਾਓ ਵੀ ਦਿੱਤੇ।ਇਸ ਮੀਟਿੰਗ ਵਿੱਚ ਹਲਕਾ ਸ਼ੁਤਰਾਣਾ ਤੋਂ ਵਿਧਾਨ ਸਭਾ ਚੋਣ ਲੜਨ ਲਈ ਪ੍ਰੋਫੈਸਰ ਮਲਕੀਤ ਸਿੰਘ ਦੇ ਨਾਮ 'ਤੇ ਚਰਚਾ ਕੀਤੀ ਗਈ ਕੀਤਾ।ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕਰਨ ਉਪਰੰਤ ਸਾਰੇ ਆਗੂਆਂ ਨੇ ਪ੍ਰੋਫੈਸਰ ਮਲਕੀਤ ਸਿੰਘ 'ਤੇ ਭਰੋਸਾ ਜਤਾਉਂਦਿਆਂ ਉਸ ਨੂੰ ਚੋਣ ਲੜਨ ਲਈ ਹੱਲਾ ਸ਼ੇਰੀ ਦਿੱਤੀ ਤੇ ਕਿਹਾ ਕਿ ਉਹ ਹੋਣ ਤੋਂ ਹੀ ਹਲਕਾ ਸ਼ੁਤਰਾਣਾ ਵਿੱਚ ਕੰਮ ਕਰਨਾ ਸ਼ੁਰੂ ਕਰ ਦੇਣ, ਜਿਸ ਨਾਲ ਲੋਕਾਂ ਵਿੱਚ ਰਾਬਤਾ ਬਣ ਸਕੇ।ਹਲਕਾ ਸ਼ੁਤਰਾਣਾ ਦੇ ਲੋਕਾਂ ਦੀ ਸੇਵਾ ਕਰਦੇ ਰਹਿਣ ਤੇ ਉਨ੍ਹਾਂ ਦੇ ਦੱਖ ਸੁੱਖ ਵਿੱਚ ਸ਼ਰੀਕ ਹੋਣ।ਇਸ ਮੀਟਿੰਗ ਵਿੱਚ ਪ੍ਰੋਫੈਸਰ ਮਲਕੀਤ ਸਿੰਘ ਨੇ ਪਾਰਟੀ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪੂਰੀ ਲਗਨ ਤੇ ਮਿਹਨਤ ਨਾਲ ਹਲਕਾ ਸ਼ੁਤਰਾਣਾ ਵਿੱਚ ਕੰਮ ਕਰਨਗੇ ਤੇ ਲੋਕਾਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣਗੇ।ਇਸ ਮੀਟਿੰਗ ਵਿੱਚ ਰਣਧੀਰ ਸਿੰਘ ਮਵੀ ਕਲਾਂ ਸਾਬਕਾ ਸੀਨੀਅਰ ਜ਼ਿਲ੍ਹਾ ਮੀਤ ਪ੍ਰਧਾਨ, ਹਰਦੀਪ ਸਿੰਘ ਸਾਗਰਾ ਸੀਨੀਅਰ ਅਕਾਲੀ ਆਗੂ, ਸਾਹਿਬ ਸਿੰਘ ਸਾਬਕਾ ਸਰਪੰਚ ਤੇ ਸੀਨੀਅਰ ਅਕਾਲੀ ਆਗੂ ਨਾਈਵਾਲਾ, ਗੁਲਜਾਰ ਸਿੰਘ ਮੁਰਦਾਹੇੜੀ ਪ੍ਰਧਾਨ ਕੋਐਪਰੇਟ ਸੁਸਾਇਟੀ, ਬਲਿਹਾਰ ਸਿੰਘ ਹਰਿਆਊ ਸੀਨੀਅਰ ਅਕਾਲੀ ਆਗੂ, ਜਥੇਦਾਰ ਪ੍ਰਿਤਪਾਲ ਸਿੰਘ ਦੋਦਰਾ, ਜਥੇਦਾਰ ਲਾਭ ਸਿੰਘ ਦੋਦਰਾ, ਸੁਰਿੰਦਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ ਸਹਿਜਪੁਰਾ ਖੁਰਦ, ਪ੍ਰਭਦਿਆਲ ਸਿੰਘ ਸਾਬਕਾ ਪੰਚ ਸੀਨੀਅਰ ਅਕਾਲੀ ਆਗੂ ਸਹਿਜਪੁਰਾ ਖੁਰਦ, ਜੋਗਿੰਦਰ ਸਿੰਘ ਵਿਰਕ ਘੰਗਰੋਲੀ, ਬੰਤ ਸਿੰਘ ਘੰਗਰੋਲੀ ਆਦਿ ਸ਼ਾਮਲ ਸਨ।

## ਬਾਪੂ ਜੀਤ ਸਿੰਘ ਮਹਿਲ ਖੁਰਦ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਵਿਖੇ ਪ੍ਰਿੰ. ਡਾ. ਗਗਨਜੀਤ ਕੌਰ ਦੀ ਅਗਵਾਈ ਹੇਠ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਵਣ ਮਹਾਂਉਤਸਵ ਮਨਾਇਆ ਗਿਆ। ਇਸ ਦੌਰਾਨ ਸਕੂਲ ਕੈਂਪਸ ਵਿੱਚ ਸਟਾਫ ਅਤੇ ਵਿਦਿਆਰਥੀਆਂ ਨੇ ਵੱਖ-ਵੱਖ ਕਿਸਮਾਂ ਦੇ ਛਾਂਦਾਰ ਅਤੇ ਫ਼ਲਦਾਰ ਪੌਦੇ ਲਗਾਏ। ਇਸ ਤੋਂ ਇਲਾਵਾ 11ਵੀਂ ਅਤੇ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਿੱਚ ਵਾਤਾਵਰਨ ਸੰਭਾਲ ਸਬੰਧੀ ਵਾਦ ਵਿਵਾਦ ਪ੍ਰਤੀਯੋਗਿਤਾ ਕਰਵਾਈ ਅਤੇ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਦੇ ਵਾਤਾਵਰਨ ਸੰਭਾਲ ਸਬੰਧੀ ਇੰਟਰ ਹਾਊਸ ਚਾਰਟ ਮੇਕਿੰਗ ਅਤੇ ਭਾਸ਼ਣ ਪ੍ਰਤੀਯੋਗਤਾ ਦੇ ਮੁਕਾਬਲੇ ਕਰਵਾਏ ਗਏ। ਇਸ ਸਬੰਧੀ ਸਕੂਲ ਪ੍ਰਿੰ. ਡਾ. ਗਗਨਜੀਤ ਕੌਰ ਨੇ ਦੱਸਿਆ ਕਿ ਵਾਤਾਵਰਨ ਸੰਭਾਲ ਸਬੰਧੀ ਵਾਦ ਵਿਵਾਦ ਪ੍ਰਤੀਯੋਗਿਤਾ ਵਿੱਚ ਮਿਹਰ ਮਸੀਹ ਅਤੇ ਗਗਨਪ੍ਰੀਤ ਕੌਰ ਨੇ ਪਹਿਲਾ ਸਥਾਨ, ਵੀਰ ਪ੍ਰਤਾਪ ਸ਼ਰਮਾ ਅਤੇ ਸੁਖਮਨਪ੍ਰੀਤ ਕੌਰ ਨੇ ਦੂਸਰਾ ਸਥਾਨ, ਸੋਨਮਪ੍ਰੀਤ ਕੌਰ ਅਤੇ ਪਾਇਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਕੰਸੋਲੇਸ਼ਨ ਇਨਾਮ ਸੁਖਜੀਤ ਸਿੰਘ ਨੇ ਪ੍ਰਾਪਤ ਕੀਤਾ। ਇਸ ਮੌਕੇ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਦੇ ਇੰਟਰ ਹਾਊਸ ਚਾਰਟ ਮੇਕਿੰਗ ਅਤੇ ਭਾਸਨ ਪ੍ਰਤੀ ਯੋਗਤਾ ਦੇ ਮੁਕਾਬਲਿਆਂ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲੈ ਕੇ ਆਪਣੇ ਭਾਵਾਂ ਨੂੰ ਬਹੁਤ ਖੂਬਸੂਰਤੀ ਨਾਲ ਬਿਆਨ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚੋਂ ਜੇਤੂ ਵਿਦਿਆਰਥੀਆਂ ਨੂੰ ਪ੍ਰਿੰ. ਡਾ. ਗਗਨਜੀਤ ਕੌਰ ਵੱਲੋਂ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

## ਬੇਦਖਲੀ ਨੋਟਿਸ

ਮੈਂ, ਬ੍ਰਹਮ ਦੇਵ ਪੁੱਤਰ ਮਕੂਨੀ ਪਾਸਵਾਨ, ਵਾਸੀ ਵਡਾਲਾ ਖੁਰਦ, ਵਡਾਲਾ ਕਲਾਂ, ਜ਼ਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੋਹਿਤ ਕੁਮਾਰ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।

## PUBLIC NOTICE

It is inform that I, SarbjitKaur wife of S. Amrik Singh resident of BoharWaliGali, Village Kale, Chheharta, Amritsar, have lost the original previous sale deed dated 29.01.1986 duly registered with the office of sub-registrar, Amritsar vide Document No.11932, Book No.1, Volume No.381 at Page No.1 and the copy of the same has been pasted in additional Book No.1, Volume No.4387 at Page 83 in favour of S.Prem Singh son of S.Harbans Singh and Sale Deed Dated 20.04.1982 duly registered with the office of sub-registrar, AMRITSAR vide Document No.1563, Book No.1, Volume No.905 at Page 158 and the copy of the same has been pasted in additional Book No.1, Volume No.3494 at Page 74 in favour of Smt. JoginderKaur wife of S. Davinder Singh and a DDR No.No.034 Dated 25.07.2025 has already been lodged with Police Station Chheharta, Amritsar regarding lost of said original Sale deed. However, no loan has been taken from any bank or financial institution by pledging the said original sale nor the same has been deposited with any Bank as security nor has been misutilised in any manner.

## PUBLIC NOTICE

It is inform that I, BhupinderKaur wife of S. Gurmukh Singh resident of House No.1/249-A, Azad Nagar, Sultanwind Road, Amritsar, am owner in actual physical possession Property i.e. One Plot Private No.90, having Length 31 ft 6 inch and breadth 20 ft as per spot and measurement towards east and west 20 ft and north 24 ft south 30 ft, total area measuring 70 sq. yards, which is bounded by(as per sale deed) East: Street 16 ft wide, west: ownership of others, North: House No.89 and South: ownership of Ran Singh, bearing Khasra No.1265 Min, Present Khasra No.2336/1265 Min situated at Sultanwind Urban, Abadi New Shaheedi ... Singh, Tehsil and District Amritsar and I have lost the previous sale deed dated 05.10.1977 duly registered with the office of sub-registrar, Amritsar vide Document No.2199, Book No.1, Volume No.3260 at Page 53/55 in favour of Smt. SurinderKaur wife of S.Balwant Singh and a DDR No. 031 Dated 22.07.2025 with P.S. B Division has already been lodged regarding lost of said original Sale deed. However, no loan has been taken from any bank or financial institution by pledging the said original sale nor the same has been deposited with any Bank as security nor has been misutilised in any manner.

## ਉੱਤਰ ਰੇਲਵੇ

**ਈ-ਟੈਂਡਰ**

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ਼ ਤੋਂ, ਸੀਨੀਅਰ ਮੰਡਲ ਇੰਜੀਨੀਅਰ, ਉੱਤਰ ਰੇਲਵੇ, ਡੀਜ਼ਲ ਸ਼ੈਡ ਲੁਧਿਆਣਾ ਖੁਲ੍ਹੇ ਬਾਜ਼ਾਰ ਤੋਂ ਈ-ਟੈਂਡਰ ਪ੍ਰਣਾਲੀ ਦੇ ਦੁਆਰਾ ਹੇਠ ਲਿਖੇ ਕੰਮ ਲਈ ਬੋਲੀ ਮੰਗ ਕਰਦੇ ਹਨ :

| | |
|---|---|
| ਕੰਮ ਦਾ ਨਾਮ | ... |
| ਕੰਮ ਦੀ ਅਨੁਮਾਨਿਤ ਲਾਗਤ (ਅਨੁਮਾਨਿਤ) | ਰੁ. 6,34,332.60 (ਜੀਐਸਟੀ ਸਹਿਤ) (ਛੇ ਲੱਖ ਚੌਂਤੀ ... ) |
| ਟੈਂਡਰ ਸੁਰੱਖਿਆ ਰਾਸ਼ੀ (ਬਿਆਨਾ ਰਾਸ਼ੀ) | ਰੁ. 12,700/- |
| ਬੋਲੀ ਸ਼ੁਰੂ ਹੋਣ ਦੀ ਮਿਤੀ | 05.08.2025 |
| ਈ-ਟੈਂਡਰ ਸਮਾਪਨ ਮਿਤੀ ਅਤੇ ਸਮਾਂ | 19.08.2025 ਨੂੰ 15:00 ਵਜੇ |
| IREPS ਵੈਬਸਾਈਟ ਉੱਤੇ ਈ-ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 19.08.2025 ਨੂੰ 15:15 ਵਜੇ |
| ਟੈਂਡਰ ਦੀ ਵੈਧਤਾ | ਖੁਲਣ ਦੀ ਮਿਤੀ ਤੋਂ 45 ਦਿਨ |
| ਟੈਂਡਰ ਦਾ ਪ੍ਰਕਾਰ | ਖੁਲਾ ਪ੍ਰਕਾਸ਼ਤ |
| ਅਨੁਬੰਧ ਕਾਲ | ਅਨੁਬੰਧ ਪ੍ਰਦਾਨ ਕੀਤੇ ਜਾਣ ਦੀ ਮਿਤੀ ਤੋਂ 36 ਮਹੀਨੇ |
| ਵੈਬਸਾਈਟ | www.ireps.gov.in |

ਨੰ: ਡੀਜ਼ਲਸ਼ੈਡ/ਲੁਧਿਆਣਾ/ਈਟੀ-7-1/2024 ਮਿਤੀ : 23.07.2025 2293/25

ਗ੍ਰਾਹਕਾਂ ਦੀ ਸੇਵਾ ਵਿੱਚ ਮੁਸਕਾਨ ਦੇ ਨਾਲ

## ਕਿਸਾਨਾਂ ਵੱਲੋਂ ਹੁਸ਼ਿਆਰਪੁਰ ਵਿਖੇ ਕੀਤਾ ਜਾਵੇਗਾ ਭਲਕੇ ਟਰੈਕਟਰ ਮਾਰਚ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਮੈਂਬਰ ਹਰਬੰਸ ਸਿੰਘ ਸੰਘਾ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਉੱਤੇ ਪਿੰਡ ਪੁਰਹੀਰਾਂ ਦੇ ਗੁਰਦੁਆਰਾ ਜਾਹਰਾ ਜ਼ਹੂਰ ਵਿਖੇ



ਸ਼ੇਰਗੜ੍ਹ ਅਤੇ ਪੁਰਹੀਰਾਂ ਦੇ ਕਿਸਾਨਾਂ ਦਾ ਇਕੱਠ ਹੋਇਆ, ਜਿਸ ਵਿੱਚ ਬੁਲਾਰਿਆਂ ਨੇ ਲੈਂਡ ਪੂਲਿੰਗ ਪਾਲਸੀ ਬਾਰੇ ਵਿਸਥਾਰ ਨਾਲ ਵਿਚਾਰ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਪਾਲਿਸੀ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਖੋਹੀਆਂ ਜਾਣ ਦਾ ਪੂਰਾ ਵਿਰੋਧ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਕਿਸੇ ਵੀ ਹਾਲਾਤ ਵਿੱਚ ਸਰਕਾਰ ਨੂੰ ਕੋਈ ਜਮੀਨ ਨਹੀਂ ਦਿੱਤੀ ਜਾਵੇਗੀ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਅਨੁਸਾਰ 30 ਜੁਲਾਈ ਨੂੰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਵਿਰੁੱਧ ਕਿਸਾਨ ਜੱਥੇਬੰਦੀਆਂ ਦੀ ਅਗਵਾਈ ਵਿੱਚ ਕਿਸਾਨ ਟਰੈਕਟਰ ਮਾਰਚ ਕਰਨਗੇ। ਹੁਸ਼ਿਆਰਪੁਰ ਵਿੱਚ ਟਰੈਕਟਰ ਮਾਰਚ ਦਾ ਰੂਟ ਪੁਰਹੀਰਾਂ ਬਾਈਪਾਸ ਤੇ ਇਕੱਠੇ ਹੋ ਕੇ ਗੌਰਮਿੰਟ ਕਾਲਜ ਚੌਕ ਤੋਂ ਪੁਰਾਣੀਆਂ ਕਚਿਹਰੀਆਂ ਅੱਗੇ ਹੁੰਦਾ ਹੋਇਆ ਮਿਨੀ ਸਕੱਤਰੇਤ ਤੋਂ ਸ਼ੇਰਗੜ੍ਹ ਵਿਖੇ ਖਤਮ ਹੋਵੇਗਾ। ਪੁਰਹੀਰਾਂ ਬਾਈਪਾਸ ਤੇ ਇਕੱਠੇ ਹੋਣ ਦਾ ਸਮਾਂ 10.30 ਦਾ ਹੋਵੇਗਾ। ਠੀਕ 11.00 ਵਜੇ ਮਾਰਚ ਸ਼ੁਰੂ ਕਰ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 24 ਅਗਸਤ ਨੂੰ ਮੁੱਲਾਂਪੁਰ ਵਿੱਚ ਕੀਤੀ ਜਾ ਰਹੀ ਰੈਲੀ ਵਿੱਚ ਵੱਧੀ ਗਿਣਤੀ ਵਿੱਚ ਕਿਸਾਨ ਸ਼ਾਮਲ ਹੋਣਗੇ।

## 'ਮਸਤੀ ਕੀ ਪਾਠਸ਼ਾਲਾ' 'ਚ 'ਟੈਲੈਂਟ ਹੰਟ' ਆਯੋਜਿਤ

**ਲੋਹੀਆਂ ਖਾਸ (ਯੋਗੇਸ਼ਵਰ)**- ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਸੰਧ ਸਿੰਘ ਵਿਖੇ ਧੰਨ ਧੰਨ ਸੰਤ ਬਾਬਾ ਨਾਹਰ ਸਿੰਘ ਜੀ ਅਤੇ ਬਾਬਾ ਕਪੂਰ ਸਿੰਘ ਜੀ ਦੇ ਅਸ਼ੀਰਵਾਦ ਨਾਲ 'ਮਸਤੀ ਕੀ ਪਾਠਸ਼ਾਲਾ'



ਵਿੱਚ 'ਟੈਲੈਂਟ ਹੰਟ' ਆਯੋਜਿਤ ਕੀਤਾ ਗਿਆ। ਇਸ ਵਿੱਚ ਵਿਦਿਆਰਥੀਆਂ ਨੇ ਆਪਣੀ ਬਹੁਮੁਖੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਸ਼ਬਦ ਗਾਇਨ, ਲੋਕ ਗੀਤ, ਬੋਲੀਆਂ ਟੱਪੇ, ਲੋਕ ਨਾਚ, ਭੰਗੜਾ, ਕਵਿਤਾ ਪਾਠ ਆਦਿ ਗਤੀਵਿਧੀਆਂ ਰਾਹੀਂ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਦੇ ਹੋਏ ਸਭ ਦਾ ਮਨ ਮੋਹ ਲਿਆ। ਇੰਟਰ ਹਾਊਸ ਰੋਲ-ਪਲੇ ਪ੍ਰਤਿਯੋਗਿਤਾ ਵਿੱਚ 3 ਹਾਊਸ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬਹੁਤ ਰੋਚਕ ਢੰਗ ਨਾਲ ਸਕੂਲ ਦੀ ਵਿਸ਼ੇਸ਼ਤਾਵਾਂ, ਮੋਬਾਇਲ ਫੋਨ ਦੀ ਦੁਰਵਰਤੋਂ, ਸਫਾਈ ਆਦਿ ਵਿਸ਼ੇ ਤੇ ਸਕਾਰਾਤਮਕ ਸੰਦੇਸ਼ ਦਿੰਦੇ ਹੋਏ ਰੋਲ-ਪਲੇ ਪੇਸ਼ ਕੀਤਾ। ਮੈਡਮ ਸਵਪ੍ਰੀਤ ਕੌਰ ਮਾਂ ਨੂੰ ਸਮਰਪਿਤ ਮਨਮੋਹਕ ਕਵਿਤਾ ਪੇਸ਼ ਕੀਤੀ ਗਈ। ਮੰਚ ਦਾ ਸੰਚਾਲਨ ਮੈਡਮ ਅਮਰਪ੍ਰੀਤ ਕੌਰ ਅਤੇ ਮੈਡਮ ਸੁਖਦੀਪ ਕੌਰ ਵੱਲੋਂ ਬਹੁਤ ਸੁਚੱਜੇ ਢੰਗ ਨਾਲ ਕੀਤਾ ਗਿਆ। ਇਸ ਮੌਕੇ ਤੇ ਡਾਇਰੈਕਟਰ ਸ੍ਰੀ ਸਰਦਾ ਖਾਨ, ਡਿਪਟੀ ਡਾਇਰੈਕਟਰ ਸ਼੍ਰੀਮਤੀ ਸਰਗਮ, ਪ੍ਰਿੰਸੀਪਲ ਸ਼੍ਰੀਮਤੀ ਨੀਤੀਮਾ ਨੇ ਵਿਦਿਆਰਥੀਆਂ ਦੀ ਹੁਨਰਮੰਦ ਪੇਸ਼ਕਾਰੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਪੜ੍ਹਾਈ ਦੇ ਨਾਲ ਅਜਿਹੀਆਂ ਗਤੀਵਿਧੀਆਂ ਦਾ ਮਹੱਤਵਪੂਰਨ ਯੋਗਦਾਨ ਹੈ।

## ਸਿਹਤ ਸਹਾਇਤਾ ਯੋਜਨਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਆਰੰਭ : ਮੋਹਿਤ ਭਾਰਦਵਾਜ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਡਾ. ਅੰਬੇਡਕਰ ਫਾਊਂਡੇਸ਼ਨ ਅਤੇ ਭਾਰਤ ਸਰਕਾਰ ਵੱਲੋਂ ਚਲਾਈ 'ਸਿਹਤ ਸਹਾਇਤਾ ਯੋਜਨਾ' ਆਰੰਭ ਹੋ ਗਈ ਹੈ। ਇਹ ਐਲਾਨ ਮੋਹਿਤ ਭਾਰਦਵਾਜ ਮੈਂਬਰ ਡਾ. ਅੰਬੇਡਕਰ ਫਾਊਂਡੇਸ਼ਨ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਭਾਰਤ ਸਰਕਾਰ ਨੇ ਢਾਹਾਂ ਕਲੇਰਾਂ ਦੇ ਦੌਰੇ ਦੌਰਾਨ ਕੀਤਾ। ਉਹਨਾਂ ਦੱਸਿਆ ਕਿ ਡਾ. ਅੰਬੇਡਕਰ ਫਾਊਂਡੇਸ਼ਨ ਵੱਲੋਂ ਐਸ. ਸੀ. ਅਤੇ ਐਸ. ਟੀ. ਵਰਗਾਂ ਦੇ ਲੋੜਵੰਦ ਮਰੀਜ਼ਾਂ ਦਾ 'ਸਿਹਤ ਸਹਾਇਤਾ ਯੋਜਨਾ' ਤਹਿਤ ਇਲਾਜ ਮੁਫਤ ਕਰਵਾਇਆ ਜਾ ਰਿਹਾ ਹੈ। ਇਸ ਯੋਜਨਾ ਹੇਠ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਅਪਰੇਸ਼ਨ, ਗੁਰਦਿਆਂ ਦੇ ਡਾਇਲਿਸਿਸ ਲਈ, ਗੁਰਦਿਆਂ ਦੀ ਬਿਮਾਰੀਆਂ, ਕੈਂਸਰ, ਦਿਲ ਦੀਆਂ ਬਿਮਾਰੀਆਂ ਤੋਂ ਇਲਾਵਾ ਹੋਰ ਜਾਨ ਲੇਵਾ ਰੋਗਾਂ ਤੋਂ ਪੀੜ੍ਹਤ ਮਰੀਜ਼ਾਂ ਦੇ ਇਲਾਜ ਅਤੇ ਅਪਰੇਸ਼ਨਾਂ ਲਈ ਡਾ. ਅੰਬੇਡਕਰ ਫਾਊਂਡੇਸ਼ਨ ਵੱਲੋਂ ਮਰੀਜ਼ਾਂ ਨੂੰ ਐਡਵਾਂਸ ਵਿਚ ਹੀ ਆਰਥਿਕ ਮਦਦ ਦਿੱਤੀ ਜਾਂਦੀ ਹੈ। ਜਿਹਨਾਂ ਪਰਿਵਾਰਾਂ ਦੀ ਸਾਲਾਨਾ ਆਮਦਨ ਤਿੰਨ ਲੱਖ ਰੁਪਏ ਤੋਂ ਘੱਟ ਹੈ ਉਹ ਪਰਿਵਾਰ ਇਸ ਯੋਜਨਾ ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਇਸ ਦੌਰੇ ਦੌਰਾਨ ਮੋਹਿਤ



ਭਾਰਦਵਾਜ ਨੇ ਢਾਹਾਂ ਕਲੇਰਾਂ ਵਿਖੇ ਚੱਲ ਰਹੀਆਂ ਵਿਦਿਅਕ ਸੰਸਥਾਵਾਂ ਦੇ ਮੁਖੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਡਾ. ਅੰਬੇਡਕਰ ਫਾਊਂਡੇਸ਼ਨ ਵੱਲੋਂ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਵਜ਼ੀਫਿਆਂ ਸਬੰਧੀ ਵਿਚਾਰਾਂ ਕੀਤੀਆਂ। ਇਸ ਤੋਂ ਪਹਿਲਾਂ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਮੋਹਿਤ ਭਾਰਦਵਾਜ ਦਾ ਢਾਹਾਂ ਕਲੇਰਾਂ ਪੁੱਜਣ ਤੇ ਨਿੱਘਾ ਸਵਾਗਤ ਕੀਤਾ।ਡਾ. ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਮੋਹਿਤ ਭਾਰਦਵਾਜ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਉਹਨਾਂ ਦਾ ਸਨਮਾਨ ਕੀਤਾ। ਇਸ ਮੌਕੇ ਮਲਕੀਅਤ ਸਿੰਘ ਬਾਹੜੋਵਾਲ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਪ੍ਰੋ: ਹਰਬੰਸ ਸਿੰਘ ਬੋਲੀਨਾ, ਦਵਿੰਦਰ ਸਿੰਘ ਢਿੱਲੋਂ, ਬਰਜਿੰਦਰ ਸਿੰਘ ਕਲੇਰਾਂ, ਜਗਜੀਤ ਕੁਲਥਮ, ਐਡਵੋਕੇਟ ਸੁਰਤੀਕਰਨ ਸਮਰੋਲ, ਸੰਦੀਪ ਨਾਰੰਗ, ਸਾਹਿਲ ਭੱਲਾ, ਐਡਵੋਕੇਟ ਏਕਮਜੀਤ ਸਿੰਘ ਗਿੱਲ, ਯੋਗਰਾਜ ਨਿਮਾਣਾ, ਬਲਬੀਰ ਸਾਬਕਾ ਸਰਪੰਚ ਲਾਦੀਆਂ, ਰਾਜ ਕੁਮਾਰ, ਅਮਨ ਕੁਮਾਰ ਢਾਹਾਂ, ਦਵਿੰਦਰ ਕੁਮਾਰ, ਰਾਮ ਪਾਲ ਐੱਸ.ਐੱਚ.ਓ ਸਦਰ ਬੰਗਾ, ਡਾ. ਜਸਦੀਪ ਸਿੰਘ ਸੈਣੀ, ਡਾ. ਬਲਵਿੰਦਰ ਸਿੰਘ, ਡਾ. ਵਿਵੇਕ ਗੁੰਬਰ, ਡਾ. ਮਾਨਵਦੀਪ ਸਿੰਘ ਬੈਂਸ, ਡਾ.ਪਰਮਿੰਦਰ ਸਿੰਘ ਵਾਰੀਆ, ਡਾ. ਹਰਤੇਜ਼ ਸਿੰਘ ਧਾਰਵਾ, ਪ੍ਰਿੰਸੀਪਲ ਰਮਨਦੀਪ ਕੌਰ, ਪ੍ਰਿੰਸੀਪਲ ਰਾਜਦੀਪ ਥਿਦਵਾਰ, ਮਹਿੰਦਰਪਾਲ ਸਿੰਘ, ਮੈਡਮ ਦਵਿੰਦਰ ਕੌਰ ਹਾਜ਼ਰ ਸਨ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਇੰਟਰ ਹਾਊਸ ਮੁਕਾਬਲੇ ਕਰਵਾਏ



**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ 'ਚ ਚੌਥੀ ਤੋਂ ਨੌਵੀਂ ਜਮਾਤ ਦੇ ਵਿਦਿਆਰਥੀਆਂ ਦਰਮਿਆਨ ਇੰਟਰ ਹਾਊਸ ਫਲਾਵਰ ਅਰੇਂਜਮੈਂਟ ਅਤੇ ਸੈਲਡ ਮੇਕਿੰਗ ਪ੍ਰਤੀਯੋਗਿਤਾ ਕਰਵਾਈ ਗਈ। ਇਸ ਦੌਰਾਨ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਪ੍ਰਤੀਯੋਗਤਾ ਵਿਚ ਹਿੱਸਾ ਲਿਆ । ਸੈਲਡ ਮੇਕਿੰਗ ਮੁਕਾਬਲੇ 'ਚ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਜੇਤੂ ਰਿਹਾ। ਸਾਹਿਬਜ਼ਾਦਾ ਜੋਰਾਵਰ ਸਿੰਘ ਹਾਊਸ ਦੂਸਰੇ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਤੀਸਰੇ ਸਥਾਨ 'ਤੇ ਰਿਹਾ । ਫੁੱਲਾਂ ਦੇ ਪ੍ਰਬੰਧ ਦੇ ਮੁਕਾਬਲੇ ਵਿੱਚ ਸਾਹਿਬਜ਼ਾਦਾ ਜੋਰਾਵਰ ਸਿੰਘ ਹਾਊਸ ਜੇਤੂ ਰਿਹਾ । ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਦੂਸਰੇ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਤੀਸਰੇ ਸਥਾਨ 'ਤੇ ਰਿਹਾ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਅੰਦਰਲੇ ਨਿਰੀਖਣ ਅਤੇ ਸਿਰਜਣਾਤਮਕ ਪੱਖ ਨੂੰ ਸਾਹਮਣੇ ਲਿਆਉਣ ਵਿੱਚ ਸਹਾਇਕ ਹੁੰਦੀਆਂ ਹਨ। ਸਕੂਲ ਦੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਜੇਤੂ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਇਕ ਮਹੀਨੇ 'ਚ ਬਸਤੀ ਰਾਮਪੁਰ ਜਗੀਰ 'ਚ ਨਸ਼ਿਆਂ ਨੇ 2 ਨੌਜਵਾਨਾਂ ਦੀ ਲਈ ਜਾਨ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸੁਲਤਾਨਪੁਰ ਲੋਧੀ ਦੇ ਪਿੰਡ ਬਸਤੀ ਰਾਮਪੁਰ ਜਗੀਰ ਦੇ ਬੱਗਾ ਸਿੰਘ ਦੇ 18 ਸਾਲਾ ਨੌਜਵਾਨ ਆਕਾਸ਼ਦੀਪ ਦੀ ਨਸ਼ੇ ਦੀ ਓਵਰਡੋਜ਼ ਕਾਰਨ ਭੇਤਭਰੇ ਹਾਲਾਤ 'ਚ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਬੱਗਾ ਨੇ ਦੱਸਿਆ ਕਿ ਉਸ ਦਾ ਲੜਕਾ ਆਕਾਸ਼ ਪਿਛਲੇ 2 ਸਾਲ ਤੋਂ ਨਸ਼ਾ ਕਰਦਾ ਸੀ, ਜਿਸ ਦੀ ਅੱਜ ਨਸ਼ੇ ਦਾ ਗਲਤ ਟੀਕਾ ਲਗਾਉਣ ਕਾਰਨ ਮੌਤ ਹੋ ਗਈ। ਬੱਗਾ ਨੇ ਦੱਸਿਆ ਕਿ ਉਸ ਨੇ ਆਪਣੇ ਲੜਕੇ ਨੂੰ ਨਸ਼ਾ ਛੁਡਾਓ ਕੇਂਦਰ ਵੀ ਭੇਜਿਆ ਸੀ, ਜਿੱਥੋਂ ਕੁਝ ਦਿਨ ਪਹਿਲਾਂ ਹੀ ਉਹ ਵਾਪਸ ਆਇਆ ਸੀ ਅਤੇ ਫਿਰ ਨਸ਼ਾ ਕਰਨ ਲੱਗ ਪਿਆ ਸੀ। ਉਨ੍ਹਾਂ ਪੁਲਸ ਅਧਿਕਾਰੀਆਂ ਕੋਲੋਂ ਮੰਗ ਕੀਤੀ ਕਿ ਪਿੰਡ ਵਿਚ ਨਸ਼ਾ ਵੇਚਣ ਵਾਲਿਆਂ ਨੂੰ ਨੱਥ ਪਾਈ ਜਾਵੇ।ਬਸਤੀ ਰਾਮਪੁਰ ਜਗੀਰ ਵਾਸੀ ਬਲਵਿੰਦਰ ਸਿੰਘ ਤੇ ਮਹਿਲਾ ਗੀਨਾ ਨੇ ਦੱਸਿਆ ਕਿ ਸਾਡੇ ਗੁਆਂਢੀ ਪਿੰਡ ਤੋਤੀ ਵਿਖੇ ਸ਼ਰੇਆਮ ਨਸ਼ਾ ਵਿਕਦਾ ਹੈ ਅਤੇ ਮਾਵਾਂ ਦੇ ਪੁੱਤ ਨਸ਼ੇ ਨਾਲ ਮੁੱਕਦੇ ਜਾਂਦੇ ਹਨ। ਗੀਨਾ ਨੇ ਨਸ਼ਾ ਵੇਚਣ ਵਾਲੇ ਦਾ ਨਾਂ ਦੱਸਦਿਆਂ ਕਿਹਾ ਕਿ ਇਕ ਮਹੀਨੇ 'ਚ ਸਾਡੇ ਪਿੰਡ 2



ਮੌਤਾਂ ਇਸੇ ਤਰ੍ਹਾਂ ਨਸ਼ੇ ਨਾਲ ਹੀ ਹੋਈਆਂ ਹਨ, ਜਦਕਿ ਪੁਲਸ ਕੋਈ ਵੀ ਕਾਰਵਾਈ ਨਹੀਂ ਕਰਦੀ।ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਵੀ ਪਿਛਲੇ ਸਮੇਂ ਨਸ਼ਾ ਕਰਦਾ ਸੀ, ਜਦਕਿ ਇਕ ਸਾਲ ਤੋਂ ਉਸ ਨੇ ਨਸ਼ਾ ਕਰਨਾ ਬੰਦ ਕਰ ਦਿੱਤਾ ਹੈ। ਉਸ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਆਕਾਸ਼ ਵੀ ਉਸ ਦੇ ਨਾਲ ਤੋਤੀ ਦੇ ਇਕ ਘਰ ਵਿਚੋਂ ਨਸ਼ਾ ਲੈਣ ਜਾਂਦਾ ਸੀ ਅਤੇ ਹੁਣ ਵੀ ਉਥੋਂ ਹੀ ਨਸ਼ਾ ਲੈਣ ਤੋਂ ਬਾਅਦ ਆਕਾਸ਼ ਦੀ ਮੌਤ ਹੋਈ ਹੈ। ਉਸ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਕੁਝ ਨਹੀਂ ਕਰ ਰਹੀ ਪਿੰਡ ਬਸਤੀ ਰਾਮਪੁਰ ਜਗੀਰ ਦੇ ਸਰਪੰਚ ਗੁਰਪ੍ਰੀਤ ਨੇ ਦੱਸਿਆ ਕਿ ਆਕਾਸ਼ ਰਾਤ ਦਾ ਘਰੋਂ ਗਾਇਬ ਸੀ ਅਤੇ ਤੋਤੀ ਤੋਂ ਮਹਿਲਾਵਾਂ ਦੇ ਰਸਤੇ ਵਿਚ ਉਸ ਦੀ ਮੌਤ ਹੋਈ ਹੈ, ਜਿਸ ਬਾਰੇ ਕਿਸੇ ਨੇ ਵੇਖ ਕੇ ਉਨ੍ਹਾਂ ਨੂੰ ਸੂਚਿਤ ਕੀਤਾ।ਉਸ ਦੱਸਿਆ ਕਿ ਪਿਛਲੇ ਮਹੀਨੇ ਵੀ ਇਕ ਲੜਕੇ ਦੀ ਇਸੇ ਤਰ੍ਹਾਂ ਟੀਕਾ ਲਗਾਉਣ ਨਾਲ ਮੌਤ ਹੋਈ ਸੀ ਤੇ ਬੀਤੇ ਸਮੇਂ ਸਾਬਕਾ ਸਰਪੰਚ ਦੇ ਲੜਕੇ ਦੀ ਵੀ ਇਸੇ ਤਰ੍ਹਾਂ ਮੌਤ ਹੋਈ ਹੈ।ਸਰਪੰਚ ਗੁਰਪ੍ਰੀਤ ਨੇ ਵੀ ਦੋਸ਼ ਲਗਾਇਆ ਕਿ ਪਿੰਡ ਤੋਤੀ ਵਿਖੇ ਸ਼ਰੇਆਮ ਨਸ਼ਾ ਵਿਕ ਰਿਹਾ ਹੈ, ਇਸ ਕਰਕੇ ਪਿਛਲੇ ਸਮੇਂ ਸਾਡੇ ਏਰੀਏ 'ਚ 4-5 ਮੌਤਾਂ ਹੋ ਚੁੱਕੀਆਂ ਹਨ। ਸਰਪੰਚ ਨੇ ਕਿਹਾ ਕਿ ਅਖਬਾਰਾਂ ਦੀਆਂ ਸੁਰਖੀਆਂ 'ਚ ਵੇਖਣ ਨੂੰ ਮਿਲਦਾ ਹੈ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡਾਂ ਅੰਦਰ ਨਸ਼ਾ ਵਿਕਣਾ ਬੰਦ ਹੋ ਗਿਆ ਹੈ ਪਰ ਫਿਰ ਵੀ ਸਾਡੇ ਏਰੀਏ 'ਚ ਸ਼ਰੇਆਮ ਨਸ਼ਾ ਵਿਕ ਰਿਹਾ ਹੈ ਪਰ ਪੁਲਸ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਪੰਜਾਬ ਸਰਕਾਰ ਅਤੇ ਪੁਲਸ ਦੇ ਉੱਚ ਅਧਿਕਾਰੀਆਂ ਪਾਸੋਂ ਨਸ਼ੇ ਦੇ ਧੰਦੇ ਨੂੰ ਨੱਥ ਪਾਉਣ ਦੀ ਮੰਗ ਕੀਤੀ।ਇਸ ਸੰਬੰਧ ਵਿਚ ਡੀ. ਐਸ. ਪੀ. ਸੁਲਤਾਨਪੁਰ ਲੋਧੀ ਹਰਗੁਰਦੇਵ ਸਿੰਘ ਨੇ ਕਿਹਾ ਕਿ ਇਸ ਮਾਮਲੇ 'ਚ ਅੱਜ ਹੀ ਕੇਸ ਦਰਜ ਕੀਤਾ ਜਾਵੇਗਾ ਅਤੇ ਮੁਲਜ਼ਮ ਵਿਰੁੱਧ ਬਣਦੀ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ਾ ਸਮਗਲਰਾਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਉਧਰ ਚੌਕੀ ਇੰਚਾਰਜ ਡੱਲਾ ਗੁਰਮੀਤ ਸਿੰਘ ਨੇ ਕਿਹਾ ਕਿ ਆਕਾਸ਼ ਨਸ਼ਾ ਕਰਨ ਦਾ ਆਦੀ ਸੀ ।ਉਨ੍ਹਾਂ ਕਿਹਾ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਪਤਾ ਲੱਗੇਗਾ ਕਿ ਮ੍ਰਿਤਕ ਨੇ ਨਸ਼ਾ ਕੀਤਾ ਸੀ ਜਾਂ ਨਹੀਂ, ਉਸ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

## ਤੀਆਂ ਦਾ ਤਿਉਹਾਰ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਪਿੰਡ ਸਿੰਧਵਾਂ ਦੋਨਾਂ ਜ਼ਿਲ੍ਹਾ ਕਪੂਰਥਲਾ ਵਿਖੇ ਪਿੰਡ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਤੇ ਪਿੰਡ ਦੀਆਂ ਮੁਟਿਆਰਾਂ ਤੇ ਔਰਤਾਂ ਵੱਲੋਂ ਤੀਆਂ ਦਾ ਤਿਉਹਾਰ ਬੜ੍ਹੇ ਹੀ



ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਵਜੋਂ ਸੀਨੀਅਰ ਮੈਡੀਕਲ ਅਫ਼ਸਰ ਸ਼੍ਰੀਮਤੀ ਭੁਪਿੰਦਰਜੀਤ ਕੌਰ ਨੇ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਡਾਕਟਰ ਭੁਪਿੰਦਰਜੀਤ ਕੌਰ ਨੇ ਕਿਹਾ ਕਿ ਸਾਨੂੰ ਪਿੰਡਾਂ ਦੀਆਂ ਸੱਥਾਂ ਵਿੱਚ ਪੁਰਾਤਨ ਮੇਲੇ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਇਹ ਪੁਰਾਤਨ ਮੇਲੇ ਹੀ ਸਾਨੂੰ ਆਪਸੀ ਮਿਲਵਰਤਨ ਦੀ ਭਾਵਨਾ ਸਿਖਾਉਂਦੇ ਹਨ, ਅਜੋਕੇ ਦੌਰ ਵਿੱਚ ਪੁਰਾਤਨ ਸੱਭਿਆਚਾਰ ਮੇਲਿਆਂ ਨੂੰ ਮੁੜ ਸੁਰਜੀਤ ਕਰਨਾ ਜ਼ਰੂਰੀ ਹੈ ਤੇ ਇਨ੍ਹਾਂ ਪੁਰਾਤਨ ਮੇਲਿਆਂ ਨੂੰ ਹੁਣ ਦੀ ਪੀੜ੍ਹੀ ਤੱਕ ਪੁੱਜਦੀ ਨੂੰ ਜ਼ਰੂਰ ਆਪਣੇ ਵਿਰਸੇ ਨਾਲ ਜੋੜਨ ਦੇ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਪਿੰਡ ਦੀਆਂ ਮੁਟਿਆਰਾਂ ਵੱਲੋਂ ਪੀਂਘਾਂ ਝੂਟ ਕੇ, ਤੇ ਗਿੱਧਾ ਭੰਗੜਾ ਪਾ ਕੇ ਖੂਬ ਰੰਗ ਬੰਨ੍ਹਿਆ। ਇਸ ਮੌਕੇ ਸ਼੍ਰੀਮਤੀ ਸਰੋਜ ਬਾਲਾ,ਸਰੋਜ ਕੁਮਾਰੀ, ਸ਼ਿਵਰ ਪਾਲ ਕੌਰ, ਭੁਪਿੰਦਰ ਕੌਰ, ਸੁਰਿੰਦਰ ਕੌਰ, ਸਾਨੀਆ ਕੁਮਾਰੀ, ਕਮਲੇਸ਼ ਰਾਣੀ, ਮੁਸਕਾਨ, ਸਾਕਸ਼ੀ, ਜੋਤੀ, ਡਿੰਪਲ ਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਗੁਰਲੀਨ ਕੌਰ, ਗੁਰਕੀਰਤ ਕੌਰ, ਤੋਂ ਇਲਾਵਾ ਹੋਰ ਇਲਾਕੇ ਦੀਆਂ ਮਹਿਲਾਵਾਂ ਹਾਜ਼ਰ ਸਨ।

## ਆਮ ਆਦਮੀ ਕਲੀਨਿਕਾਂ 'ਚ ਐਂਟੀ-ਰੇਬੀਜ਼ ਵੈਕਸੀਨ ਉਪਲੱਬਧ : ਸਿਵਲ ਸਰਜਨ

**ਐੱਸ.ਏ.ਐੱਸ.ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਹੁਣ ਜ਼ਿਲ੍ਹੇ ਦੇ ਸਾਰੇ 40 ਆਮ ਆਦਮੀ ਕਲੀਨਿਕਾਂ ਵਿਚ ਵੀ ਐਂਟੀ ਰੇਬੀਜ਼ ਵੈਕਸੀਨ ਉਪਲਬਧ ਕਰਵਾ ਦਿਤੀ ਗਈ ਹੈ। ਇਸ ਸਬੰਧ 'ਚ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦੱਸਿਆ ਕਿ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਦਿਸ਼ਾ ਵਿਚ ਪੁਲਾਂਘ ਪੁੱਟਦਿਆਂ ਆਮ ਆਦਮੀ ਕਲੀਨਿਕਾਂ ਵਿਚ ਕਈ ਨਵੀਆਂ ਸਹੂਲਤਾਂ ਦੇਣੀਆਂ ਸ਼ੁਰੂ ਕਰ ਦਿਤੀਆਂ ਗਈਆਂ ਹਨ ਜਦਕਿ ਬਾਕੀ ਸਰਕਾਰੀ ਸਿਹਤ ਸੰਸਥਾਵਾਂ ਵਿਚ ਇਹ ਵੈਕਸੀਨ ਪਹਿਲਾਂ ਹੀ ਉਪਲਬਧ ਹੈ। ਉਨ੍ਹਾਂ ਦਸਿਆ ਕਿ ਜਾਨਵਰਾਂ ਦੇ ਵੱਢਣ ਦੇ ਪਹਿਲੇ ਦਿਨ, ਤੀਜੇ ਦਿਨ, ਸੱਤਵੇਂ ਤੇ 28ਵੇਂ ਦਿਨ ਟੀਕਾਕਰਨ ਬਹੁਤ ਜ਼ਰੂਰੀ ਹੈ। ਜ਼ਿਲ੍ਹੇ ਦੇ ਸਾਰੇ ਆਮ ਆਦਮੀ ਕਲੀਨਿਕਾਂ 'ਤੇ ਰੇਬੀਜ਼ ਦਾ ਇਲਾਜ ਬਿਲਕੁਲ ਮੁਫ਼ਤ ਹੈ। ਐਂਟੀ-ਰੇਬੀਜ਼ ਵੈਕਸੀਨ (ਏ.ਆਰ.ਵੀ.) ਰੇਬੀਜ਼ ਨੂੰ ਰੋਕਦੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਵਿਅਕਤੀਆਂ ਨੇ ਆਪਣੇ ਘਰਾਂ ਵਿਚ ਪਾਲਤੂ ਕੁੱਤੇ ਰੱਖੇ ਹੋਏ ਹਨ, ਉਹ ਉਨ੍ਹਾਂ ਦਾ ਟੀਕਾਕਰਨ ਜ਼ਰੂਰ ਕਰਵਾਉਣ ਤਾਂ ਜੋ ਕੁੱਤੇ ਦੇ ਕੱਟਣ 'ਤੇ ਲੋਕਾਂ ਨੂੰ ਹਲਕਾਅ ਦੀ ਬਿਮਾਰੀ ਤੋਂ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਰੇਬੀਜ਼ ਤੋਂ ਬਚਣ ਦਾ ਤਰੀਕਾ ਸਿਰਫ਼ ਇਸਦੀ ਰੋਕਥਾਮ ਹੀ ਹੈ।

## ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ 31 ਨੂੰ ਮਨਾਇਆ ਜਾਵੇਗਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਸੁਲਤਾਨਪੁਰ ਲੋਧੀ ਦੀ ਇੱਕ ਵਿਸ਼ੇਸ਼ ਮੀਟਿੰਗ ਸਰਪ੍ਰਸਤ ਪ੍ਰੋ.ਚਰਨ ਸਿੰਘ ਦੀ ਸਰਪ੍ਰਸਤੀ ਹੇਠ ਹੋਈ ਜਿਸ ਵਿੱਚ ਬਾਰ ਐਸੋਸੀਏਸ਼ਨ, ਸਾਹਿਤ ਸਭਾ, ਪ੍ਰੈੱਸ ਕਲੱਬ ਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਵਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਐਡ. ਰਜਿੰਦਰ ਸਿੰਘ ਰਾਣਾ ਨੇ ਦੱਸਿਆ ਕਿ 31 ਜੁਲਾਈ ਨੂੰ ਸਵੇਰੇ 9 ਵਜੇ ਸ਼ਹੀਦ ਊਧਮ ਸਿੰਘ ਸਮਾਰਕ ਸੁਲਤਾਨਪੁਰ ਲੋਧੀ ਵਿਖੇ ਕੌਮ ਦੇ ਮਹਾਨ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਹਨਾਂ ਦੇ ਜੀਵਨ, ਕੁਰਬਾਨੀ ਤੇ ਫਲਸਫੇ ਬਾਰੇ ਵਿਚਾਰ ਪੇਸ਼ ਕੀਤੇ ਜਾਣਗੇ।ਇਸ ਮੌਕੇ ਐਡ. ਜਰਨੈਲ ਸਿੰਘ ਸੰਧਾ ਪ੍ਰਧਾਨ ਬਾਰ ਐਸੋਸੀਏਸ਼ਨ ਨੇ ਦੱਸਿਆ ਕਿ ਸਮਾਗਮ ਵਿੱਚ ਉਚੇਚੇ ਤੌਰ 'ਤੇ ਬੁੱਧੀਜੀਵੀ ਵਰਗ ਲੇਖਕ ਆਦਿ ਸਮੇਤ ਹੋਰ ਸ਼ਖਸੀਅਤਾਂ ਸ਼ਾਮਿਲ ਹੋਣਗੀਆਂ।ਉਹਨਾਂ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਚੱਲ ਰਹੀਆਂ ਹਨ।ਉਹਨਾਂ ਸਮੂਹ ਇਲਾਕਾ ਨਿਵਾਸੀਆਂ ਅਤੇ ਸਮੂਹ ਜਥੇਬੰਦੀਆਂ, ਧਾਰਮਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਇਹਨਾਂ ਸਮਾਗਮਾਂ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਕੇ ਆਪਣੇ ਸ਼ਹੀਦ ਨੂੰ ਸਰਧਾਂਜਲੀ ਦਿੱਤੀ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡ.ਰਾਜਿੰਦਰ ਸਿੰਘ ਰਾਣਾ ਸਕੱਤਰ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ, ਐਡ ਜਰਨੈਲ ਸਿੰਘ ਸੰਧਾ ਪ੍ਰਧਾਨ ਬਾਰ ਐਸੋਸੀਏਸ਼ਨ, ਸ਼ੈਲ ਪ੍ਰਭਾਕਰ ਸੈਕਟਰੀ ਬਾਰ ਐਸੋਸੀਏਸ਼ਨ, ਅਮਰਜੀਤ ਸਿੰਘ ਟਿੱਬਾ ਕਿਸਾਨ ਆਗੂ, ਮਾਸਟਰ ਚਰਨ ਸਿੰਘ ਹੈਬਤਪੁਰ ਕਿਸਾਨ ਆਗੂ,ਨਿਰਮਲ ਸਿੰਘ ਪੇਂਡੂ ਮਜ਼ਦੂਰ ਯੂਨੀਅਨ, ਦਿਲਬਾਗ ਸਿੰਘ ਪ੍ਰਧਾਨ ਕਲਰਕ ਯੂਨੀਅਨ, ਰਵਿੰਦਰ ਸਿੰਘ ਰਵੀ, ਸੁਖਦੇਵ ਸਿੰਘ ਅਮਰਕੋਟ, ਬਲਵਿੰਦਰ ਸਿੰਘ ਭੁੱਲਰ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਕਪੂਰਥਲਾ, ਸਰਵਣ ਸਿੰਘ ਕਰਮਜੀਤ ਪੁਰ, ਡਾਕਟਰ ਹਰਜਿੰਦਰ ਸਿੰਘ ਲਾਲੀ ਟਿੱਬਾ, ਮਾਸਟਰ ਜਸਵਿੰਦਰ ਸਿੰਘ, ਕਰਮ ਸਿੰਘ, ਹਰਜਿੰਦਰ ਸਿੰਘ, ਫ਼ਕੀਰ ਮੁਹੰਮਦ ਸੈਕਟਰੀ ਪੀ ਡਬਲਿਊ ਡੀ ਪੈਨਸ਼ਨ ਯੂਨੀਅਨ, ਸੁਰਜੀਤ ਸਿੰਘ ਠੱਟਾ, ਜਸਵਿੰਦਰ ਸਿੰਘ ਟਿੱਬਾ, ਦਿਲਬਾਗ ਸਿੰਘ, ਬਿੱਕਰ ਸਿੰਘ ਆਦਿ ਹਾਜ਼ਰ ਸਨ।

## ਸ਼ਾਹੂ ਜੀ ਮਹਾਰਾਜ ਦੇ ਰਾਜ 'ਚ ਦਲਿਤਾਂ ਨੂੰ ਮਿਲੇ ਮਨੁੱਖੀ ਅਧਿਕਾਰ : ਰਮੇਸ਼ ਕੌਲ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਡਾ. ਬੀ.ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਵਲੋਂ ਸਾਲਾਨਾ ਸ਼ਾਹੂ ਮੇਲਾ ਹਰ ਸਾਲ ਦੀ ਤਰਾਂ ਡਾ. ਬੀ.ਆਰ ਅੰਬੇਡਕਰ ਪਾਰਕ ਹਦੀਆਬਾਦ ਸਥਿਤ ਕਮਿਊਨਿਟੀ ਹਾਲ ਵਿਖੇ ਬੜੇ ਉਤਸ਼ਾਹ ਦੇ ਨਾਲ ਕਰਵਾਇਆ ਗਿਆ। ਸੁਸਾਇਟੀ ਦੇ ਚੇਅਰਮੇਨ ਰਮੇਸ਼ ਕੌਲ ਅਤੇ ਪ੍ਰਧਾਨ ਸ਼੍ਰੀਮਤੀ ਸੀਤਾ ਕੌਲ ਦੀ ਅਗਵਾਈ ਹੇਠ ਆਯੋਜਿਤ ਮੇਲੇ ਦੌਰਾਨ ਮੁੱਖ ਮਹਿਮਾਨ ਵਜੋਂ ਮਾਸਟਰ ਜਸਵੀਰ ਸਿੰਘ ਅਤੇ ਹਰਜਿੰਦਰ ਸਿੰਘ ਧਨੋਆ ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ ਅਤੇ ਚਿਰੰਜੀ ਲਾਲ ਕਾਲਾ ਕੌਂਸਲਰ ਸ਼ਾਮਲ ਹੋਏ। ਮੰਚ ਦਾ ਸਚਾਲਨ ਕਰਦਿਆਂ ਮੇਲੇ ਦੇ ਪ੍ਰਬੰਧਕ ਰਮੇਸ਼ ਕੌਲ ਨੇ ਦੱਸਿਆ ਕਿ ਛਤਰਪਤੀ ਸ਼ਾਹੂ ਜੀ ਮਹਾਰਾਜ ਭਾਰਤੀ ਰਿਆਸਤਾਂ ਦੇ ਇੱਕ ਅਜਿਹੇ ਸ਼ਾਸਕ ਸਨ, ਜਿਹਨਾਂ ਨੇ ਆਪਣੀ ਰਿਆਸਤ ਦੇ ਪਿੰਡ-ਪਿੰਡ ਜਾ ਕੇ ਲੋਕਾਂ ਦੇ ਦੁੱਖ ਦਰਦ ਮਹਿਸੂਸ ਕੀਤੇ ਅਤੇ ਫਿਰ ਉਹਨਾਂ ਦੀਆਂ ਤਕਲੀਫਾਂ ਨੂੰ ਦੂਰ ਕੀਤਾ। ਸ਼ਾਹੂ ਜੀ ਨੇ ਗੈਰ ਬਰਾਬਰੀ, ਛੂਆ-ਛੂਤ, ਨਫਰਤ ਦੂਰ ਕਰਨ ਅਤੇ ਸਮਾਜ ਵਿੱਚ ਬਰਾਬਰਤਾ ਲਿਆਉਣ ਲਈ ਵੱਡਾ ਕਦਮ ਜਨ ਗਣਨਾ 1901 ਕੋਹਲਾਪੁਰ ਰਿਆਸਤ ਦੀ ਕਰਵਾਈ ਜਿਸ ਦੇ ਮੁਤਾਬਕ ਅਛੂਤਾਂ ਦੀ ਗਿਣਤੀ 1 ਲੱਖ 38 ਹਜਾਰ 89 ਸੀ। ਜੋ ਕਿ ਸਮਾਜਿਕ ਤੌਰ ਤੇ ਕਮਜੋਰ, ਆਰਥਿਕ ਤੌਰ ਤੇ ਗਰੀਬ ਅਤੇ ਸਿਆਸਤ 'ਚ ਹਿੱਸੇਦਾਰੀ ਤੋਂ ਵਾਂਝੇ ਸਨ। 26 ਜੁਲਾਈ 1902 ਨੂੰ ਸ਼ਾਹੂ ਜੀ ਮਹਾਰਾਜ ਨੇ ਆਪਣੇ ਰਾਜ ਵਿੱਚ ਐਸ.ਸੀ/ਐਸ.ਟੀ/ਓ.ਬੀ.ਸੀ ਵਾਸਤੇ 50% ਰਿਜਰਵੇਸ਼ਨ ਦਾ ਹੁਕਮ ਲਾਗੂ ਕੀਤਾ। ਉਹਨਾਂ ਦੇ ਇਸ ਕ੍ਰਾਂਤੀਕਾਰੀ ਉਪਰਾਲੇ ਨੂੰ ਦੇਖਦੇ ਹੋਏ ਮਹਾਰਾਣੀ ਵਿਕਟੋਰੀਆ ਨੇ ਸ਼ਾਹੂ ਜੀ ਨੂੰ ਮਹਾਰਾਜਾ ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਸਮਾਗਮ ਦੌਰਾਨ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ, ਚਿਰੰਜੀ ਲਾਲ ਕਾਲਾ ਤੋਂ ਇਲਾਵਾ ਬਸਪਾ ਆਗੂ ਆਸ਼ਾ ਰਾਣੀ ਅਤੇ ਮੱਖਣ ਚੌਹਾਨ ਨੇ ਵੀ ਸ਼ਾਹੂ ਜੀ ਮਹਾਰਾਜ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ 'ਤੇ ਚਾਨਣਾ ਪਾਇਆ। ਗਾਇਕ ਅਮਰਜੀਤ ਕੌਲ, ਹਰਨਾਮ ਸਿੰਘ ਬਹਿਲਪੁਰੀ, ਦੇਵ ਵਿਰਕ, ਬਲਵੀਰ ਰਾਗਨੀ, ਰੀਟਾ ਸਿਧੂ, ਕੋਮਲ ਝੰਜੂਆ, ਲਸ਼ਕਰ ਸਰਗੁੰਦੀ ਨੇ ਮਿਸ਼ਨਰੀ ਅਤੇ ਪੰਜਾਬੀ ਲੋਕ ਗੀਤਾਂ ਰਾਹੀਂ ਖੂਬ ਸਮਾਂ ਬੰਨ੍ਹਿਆ। ਬੱਚਿਆਂ ਨੇ ਕੋਰੀਓਗਰਾਫੀ, ਬੋਲੀਆਂ ਤੇ ਭੰਗੜੇ ਪਾ ਕੇ ਮਨ ਪ੍ਰਚਾਵਾ ਕੀਤਾ। ਇਸ ਮੌਕੇ ਕੇਕ ਵੀ ਕੱਟਿਆ ਗਿਆ। ਪ੍ਰਬੰਧਕਾਂ ਵਲੋਂ ਸਮੂਹ ਮਹਿਮਾਨਾਂ ਅਤੇ ਪਤਵੰਤਿਆਂ ਨੂੰ ਸਿਰੋਪੇ, ਲੋਈਆਂ ਨਾਲ ਸਨਮਾਨਿਤ ਕੀਤਾ ਗਿਆ। ਅਖੀਰ 'ਚ ਰਮੇਸ਼ ਕੌਲ ਅਤੇ ਸੀਤਾ ਕੌਲ ਨੇ ਸਮੂਹ ਹਾਜਰੀਨ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਿਹਾਰੀ ਲਾਲ ਮਾਹੀ, ਬਲਦੇਵ ਲਾਲ ਬਾਹਮਣੀਆ, ਰਿਟਾ. ਐਸ.ਡੀ.ਓ. ਤਰਸੇਮ ਬੱਧਣ, ਦੇਵਰਾਜ ਸੁੰਮਨ, ਮਾਸਟਰ ਕੁਲਦੀਪ ਸਿੰਘ, ਰਾਧੇਸ਼ਾਮ, ਚਮਨ ਲਾਲ, ਅਮਰੀਕ ਲਾਲ ਕੌਲ, ਕਿਸ਼ੋਰੀ ਲਾਲ ਕੌਲ, ਸੁਰਿੰਦਰ ਕੌਲ, ਗੁਰਦੀਪ ਲਾਲ, ਲੁਭਾਇਆ ਰਾਮ, ਸਰਬਜੀਤ ਕੌਲ, ਬਿੰਦਰ ਕੌਲ, ਨੀਲਮ ਤੋਂ ਇਲਾਵਾ ਵੱਡੀ ਗਿਣਤੀ 'ਚ ਪਤਵੰਤੇ ਹਾਜਰ ਸਨ।



## 350 ਸਾਲਾ ਸ਼ਹੀਦੀ ਸਮਾਗਮਾਂ ਸੰਬੰਧੀ ਡੇਰਾ ਫਲਾਹੀ ਸਾਹਿਬ ਵਿਖੇ ਤਿਆਰੀਆਂ ਜ਼ੋਰਾਂ 'ਤੇ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਗੁਰਦਾਸਪੁਰ ਜ਼ਿਲੇ ਦੇ ਪਿੰਡ ਵਡਾਲਾ ਗ੍ਰੰਥੀਆਂ ਵਿਖੇ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਚਰਨ ਛੋਹ



ਪ੍ਰਾਪਤ ਧਰਤੀ ਤੇ ਗੁਰਦੁਆਰਾ ਫਲਾਹੀ ਸਾਹਿਬ ਸੁਸ਼ੋਭਿਤ ਹੈ ਜਿੱਥੇ ਮੌਜੂਦਾ ਸਮੇਂ ਬਾਬਾ ਦਲੇਰ ਸਿੰਘ ਜੀ ਮੁੱਖ ਸੇਵਾਦਾਰ ਵੱਜੋਂ ਸੇਵਾਵਾਂ ਨਿਭਾ ਰਹੇ ਹਨ। ਬਾਬਾ ਦਲੇਰ ਸਿੰਘ ਜੀ ਦੀ ਅਗਵਾਈ ਹੇਠ ਕਈ ਗੁਰਦੁਆਰਾ ਸਾਹਿਬਾਨ ਵਿਖੇ ਸੇਵਾ ਦਾ ਕੰਮ ਚੱਲ ਰਿਹਾ ਹੈ। ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮਾਂ ਨੂੰ ਮੁੱਖ ਰੱਖਦਿਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਤੇ ਚੱਲ ਰਹੀਆਂ ਹਨ। ਸ਼ਹੀਦੀ ਸਮਾਗਮਾਂ ਤੇ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਡੇਰਾ ਫਲਾਹੀ ਸਾਹਿਬ ਵਿਖੇ ਨਵੇਂ ਬਾਥਰੂਮਾਂ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਗੱਲ ਕਰਦਿਆਂ ਮੁੱਖ ਸੇਵਾਦਾਰ ਬਾਬਾ ਦਲੇਰ ਸਿੰਘ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮਾਂ ਮੌਕੇ ਡੇਰਾ ਫਲਾਹੀ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਏ ਜਾਣਗੇ। ਦੂਰ ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਲਈ ਰਿਹਾਇਸ਼ ਅਤੇ ਲੰਗਰਾਂ ਦਾ ਪ੍ਰਬੰਧ ਦਿਨ ਰਾਤ ਚੱਲੇਗਾ। ਇਸ ਮੌਕੇ ਬਾਬਾ ਪਾਲ ਸਿੰਘ, ਧਿਆਨ ਸਿੰਘ, ਮਨਪ੍ਰੀਤ ਸਿੰਘ, ਤਜਿੰਦਰ ਸਿੰਘ ਲਾਡੀ,ਪਰਦੀਪ ਰਾਣਾ ਸਮੇਤ ਵੱਡੀ ਗਿਣਤੀ ਸੇਵਾਦਾਰ ਹਾਜ਼ਰ ਸਨ।

## ਸਾਬਕਾ ਜਥੇਦਾਰ ਗਿਆਨੀ ਤਰਲੋਚਨ ਸਿੰਘ ਜੀ ਦੀ ਯਾਦ ਵਿੱਚ ਸਮਾਗਮ 31 ਨੂੰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਦੀ ਨਿੱਘੀ ਮਿੱਠੀ ਯਾਦ ਵਿੱਚ 31 ਜੁਲਾਈ ਨੂੰ ਇੱਕ ਵਿਸ਼ਾਲ ਗੁਰਮਤਿ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ



ਉਨਾਂ ਦੇ ਬੇਟੇ, ਐਡੀਸ਼ਨਲ ਮੈਨੇਜਰ ਐਡਵੋਕੇਟ ਹਰਦੇਵ ਸਿੰਘ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਇਹ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੀ ਨਵੀਂ ਅਬਾਦੀ ਵਿਖੇ ਸਵੇਰੇ 10 ਵਜੇ ਤੋਂ 2 ਵਜੇ ਤੱਕ ਹੋਵੇਗਾ। ਇਸ ਵਿਚ ਰਾਗੀ ਜਥੇ, ਵਿਦਵਾਨ ਅਤੇ ਸਾਧ ਸੰਗਤਾਂ ਸ਼ਮੂਲੀਅਤ ਕਰਨਗੀਆਂ। ਸ਼ਬਦ ਕੀਰਤਨ, ਆਤਮਕ ਸੰਦੇਸ਼ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਗਿਆਨੀ ਤਰਨਜੀਤ ਸਿੰਘ ਨੇ ਆਪਣੀ ਪੂਰੀ ਜ਼ਿੰਦਗੀ ਸਿੱਖ ਧਰਮ ਦੀ ਸੇਵਾ ਅਤੇ ਪ੍ਰਚਾਰ ਲਈ ਸਮਰਪਿਤ ਕੀਤੀ। ਉਹ ਲੰਮੇ ਸਮੇਂ ਤੱਕ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਹੇ। ਉਨ੍ਹਾਂ ਨੇ ਦੇਸ਼-ਵਿਦੇਸ਼ 'ਚ ਗੁਰਮਤਿ ਦੀ ਜੋਤ ਜਗਾਈ। ਉਨ੍ਹਾਂ ਦਾ ਸੁਭਾਅ, ਪਿਆਰ ਭਰੇ ਸੰਬੰਧ, ਨਿਮਰਤਾ ਅਤੇ ਗਹਿਰੀ ਸਿੱਖੀ ਸੋਚ, ਹਰ ਸੰਗਤ ਦੇ ਦਿਲ ਨੂੰ ਛੂਹਣ ਵਾਲੀ ਸੀ। ਐਡਵੋਕੇਟ ਹਰਦੇਵ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਸਿਰਫ਼ ਯਾਦਗਾਰੀ ਸਮਾਗਮ ਨਹੀਂ, ਸਗੋਂ ਇਕ ਆਤਮਕ ਸਮਾਗਮ ਹੈ ਜੋ ਸਾਨੂੰ ਗੁਰਮਤਿ ਅਤੇ ਸੱਚ ਨਾਲ ਜੋੜਨ ਦੀ ਪ੍ਰੇਰਨਾ ਦਿੰਦਾ ਹੈ।

## ਨਸ਼ਿਆਂ ਦੇ ਖਾਤਮੇ ਲਈ ਜਾਗਰੂਕਤਾ ਬਹੁਤ ਜ਼ਰੂਰੀ : ਡਾ. ਸੁੱਖੀ

**ਬੰਗਾ (ਅਵਤਾਰ ਕਲੇਰ)**- ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਪਿੰਡ ਹੈਪੋਵਾਲ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦੌਰਾਨ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਾਰਿਆਂ ਨੂੰ ਇੱਕਮੁੱਠ ਹੋ ਕੇ ਹੰਭਲਾ ਮਾਰਨਾ ਸਮੇਂ ਦੀ ਮੁੱਖ ਮੰਗ ਹੈ। ਡਾ. ਸੁਖਵਿੰਦਰ ਕੁਮਾਰ




ਸੁੱਖੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾਈ ਜਾ ਰਹੀ ਹੈ ਜਿਸ ਦੇ ਸਾਰਥਿਕ ਨਤੀਜੇ ਸਾਹਮਣੇ ਆਏ ਹਨ । ਉਨ੍ਹਾਂ ਅਪੀਲ ਕੀਤੀ ਕਿ ਨਸ਼ਿਆਂ ਦੇ ਖਾਤਮੇ ਲਈ ਵੱਖ-ਵੱਖ ਉਪਰਾਲਿਆਂ ਦੇ ਨਾਲ-ਨਾਲ ਸਿਹਤ 'ਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਜਾਗਰੂਕ ਹੋਣਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆ ਦੇ ਮੁਕੰਮਲ ਖਾਤਮੇ ਲਈ ਜਾਰੀ 'ਯੁੱਧ ਨਸ਼ਿਆਂ ਵਿਰੁੱਧ' ਦੇ ਬੀਤੇ 145 ਦਿਨਾਂ ਦੌਰਾਨ ਪੰਜਾਬ ਪੁਲਿਸ ਨੇ 400 ਥਾਵਾਂ 'ਤੇ ਛਾਪੇਮਾਰੀ ਕੀਤੀ ਅਤੇ ਸੂਬੇ ਭਰ ਵਿੱਚ 60 ਐਫ ਆਈ ਆਰ ਦਰਜ ਕਰਨ ਉਪਰੰਤ 85 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 145 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 23,237 ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ ਜੋ ਇਸ ਖੇਤਰ ਵਿੱਚ ਹੋ ਰਹੀਆਂ ਕਾਰਵਾਈਆਂ ਦੀ ਲਗਾਤਾਰ ਸਮੀਖਿਆ ਕਰਦੀ ਹੈ। ਪਿੰਡ ਵਾਸੀਆਂ ਨੇ ਵਿਧਾਇਕ ਨੂੰ ਪੂਰਾ ਭਰੋਸਾ ਦਿੱਤਾ ਕਿ ਨਸ਼ਿਆ ਦੇ ਖਾਤਮੇ ਲਈ ਹਰ ਪੱਖੋਂ ਸਹਿਯੋਗ ਕੀਤਾ ਜਾਵੇਗਾ।ਜ਼ਿਕਰਯੋਗ ਹੈ ਕਿ ਸ਼ਹੀਦ ਭਗਤ ਨਗਰ ਵਿਚ ਹੁਣ ਤੱਕ 440 ਦੇ ਕਰੀਬ ਨਸ਼ਾ ਮੁਕਤੀ ਪ੍ਰੋਗਰਾਮ ਕਰਵਾਏ ਜਾ ਚੁੱਕੇ ਹਨ ਜੋ ਅੱਗੋਂ ਤੋਂ ਵੀ ਨਿਰਵਿਘਨ ਜਾਰੀ ਰਹਿਣਗੇ।

## ਸਾਬਕਾ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ ਦਾ ਜਨਮ ਦਿਵਸ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ)**- ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਵਿਖੇ ਸਾਬਕਾ ਕੈਬਨਿਟ ਮੰਤਰੀ ਤੇ ਕਾਲਜ ਮੈਨੇਜਿੰਗ ਕਮੇਟੀ ਦੇ ਸਾਬਕਾ ਪ੍ਰਧਾਨ ਚੌਧਰੀ ਜਗਜੀਤ ਸਿੰਘ ਦਾ ਜਨਮ ਦਿਵਸ ਮਨਾਇਆ ਗਿਆ। ਚੌਧਰੀ ਜਗਜੀਤ ਸਿੰਘ ਨੇ ਆਪਣੇ ਪਿਤਾ ਮਾਸਟਰ ਗੁਰਬੰਤਾ ਸਿੰਘ ਤੋਂ ਲੋਕ ਭਲਾਈ ਕੰਮ ਕਰਨ ਦੀ ਪ੍ਰੇਰਣਾ ਲਈ ਅਤੇ ਸਾਰੀ ਜ਼ਿੰਦਗੀ ਲੋਕ ਭਲਾਈ ਨੂੰ ਆਪਣਾ ਮਕਸਦ ਬਣਾ ਲਿਆ।ਪ੍ਰਿੰਸੀਪਲ ਡਾ.ਪ੍ਰੈਟੀ ਸੋਢੀ ਨੇ ਕਿਹਾ ਕਿ ਚੌਧਰੀ ਜਗਜੀਤ ਸਿੰਘ ਕਾਲਜ ਦੇ ਜ਼ਰੀਏ ਹਰ ਘਰ ਵਿੱਚ ਵਿਦਿਆ ਦਾ ਚਾਨਣ ਫੈਲਾਉਣਾ ਚਾਹੁੰਦੇ ਸਨ। ਜਿਸ ਨਾਲ ਆਪਣਾ ਦੇਸ਼ ਤਰੱਕੀ ਦੇ ਅਗਲੇ ਪੜਾਅ ਨੂੰ ਪਾਰ ਕਰ ਸਕੇ। ਕਾਲਜ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਐਮ. ਐਲ. ਏ (ਹਲਕਾ ਕਰਤਾਰਪੁਰ) ਚੌਧਰੀ ਸੁਰਿੰਦਰ ਸਿੰਘ ਨੇ ਸਭ ਨੂੰ ਮੁਬਾਰਕ ਦਿੰਦਿਆਂ ਕਿਹਾ ਕਿ ਮਾਸਟਰ ਗੁਰਬੰਤਾ ਸਿੰਘ (ਦਾਦਾ) ਨੇ ਕਾਲਜ ਦੇ ਰੂਪ ਵਿੱਚ ਕਰਤਾਰਪੁਰ ਹਲਕੇ ਵਿੱਚ ਜਿਹੜੀ ਜੋਤ ਪ੍ਰਚੰਡ ਕੀਤੀ ਸੀ ਚੌਧਰੀ ਜਗਜੀਤ ਸਿੰਘ (ਪਿਤਾ) ਨੇ ਉਸ ਜੋਤ ਦੇ ਚਾਨਣ ਨੂੰ ਘਰ -ਘਰ ਤੱਕ ਪਹੁੰਚਾਇਆ। ਇਸ ਮੌਕੇ ਤੇ ਖਜ਼ਾਨਚੀ ਸ਼ਾਮ ਸੁੰਦਰ, ਸਾਬਕਾ ਪ੍ਰਿੰਸੀਪਲ ਐਰ. ਐਲ ਸੈਲੀ, ਜਗਦੀਸ਼ ਜੱਗਾ (ਸ਼ਹਿਰੀ ਪ੍ਰਧਾਨ ਕਰਤਾਰਪੁਰ), ਸਰਬਜੀਤ ਬਾਵਾ (ਸਕੱਤਰ), ਮੁਕੇਸ਼,ਡਾ. ਭੀਮ ਸੈਨ, ਨਰੇਸ਼ ਕੁਮਾਰ, ਲਲਿਤ ਕਾਲੀਆ, ਜਸਵਿੰਦਰ ਪਾਲ ਸੁਪਰੀਡੈਂਟ, ਡਾ ਸਰਦਾਰ ਬੂਟਾ ਸਿੰਘ, ਡਾ. ਅਨੀਤਾ ਸ਼ਰਮਾ ਅਤੇ ਪ੍ਰੋਫੈਸਰ ਦਲਜੀਤ ਸਿੰਘ ਵੀ ਮੌਜੂਦ ਸਨ।

## ਸਾਲਾਨਾ ਜਗਰਾਤਾ 3 ਨੂੰ

**ਸ਼ਾਹਕੋਟ (ਗਿਆਨ ਸੈਦਪੁਰੀ)**- ਮਾਂ ਚਿੰਤਪੁਰਨੀ ਕਲੱਬ ਕੋਟਲੀ ਗਾਜਰਾਂ ਵੱਲੋਂ ਗ੍ਰਾਮ ਪੰਚਾਇਤ,ਪ੍ਰਵਾਸੀ ਭਾਰਤੀਆਂ ਅਤੇ ਸਮੂੰਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 3 ਅਗਸਤ ਨੂੰ ਸਾਲਾਨਾ ਜਗਰਾਤਾ ਕਰਵਾਇਆ ਜਾ ਰਿਹਾ ਹੈ। ਸਤਿੰਦਰਪਾਲ ਸਿੰਘ,ਪੰਚ ਰਵਿੰਦਰਜੀਤ ਕੌਰ ਟੁਰਨਾ, ਪੰਚ ਜਰਨੈਲ ਸਿੰਘ ਪੰਚ ਦੇਸ ਰਾਜ ਭੂਪਾ ਅਤੇ ਜਸਵਿੰਦਰ ਮਾਘੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ 2 ਅਗਸਤ ਦੀ ਰਾਤ ਨੂੰ ਮਹਿੰਦੀ ਦੀ ਰਸਮ ਹੋਵੇਗੀ। 3 ਅਗਸਤ ਨੂੰ ਆਰ.ਕੇ ਮਹਿਮੀ ,ਨਵਜੀਤ ਗਿੱਲ ਅਤੇ ਦੇਬੀ ਸਾਦਿਕਪੁਰੀ ਮਾਂ ਦਾ ਗੁਣਗਾਨ ਕਰਨਗੇ। ਰਕੇਸ਼ ਮਹਿਮੀ ਗਣੇਸ ਵੰਦਨਾ ਅਤੇ ਤਾਰਾ ਰਾਣੀ ਦੀ ਕਥਾ ਕਰਨਗੇ। ਮਾਤਾ ਦੀ ਪਵਿੱਤਰ ਜੋਤ ਜਵਾਲਾ ਜੀ ਤੋਂ ਲਿਆਂਦੀ ਜਾਵੇਗੀ। 28 ਜੁਲਾਈ ਤੋਂ 3 ਅਗਸਤ ਤੱਕ ਮਾਤਾ ਦਾ ਭੰਡਾਰਾ ਚੱਲੇਗਾ।

## ਕਾਰਗਿਲ ਵਿਜੈ ਦਿਵਸ ਮੌਕੇ ਰੁੱਖ ਲਗਾ ਕੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਐੱਨ.ਸੀ.ਸੀ. ਵਿਭਾਗ ਵੱਲੋਂ ਕਾਰਗਿਲ ਵਿਜੈ ਦਿਵਸ ਮੌਕੇ ਰੁੱਖ ਲਗਾ ਕੇ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।'ਇਹ ਰੁੱਖ ਜੋ ਅੱਜ ਲਗਾ ਰਹੇ ਹਾਂ, ਇਹ ਸਿਰਫ਼ ਧਰਤੀ ਨੂੰ ਹਰਾ ਨਹੀਂ ਕਰਦੇ, ਇਹ ਸ਼ਹੀਦਾਂ ਦੀ ਯਾਦ ਨੂੰ ਸਦਾ ਲਈ ਜਿੰਦਾ ਰੱਖਣ ਦਾ ਇੱਕ ਤਰੀਕਾ ਹਨ।' ਇਸ ਮੌਕੇ ਐੱਨ.ਸੀ.ਸੀ. ਵਿਭਾਗ ਦੇ ਇੰਚਾਰਜ ਪ੍ਰੋ. ਹਰਜਿੰਦਰ ਕੁਮਾਰ, ਐਨ.ਸੀ.ਸੀ. ਕੈਡਿਟਸ ਅਤੇ ਡਾ.ਹਰਜਿੰਦਰ ਸਿੰਘ (ਖੇਤੀਬਾੜੀ ਵਿਭਾਗ), ਪ੍ਰੋ ਹਰਜਿੰਦਰ ਪਾਲ (ਸੰਗੀਤ ਵਿਭਾਗ), ਪ੍ਰੋ: ਕਸ਼ਮੀਰ ਸਿੰਘ (ਰਜਿਸਟਰਾਰ) ਅਤੇ ਪ੍ਰੋ: ਜਸਪਾਲ ਸਿੰਘ (ਕੋਮਲ ਕਲਾਮਾ ਵਿਭਾਗ) ਵੀ ਮੌਜੂਦ ਸਨ।

## ਡਾ. ਹੁੰਦਲ ਵੈਲਫੇਅਰ ਸੁਸਾਇਟੀ ਨੇ ਲਗਾਇਆ ਮੈਡੀਕਲ ਜਾਂਚ ਕੈਂਪ

**ਅੱਡਾ ਸਰਾਂ (ਕਾਜਲ)**- ਡਾ. ਹਰਿੰਦਰ ਪਾਲ ਕੌਰ ਹੁੰਦਲ ਮੈਮੋਰੀਅਲ ਸੋਸ਼ਲ ਵੈੱਲਫੇਅਰ ਸੋਸਾਇਟੀ ਨੇ ਹੋਲਾ ਮਹੱਲਾ ਲੰਗਰ ਹਾਲ ਅੱਡਾ ਸਰਾਂ ਵਿਖੇ ਪ੍ਰਵਾਸੀ ਭਾਰਤੀ ਓਂਕਾਰ ਸਿੰਘ ਤੱਗੜ ਵੱਲੋਂ ਚਲਾਏ ਜਾ ਰਹੇ ਕਰਤਾਰ ਮੈਮੋਰੀਅਲ ਚੈਰੀਟੇਬਲ ਹਸਪਤਾਲ ਤੱਗੜ ਬਡਾਲਾ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਜਾਂਚ ਕੈਂਪ ਲਗਾਇਆ। ਸੋਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਚੌਟਾਲਾ, ਦਵਿੰਦਰ ਸਿੰਘ ਜਗਤ ਅਤੇ ਐੱਮ .ਡੀ ਪਰਮਵੀਰ ਸਿੰਘ ਜਗਤ ਦੀ ਅਗਵਾਈ ਵਿਚ ਅਤੇ ਐੱਚ. ਆਰ ਨਰੇਸ਼ ਕੁਮਾਰ ਦੀ ਦੇਖਰੇਖ ਹੇਠ ਲੱਗੇ ਇਸ ਕੈਂਪ ਵਿਚ ਮਾਹਰ ਡਾਕਟਰਾਂ ਦੀ ਟੀਮ ਨੇ 500 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਅਤੇ ਹਰ ਤਰ੍ਹਾਂ ਦੇ ਮੁਫਤ ਟੈਸਟ ਕੀਤੇ ਤੇ ਲੋੜਵੰਦ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ। ਕੈਂਪ ਦੀ ਸਮਾਪਤੀ ਤੇ ਪ੍ਰਧਾਨ ਜਸਵੰਤ ਸਿੰਘ ਚੌਟਾਲਾ ਨੇ ਪੇਂਡੂ ਖੇਤਰ ਵਿਚ ਮਿਆਰੀ ਸਿਹਤ ਸਹੂਲਤਾਂ ਦੇਣ ਵਾਲੇ ਇਸ ਚੈਰੀਟੇਬਲ ਹਸਪਤਾਲ ਦੀ ਸਲਾਘਾ ਕੀਤੀ ਅਤੇ ਹਸਪਤਾਲ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ । ਇਸ ਮੌਕੇ ਮਨਜੋਤ ਸਿੰਘ ਤਲਵੰਡੀ ਪ੍ਰਧਾਨ ਬਾਬਾ ਦੀਪ ਸਿੰਘ ਸੇਵਾ ਦਲ, ਡਾ. ਮਨਦੀਪ ਸਿੰਘ, ਐਡਵੋਕੇਟ ਗੁਰਬੀਰ ਸਿੰਘ ਚੌਟਾਲਾ, ਏ.ਐਸ.ਆਈ ਰਾਜਵਿੰਦਰ ਸਿੰਘ, ਸਤਨਾਮ ਸਿੰਘ ਢਿੱਲੋਂ, ਬਲਵੀਰ ਸਿੰਘ ਢੱਟ, ਜਸਵੀਰ ਸਿੰਘ ਤੱਗੜ, ਮਨਜੀਤ ਸਿੰਘ ਧਾਲੀਵਾਲ ਸਰਪੰਚ ਹਰਜੀਤ ਸਿੰਘ ,ਸਰਪੰਚ ਰਮਿੰਦਰ ਸਿੰਘ, ਡਿੰਪੀ ਕੌਸ਼ਲ, ਸਰਪੰਚ ਸਤਨਾਮ ਸਿੰਘ ਬੜੈਚ, ਮਨਜੀਤ ਸਿੰਘ ਕੰਧਾਲਾ ਜੱਟਾਂ, ਰਵਿੰਦਰ ਰਵੀ, ਕਰਤਾਰ ਹੰਬੜਾਂ, ਸੁਖਬੀਰ ਸਿੰਘ ਵੜੈਚ, ਭੁਪਿੰਦਰ ਸਿੰਘ ਢੱਟ, ਸੁਰਿੰਦਰ ਸਿੰਘ ਢੱਟ, ਜਸਪਾਲ ਪਾਲਾ, ਸੁਖਵਿੰਦਰ ਸਿੰਘ ਵੜੈਚ, ਬੱਬੂ ਬਜੀ ਜਲਾਲ, ਨਰੇਸ਼ ਕੁਮਾਰ ,ਅਵਤਾਰ ਸਿੰਘ, ਜਸਵਿੰਦਰ ਸਿੰਘ, ਵਿੱਕੀ ਬਾਲੀ, ਸੰਦੀਪ ਸਿੰਘ ਘੱਟ ਐਡਵੋਕੇਟ ਅਮਨਦੀਪ ਸਿੰਘ ਘੁੰਮਣ, ਲਖਬੀਰ ਸਿੰਘ, ਗੁਰਭੇਜ ਸਿੰਘ, ਗੁਰਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਨਾਮ ਸਿੰਘ, ਆਕਾਸ਼ ਵੜੈਚ, ਮਹਿੰਦਰ ਸਿੰਘ ਵੜੈਚ, ਬਲਵੀਰ ਧਾਵੀਵਾਲ ,ਸੰਦੀਪ ਕੌਸ਼ਲ, ਰੂਫਾਨ ਖਾਨ , ਕੁਲਦੀਪ ਸਿੰਘ ਕਰਾਲਾ, ਇੰਦਰਜੀਤ ਸਿੰਘ ਧਾਲੀਵਾਲ ਤੋਂ ਇਲਾਵਾ ਇਲਾਕੇ ਦੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ ।



## ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਦਾ ਸਥਾਪਨਾ ਦਿਵਸ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ 39 ਵਾਂ ਸਥਾਪਨਾ ਦਿਵਸ ਮਨਾਇਆ ਗਿਆ ਜਿਸ ਦੀ ਸ਼ੁਰੂਆਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਪਾਠ ਉਪਰੰਤ ਕਾਲਜ ਦੇ ਨਵੇਂ ਸੈਸ਼ਨ 2025 ਦੀ ਆਰੰਭਤਾ ਲਈ ਤੇ ਕਾਲਜ ਦੇ ਵਿਕਾਸ ਲਈ ਅਰਦਾਸ ਕੀਤੀ ਗਈ। ਇਸ ਮੌਕੇ ਤੇ ਕਾਲਜ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਨਵੇਂ ਆਏ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਹੋਇਆਂ ਉਹਨਾਂ ਨੂੰ ਆਪਣੇ ਲਕਸ਼ ਨੂੰ ਪਾਉਣ ਲਈ ਅਨੁਸ਼ਾਸਨ ਬਣਾਉਣ ਲਈ ਪ੍ਰੇਰਿਆ ਤੇ ਜੀ ਆਇਆ ਕਿਹਾ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ ਨੇ ਵਿਦਿਆਰਥੀਆਂ ਨੂੰ ਆਤਮ ਵਿਸ਼ਵਾਸ ਦੇ ਨਾਲ ਆਪਣੇ ਜੀਵਨ ਵਿੱਚ ਮਿਹਨਤ ਕਰਨ ਲਈ ਪ੍ਰੇਰਿਆ ਤੇ ਸੰਤ ਹੀਰਾ ਦਾਸ ਸਿੱਖਿਆ ਸੰਸਥਾਵਾਂ ਦੀ ਡਾਇਰੈਕਟਰ ਡਾ. ਰਾਮ ਮੂਰਤੀ ਨੇ ਨਵੇਂ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖਲਾ ਲੈਣ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਬੜੇ ਉਤਸ਼ਾਹ, ਜੋਸ਼ ਤੇ



ਮਿਹਨਤ ਨਾਲ ਤੁਸੀਂ ਆਪਣੀ ਪੜ੍ਹਾਈ ਦਾ ਸਫਰ ਤੈਅ ਕਰਨਾ ਹੈ।ਇਸ ਮੌਕੇ ਤੇ ਕਾਲਜ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ , ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ, ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ, ਡਾਇਰੈਕਟਰ ਡਾ.ਰਾਮ ਮੂਰਤੀ, ਕਮੇਟੀ ਮੈਂਬਰ ਸ੍ .ਬਿਕਰਮਜੀਤ ਸਿੰਘ, ਸ੍ਰੀ ਸੰਜੀਵ ਕੁਮਾਰ , ਸਮੂਹ ਸਟਾਫ ਮੈਂਬਰਜ਼ ਅਤੇ ਵਿਦਿਆਰਥੀ ਹਾਜ਼ਰ ਸਨ। ਅੰਤ ਵਿੱਚ ਗੁਰੂ ਦਾ ਲੰਗਰ ਵਰਤਾਇਆ ਗਿਆ।

## ਰਿਆਤ ਬਾਹਰਾ 'ਵਰਸਿਟੀ ਵਿਖੇ ਤੀਜ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ

**ਮੋਹਾਲੀ/ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅੱਗਰਵਾਲ)**- ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਤੀਜ ਦਾ ਤਿਉਹਾਰ ਰਵਾਇਤੀ ਜੋਸ਼ ਅਤੇ ਜੀਵੰਤ ਸੱਭਿਆਚਾਰਕ ਭਾਵਨਾ ਨਾਲ ਮਨਾਇਆ ਗਿਆ, ਜਿਸ ਵਿੱਚ ਸਕੂਲ ਆਫ਼ ਐਜੂਕੇਸ਼ਨ ਐਂਡ ਸੋਸ਼ਲ ਸਾਇੰਸਜ਼, ਯੂਨੀਵਰਸਿਟੀ ਸਕੂਲ ਆਫ਼ ਕੰਪਿਊਟਿੰਗ, ਯੂਨੀਵਰਸਿਟੀ ਸਕੂਲ ਆਫ਼ ਲਾਅ, ਸਕੂਲ ਆਫ਼ ਅਲਫ਼ਾ-ਸਨਸਟੋਨ ਵਿਭਾਗ ਅਤੇ ਵੱਖ-ਵੱਖ ਹੋਰ ਵਿਭਾਗਾਂ ਦੇ ਵਿਦਿਆਰਥੀ ਅਤੇ ਫੈਕਲਟੀ ਇਕੱਠੇ ਹੋਏ।ਕੈਂਪਸ ਤਿਉਹਾਰਾਂ ਦੀ ਸਜਾਵਟ, ਲੋਕ ਸੰਗੀਤ ਦੀਆਂ ਤਾਲਾਂ ਵਾਲੀਆਂ ਬੀਟਾਂ ਅਤੇ ਰੰਗੀਨ ਰਵਾਇਤੀ ਪੇਸ਼ਕਾਰੀਆਂ ਨਾਲ ਜੀਵੰਤ ਹੋ ਗਿਆ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ, ਸੁੰਦਰ ਪੰਜਾਬੀ ਪਹਿਰਾਵੇ ਵਿੱਚ ਸਜੇ ਹੋਏ, ਇੱਕ ਜੀਵੰਤ ਮਾਹੌਲ ਸਿਰਜਿਆ ਜੋ ਤੀਜ ਦੀ ਅਮੀਰ ਵਿਰਾਸਤ ਅਤੇ ਖੁਸ਼ੀ ਦੀ ਭਾਵਨਾ ਨੂੰ ਦਰਸਾਉਂਦਾ ਸੀ। ਇਸ ਸਮਾਗਮ ਵਿੱਚ ਸੱਭਿਆਚਾਰਕ ਪੇਸ਼ਕਾਰੀਆਂ ਦਾ ਇੱਕ ਮਿਸ਼ਰਣ ਪੇਸ਼ ਕੀਤਾ ਗਿਆ, ਜਿਸ ਵਿੱਚ ਪੰਜਾਬੀ ਲੋਕ ਗੀਤ, ਰਵਾਇਤੀ ਬੋਲੀ ਦੇ ਪ੍ਰਦਰਸ਼ਨ, ਗਿੱਧਾ, ਭੰਗੜਾ ਅਤੇ ਹੋਰ ਖੇਤਰੀ ਨਾਚ ਸ਼ਾਮਲ ਸਨ। ਇਨ੍ਹਾਂ ਪ੍ਰਦਰਸ਼ਨਾਂ ਨੇ ਨਾ ਸਿਰਫ਼ ਵਿਦਿਆਰਥੀਆਂ ਦੀ ਕਲਾਤਮਕ ਪ੍ਰਤਿਭਾ ਨੂੰ ਪ੍ਰਦਰਸ਼ਿਤ ਕੀਤਾ ਬਲਕਿ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਵੀ ਉਜਾਗਰ ਕੀਤਾ। ਇਸ ਸਮਾਗਮ ਦੇ ਆਯੋਜਨ ਵਿੱਚ ਡਾ. ਇੰਦਰਪ੍ਰੀਤ ਕੌਰ, ਡਾ. ਧਰਮਿੰਦਰ ਪਟਿਆਲ, ਸਾਕਸ਼ੀ ਮਹਿਤਾ ਅਤੇ ਡਾ. ਪੂਜਾ ਸ਼ਰਮਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ।



# ਵੱਡੀ ਗਿਣਤੀ 'ਚ ਅਧਿਆਪਕ ਗੌਰਮਿੰਟ ਟੀਚਰ ਯੂਨੀਅਨ 'ਚ ਸ਼ਾਮਲ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਹਪੁਰੀ)**- ਅਧਿਆਪਕਾਂ ਦੇ ਹੱਕਾਂ ਲਈ ਲੜਨ ਵਾਲੀ ਪੰਜਾਬ ਦੀ ਸਭ ਤੋਂ ਵੱਡੀ ਅਧਿਆਪਕ ਜਥੇਬੰਦੀ ਗੌਰਮਿੰਟ ਟੀਚਰ ਯੂਨੀਅਨ ਕਪੂਰਥਲਾ ਕਾਫਲੇ ਵਿੱਚ ਵੱਡਾ ਵਾਧਾ ਹੋਇਆ ਜਦੋਂ ਸਿੱਖਿਆ ਬਲਾਕ ਸੁਲਤਾਨਪੁਰ ਲੋਧੀ 1 ਦੇ ਨਵੇਂ ਭਰਤੀ ਹੋਏ ਅਧਿਆਪਕਾਂ ਨੇ ਜਥੇਬੰਦੀ ਦਾ ਡੱਟ ਕੇ ਸਾਥ ਦੇਣ ਦਾ ਐਲਾਨ ਕੀਤਾ। ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਦੀ ਅਗਵਾਈ ਹੇਠ ਹੋਏ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸ਼ਾਮਿਲ ਅਧਿਆਪਕਾਂ ਨੇ ਕਿਹਾ ਕਿ ਗੌਰਮਿੰਟ ਟੀਚਰ ਯੂਨੀਅਨ ਨੇ ਹਮੇਸ਼ਾ ਹੀ ਅਧਿਆਪਕਾਂ ਦੇ ਹੱਕਾਂ ਦੀ ਲੜਾਈ ਲੜੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਨੇ ਜਥੇਬੰਦੀ ਵਿੱਚ ਸ਼ਾਮਿਲ ਹੋਣ ਅਧਿਆਪਕਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਇੱਕ ਇੱਕੋ ਇੱਕ ਅਜਿਹੀ ਜਥੇਬੰਦੀ ਹੈ ਜਿਸ ਨੇ ਅਧਿਆਪਕਾਂ ਦੇ ਹੱਕਾਂ ਲਈ ਡੱਟ ਕੇ ਪਹਿਰਾ ਦਿੱਤਾ ਹੈ। ਜਦੋਂ ਵੀ ਅਧਿਆਪਕਾਂ ਦੇ ਹੱਕਾਂ ਦੀ ਗੱਲ ਹੋਈ ਤਾਂ ਜਥੇਬੰਦੀ ਨੇ ਮੋਹਰੀ ਰੋਲ ਅਦਾ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਜਿਸ ਵਿੱਚ 70 ਹਜਾਰ ਤੋਂ ਉੱਪਰ ਮੁਲਾਜ਼ਮ ਸ਼ਾਮਿਲ ਹਨ। ਜਿਸ ਤਹਿਤ ਮੁਲਾਜ਼ਮਾਂ ਦੇ ਹੱਕਾਂ ਨੂੰ ਮੁੱਖ ਰੱਖਦਿਆਂ ਵੱਡੇ ਇਕੱਠ ਦੇ ਰੂਪ ਗੌਰਮਿੰਟ ਟੀਚਰਜ਼ ਯੂਨੀਅਨ ਅਹਿਮ ਰੋਲ ਅਦਾ ਕਰ ਰਹੀ ਹੈ। ਇਸ ਮੌਕੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਬੂਲਪੁਰ ਅਤੇ ਬਲਾਕ ਕਪੂਰਥਲਾ ਦੇ ਪ੍ਰਧਾਨ ਜਗਜੀਤ ਸਿੰਘ ਰਾਜੂ ਬੂਲਪੁਰ ਨੇ ਕਿਹਾ ਕਿ ਜਥੇਬੰਦੀ ਲਗਾਤਾਰ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਵੀ ਆਪਣੇ ਹੱਕਾਂ ਲਈ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਟੱਕਰ ਦੇਵੇਗੀ। ਇਸ ਮੌਕੇ ਜਥੇਬੰਦੀ ਦੇ ਸੀਨੀਅਰ ਆਗੂਆਂ ਜੋਗਿੰਦਰ ਸਿੰਘ ਅਮਾਨੀਪੁਰ, ਮਾਸਟਰ ਬਲਬੀਰ ਸਿੰਘ ਰੰਗੀਲਪੁਰ ਨੇ ਨਵ ਨਿਯੁਕਤ ਅਧਿਆਪਕਾਂ ਨੂੰ ਜਥੇਬੰਦੀ ਨੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਰਮੇਸ਼ ਕੰਬੋਜ ਲਾਧੂਕਾ ਮੰਡੀ, ਪਰਦੀਪ ਸਿੰਘ ਘੁੰਮਾਣ, ਅਸ਼ਵਨੀ ਕੁਮਾਰ, ਕੁਲਦੀਪ ਕੰਬੋਜ ਲਾਧੂਕਾ ਮੰਡੀ, ਅਜੇ ਕੁਮਾਰ ਸ਼ਰਮਾ, ਰਜੀਵ ਪਠਾਨੀਆ, ਜਗਮੋਹਨ ਸਿੰਘ ਜਾਗਲਾ, ਗੁਰਪ੍ਰੀਤ ਸਿੰਘ ਵਿਸੇਸ਼ ਤੌਰ ਤੇ ਹਾਜ਼ਰ ਸਨ।

# ਡੀ ਟੀ ਐੱਫ ਪੰਜਾਬ ਦੀ ਅਗਵਾਈ ਵਿਚ 5178 ਅਧਿਆਪਕਾਂ ਨੇ ਵੱਡੀ ਜਿੱਤ ਪ੍ਰਾਪਤ ਕੀਤੀ

**ਸ਼ਾਹਕੋਟ (ਗਿਆਨ ਸੈਦਪੁਰੀ)**- ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਅਗਵਾਈ ਵਿਚ ਸੰਘਰਸ਼ ਕਰਕੇ 5178 ਅਧਿਆਪਕਾਂ ਨੇ ਮੁਲਾਜ਼ਮ ਲਹਿਰ ਦੀਆਂ ਸਫਾਂ ਵਿਚ ਇਤਿਹਾਸਿਕ ਜਿੱਤ ਦਰਜ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ ਤੇ ਸਕੱਤਰ ਅਵਤਾਰ ਲਾਲ ਨੇ ਦੱਸਿਆ ਕਿ 2011 'ਚ ਪੰਜਾਬ ਦੀ ਪਹਿਲੀ ਟੀ.ਈ.ਟੀ ਪ੍ਰੀਖਿਆ ਪਾਸ ਇਨ੍ਹਾਂ ਅਧਿਆਪਕਾਂ ਨੇ ਅਕਾਲੀ ਹਕੂਮਤ ਖ਼ਿਲਾਫ਼ ਸੰਘਰਸ਼ ਕਰਕੇ ਨਵੰਬਰ 22014 ਵਿਚ ਨਿਯੁਕਤੀਆਂ ਲਈਆਂ ਸਨ। ਇਹ ਅਧਿਆਪਕ ਪਿਛਲੇ 11 ਸਾਲਾਂ ਤੋਂ ਸਰਕਾਰ ਮਾਸਟਰ ਕੇਡਰ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਤਿੰਨ ਸਾਲ ਦੀ ਠੇਕਾ ਸੇਵਾ ਪੂਰੀ ਹੋਣ ਉਪਰੰਤ ਇਨ੍ਹਾਂ ਨੇ ਨਵੰਬਰ 2017 ਵਿਚ ਪੂਰੀ ਤਨਖਾਹ 'ਤੇ ਰੈਗੂਲਰ ਹੋਣਾ ਸੀ ਪਰ ਤਤਕਾਲੀ ਕਾਂਗਰਸ ਸਰਕਾਰ ਨੇ ਇਹਨਾਂ ਉੱਚ ਯੋਗਤਾ ਪ੍ਰਾਪਤ ਅਧਿਆਪਕਾਂ 'ਤੇ ਜ਼ਬਰੀ 2 ਸਾਲ ਦਾ ਪਰਖ ਕਾਲ ਮੜ੍ਹ ਦਿੱਤਾ ਸੀ। 5178 ਅਧਿਆਪਕ ਯੂਨੀਅਨ ਨੇ ਡੀ.ਟੀ.ਐੱਫ ਪੰਜਾਬ ਦੀ ਅਗਵਾਈ ਵਿਚ ਆਪਣੀ ਪੂਰੀ ਤਨਖਾਹ ਤੇ ਰੈਗੂਲਰਾਈਜ਼ੇਸ਼ਨ ਦੀ ਮੰਗ 'ਤੇ ਲਗਾਤਾਰ ਸੰਘਰਸ਼ ਦੇ ਨਾਲ-ਨਾਲ ਪੰਜਾਬ ਤੇ ਹਰਿਆਣਾ ਦੀ ਉੱਚ ਅਦਾਲਤ ਵਿਚ ਕਾਨੂੰਨੀ ਲੜਾਈ ਵੀ ਜਾਰੀ ਰੱਖੀ। ਇਸ ਦੇ ਸਿੱਟੇ ਵਜੋਂ ਸਬੰਧਿਤ ਕੇਸਾਂ ਵਿਚ ਸਰਕਾਰ ਵੱਲੋਂ ਕੰਪਲਾਇੰਸ ਰਿਪੋਰਟ ਵਜੋਂ 5178 ਅਧਿਆਪਕਾਂ ਦੀ ਪੂਰੀ ਤਨਖਾਹ ਤੇ ਰੈਗੂਲਰਾਈਜੇਸ਼ਨ ਦੇ ਆਰਡਰ ਦਾਖਲ ਕੀਤੇ ਸਨ। ਬਾਅਦ ਵਿਚ ਨਾਨ ਪਟੀਸ਼ਨਰ ਅਧਿਆਪਕਾਂ ਦੇ ਬਕਾਏ ਜਾਰੀ ਕਰਨ ਸਬੰਧੀ ਆ ਰਹੀਆਂ ਦਿੱਕਤਾਂ ਦੇ ਹੱਲ ਲਈ ਸੰਘਰਸ਼ ਜਾਰੀ ਰੱਖਿਆ ਹੋਇਆ ਸੀ। ਜਥੇਬੰਦੀ ਦੀ ਮੰਗ ਨੂੰ ਸਵੀਕਾਰ ਕਰਦਿਆ ਸਿੱਖਿਆ ਸਕੱਤਰ ਅਨਿੰਦਤਾ ਮਿੱਤਰਾ ਵੱਲੋਂ ਸੂਬੇ ਦੇ ਸਮੂੰਹ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦਿਆ ਸਕੂਲ ਮੁੱਖੀਆਂ ਨੂੰ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਦੀਆਂ ਹਦਾਇਤਾਂ ਕੀਤੀਆਂ ਹਨ।

# ਕਮਿਕਰ ਸਿੰਘ ਡਾਢੀ ਨੇ ਸੰਗਠਨ ਦੀ ਮਜ਼ਬੂਤੀ ਲਈ ਕੀਤੀ ਮੀਟਿੰਗ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਕਮਿੱਕਰ ਸਿੰਘ ਡਾਢੀ ਚੇਅਰਮੈਨ ਮਾਰਕੀਟ ਕਮੇਟੀ ਅਤੇ ਸੰਗਠਨ ਇੰਚਾਰਜ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਨੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਜੋ ਵਾਇਦੇ ਕੀਤੇ ਸਨ ਉਹਨਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਤੇ ਬਹੁਤੇ ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ, ਬਾਕੀ ਰਹਿੰਦੇ ਵੀ ਪੂਰੇ ਕਰ ਲਏ ਜਾਣਗੇ। ਉਹਨਾਂ ਦੱਸਿਆ ਕਿ ਜਿਵੇਂ ਮੁਫ਼ਤ ਬਿਜਲੀ ਦੀ ਸਹੂਲਤ, 10 ਲੱਖ ਰੁਪਏ ਤੱਕ ਦਾ ਮੈਡੀਕਲ ਬੀਮਾ, ਚੰਗਰ ਖੇਤਰ ਵਿੱਚ ਪੀਣ ਵਾਲੇ ਅਤੇ ਸਿੰਚਾਈ ਵਾਲੇ ਪਾਣੀ ਦੀ ਵਿਵਸਥਾ ਕਰਨਾ, ਪਿੰਡਾਂ ਦੀਆਂ ਸੜਕਾਂ ਨੂੰ 18 ਫੁੱਟੀਆਂ ਕਰਨਾ , ਪਿੰਡਾਂ ਦੇ ਟੋਭਿਆਂ ਦੀ ਸਫਾਈ, ਸਕੂਲਾਂ ਦੀਆਂ ਇਮਾਰਤਾਂ ਦਾ ਕਰੋੜਾਂ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਸਿੱਖਿਆ ਢਾਂਚੇ ਨੂੰ ਮਜ਼ਬੂਤ ਕਰਨਾ ਤਾਂ ਜੋ ਸਿੱਖਿਆ ਖੇਤਰ ਵਿੱਚ ਵਰਲਡ ਕਲਾਸ ਹੋ ਸਕੇ। ਇਸ ਲਈ 'ਸਿੱਖਿਆ ਕ੍ਰਾਂਤੀ' ਮੁਹਿੰਮ ਚਲਾਈ ਗਈ। ਉਹਨਾਂ ਨੇ ਅੱਜ ਦੀ ਮੀਟਿੰਗ ਵਿੱਚ ਜਿਸ ਵਿੱਚ ਸ਼ਹਿਰ ਦੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਭਾਗ ਲਿਆ ਨੂੰ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਲੋਕਾਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਜਸਪ੍ਰੀਤ ਸਿੰਘ ਜੇ.ਪੀ. ,ਦਵਿੰਦਰ ਸਿੰਘ ਸਿੱਧੂ ,ਦਲਿਆ ਸਿੰਘ ਸੰਧੂ ਸਿੱਖਿਆ ਕੋਆਰਡੀਨੇਟਰ ਹਲਕਾ ਸ੍ਰੀ ਅਨੰਦਪੁਰ ਸਾਹਿਬ ,ਦਵਿੰਦਰ ਸਿੰਘ ਸ਼ੰਮੀ ਬਰਾਰੀ ਏਰੀਆ ਕੋਆਰਡੀਨੇਟਰ, ਐਡਵੋਕੇਟ ਰਜਤ ਬੇਦੀ, ਸੁਖਦੇਵ ਸਿੰਘ ਬੀਟੀ , ਸੁਰਿੰਦਰ ਸਿੰਘ ਵਿੱਕੀ , ਸ੍ਰੀਮਤੀ ਹਰਪਾਲ ਕੌਰ ਪ੍ਰਧਾਨ ਮਹਿਲਾ ਵਿੰਗ ਆਪ, ਗੁਰਪ੍ਰੀਤ ਸਿੰਘ ਅਰੋੜਾ, ਹਰਦੀਪ ਸਿੰਘ ਭੁੱਲਰ, ਸੋਨੀ ਕੁਮਾਰ ਘਨਾਰੂ, ਸੁਮਨ ਸਿੰਘ ਵੱਜੀ, ਸਵਰਨ ਕੌਰ ਰਣਜੀਤ ਕੌਰ ਬਲਾਕ ਪ੍ਰਧਾਨ ਮਹਿਲਾ ਵਿੰਗ ਅਨੰਦਪੁਰ ਸਾਹਿਬ, ਬਾਬਾ ਗੱਜਣ ਸਿੰਘ ,ਮਹਿੰਦਰ ਸਿੰਘ ਸਾਬਕਾ ਬੈਂਕ ਅਧਿਕਾਰੀ, ਰਾਮ ਪ੍ਰਕਾਸ਼ ਜੀ ਸਾਬਕਾ ਬੈਂਕ ਅਧਿਕਾਰੀ, , ਕਰਮ ਸਿੰਘ ਸਾਬਕਾ ਬੈਂਕ ਅਧਿਕਾਰੀ, ਜਸਵੀਰ ਸਿੰਘ ਕੌਂਸ ਰੋਡਵੇਜ਼ ,ਕ੍ਰਿਸ਼ਨ ਸਿੰਘ ਸਾਬਕਾ ਬੀ ਐਸ ਐਫ ਅਧਿਕਾਰੀ, ਰਵੀ ਦੱਤ ,ਗੁਰਸਿਮਰਨਪ੍ਰੀਤ ਸਿੰਘ ,ਹਰਦੀਪ ਸਿੰਘ ,ਨਿਖਲ ਭਾਰਦਵਾਜ ,ਹਰਦੀਪ ਸਿੰਘ, ਬਿੰਦੂ ਸ਼ਰਮਾ , ਤਰਲੋਕ ਸਿੰਘ ਚੱਕ ਹੋਲਗੜ੍ਹ ਆਦਿ ਹਾਜ਼ਰ ਸਨ । ਪਾਰਟੀ ਵਰਕਰਾਂ ਵੱਲੋਂ ਚੇਅਰਮੈਨ ਕਮਿੱਕਰ ਸਿੰਘ ਡਾਢੀ ਨੂੰ ਸਨਮਾਨਿਤ ਵੀ ਕੀਤਾ ਗਿਆ ਅਤੇ ਉਹਨਾਂ ਦੇ ਹਲਕਾ ਸੰਗਠਨ ਇੰਚਾਰਜ ਬਣਨ ਦੀ ਖੁਸ਼ੀ ਵੀ ਪ੍ਰਗਟਾਈ ਗਈ।

# ਸ਼ਹੀਦ ਊਧਮ ਸਿੰਘ ਦੀਆਂ ਨਿਸ਼ਾਨੀਆਂ ਇੰਗਲੈਂਡ ਤੋਂ ਮੰਗਵਾਏ ਜਾਣ ਦੀ ਮੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸ਼ਹੀਦ ਊਧਮ ਮੈਮੋਰੀਅਲ ਭਵਨ ਸੁਸਾਇਟੀ ਸੈਕਟਰ 44 ਸੀ ਚੰਡੀਗੜ੍ਹ ਨੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਂਦਿਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਤੇ ਪੰਜਾਬ ਅਤੇ ਕੇਂਦਰ ਸਰਕਾਰ ਕੋਲੋ ਮੰਗ ਕੀਤੀ ਹੈ ਕਿ ਸ਼ਹੀਦ ਦੀਆਂ ਨਿਸ਼ਾਨੀਆਂ ਇੰਗਲੈਂਡ ਤੋਂ ਮੰਗਵਾ ਕੇ ਸ਼ਹੀਦ ਦੇ ਮਿਊਜ਼ੀਅਮ ਵਿੱਚ ਰੱਖੀਆਂ ਜਾਣ । ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸ਼ਹੀਦ ਊਧਮ ਸਿੰਘ ਦੇ ਨਾਂ ਕਾਇਮ ਕੀਤੀ ਚੇਅਰ ਦਾ ਕੰਮਕਾਜ ਸ਼ੁਰੂ ਕਰਵਾਇਆ ਜਾਵੇ।ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਪੰਜਾਬ ਸਰਕਾਰ ਵਲੋਂ ਸ਼ਹੀਦ ਦੇ ਨਾਂ ਤੇ ਭਵਾਨੀਗੜ੍ਹ ਤੋਂ ਕੋਟਸ਼ਮੀਰ ਤਕ ਸੜਕ ਦਾ ਨਾਂ ਰੱਖਣ ਲਈ ਧਨਵਾਦ ਕਰਦਿਆਂ ਮੰਗ ਕੀਤੀ ਕਿ ਭਵਾਨੀਗੜ੍ਹ ਤੋਂ ਜ਼ੀਰਕਪੁਰ ਤਕ ਸੜਕ ਦਾ ਨਾਂ ਵੀ ਸ਼ਹੀਦ ਤੇ ਰੱਖਿਆ ਜਾਵੇ।ਆਗੂਆਂ ਨੇ ਕਿਹਾ ਕਿ ਦੇਸ਼ ਵਿੱਚ ਨਸ਼ਿਆਂ ਦੀ ਭਰਮਾਰ ਵੱਧ ਰਹੀ ਹੈ। ਨੌਜਵਾਨਾਂ ਦੀਆਂ ਨਸ਼ਿਆਂ ਨਾਲ ਮੌਤਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਯਤਨ ਕਰਨਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ।ਇਕੱਠ ਨੂੰ ਉੱਘੇ ਚਿੰਤਕ ਡਾਕਟਰ ਪਿਆਰਾ ਲਾਲ ਗਰਗ, ਇੰਟਰਨੈਸ਼ਨਲ ਸਰਬ ਕੰਬੋਜ ਸਮਾਜ ਦੇ ਕੌਮੀ ਪ੍ਰਧਾਨ ਇਕਬਾਲ ਚੰਦ ਉਰਫ ਪਾਲਾ ਬੱਟੀ, ਪੰਜਾਬ ਦੇ ਸਾਬਕਾ ਡੀ.ਜੀ.ਪੀ. ਸ੍ਰੀ ਚੰਦਰ ਸ਼ੇਖਰ,ਲੇਖਕ ਬਹਾਦਰ ਸਿੰਘ, ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਸੁਸਾਇਟੀ ਦੇ ਸੀਨੀਅਰ ਆਗੂ ਪ੍ਰੇਮ ਸਿੰਘ, ਹਰਿਆਣਾ ਕੰਬੋਜ ਸਮਾਜ ਸਭਾ ਦੇ ਚੇਅਰਮੈਨ ਸ੍ਰੀ ਹਰਪਾਲ ਸਿੰਘ,ਸੀਨੀਅਰ ਪੱਤਰਕਾਰ ਬਲਵਿੰਦਰ ਸਿੰਘ ਜੰਮੂ, ਪਰਮਿੰਦਰ ਪਾਲ ਸਿੰਘ (ਰਿਟਾਇਰਡ ਜੱਜ) ਡਾਕਟਰ ਰਵਿੰਦਰ ਰਵੀ, ਸ੍ਰੀਮਤੀ ਸਲਿੰਦਰ ਕੌਰ ਚੰਦੀ, ਸ੍ਰੀਮਤੀ ਸੁਖਬੀਰ ਕੌਰ ਨੇ ਸੰਬੋਧਨ ਕੀਤਾ। ਸਟੇਜ ਸੰਚਾਲਨ ਸ੍ਰੀਮਤੀ ਵੀਨਾ ਜੰਮੂ ਨੇ ਕੀਤਾ।ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਜੱਥਾ ਗਿਆਨੀ ਗਰਚਾ ਸਿੰਘ ਨੇ ਸ਼ਹੀਦ ਦੀਆਂ ਵਾਰਾਂ ਗਾ ਕੇ ਖੂਬ ਰੰਗ ਬੰਨ੍ਹਿਆਂ। ਗਾਇਕ ਰੋਮੀ ਘੜਾਮੇਵਾਲਾ, ਬਲਦੇਵ ਸਿੰਘ ਨੰਬਰਦਾਰ, ਕੁਲਵੰਤ ਸਿੰਘ ਨੇ ਇਨਕਲਾਬੀ ਗੀਤ ਤੇ ਕਵਿਤਾਵਾਂ ਸੁਣਾ ਕੇ ਚੰਗਾ ਰੰਗ ਬੰਨ੍ਹਿਆ।

# ਅੰਡਰ ਬ੍ਰਿਜ ਦੇ ਨਕਸ਼ੇ 'ਚ ਤਬਦੀਲੀ ਕਰਕੇ ਸਿੱਧਾ ਅੰਡਰ ਬ੍ਰਿਜ ਬਣਾਉਣ ਦੀ ਕੀਤੀ ਮੰਗ



**ਫਿਲੌਰ, (ਹਰਜਿੰਦਰ ਕੌਰ ਚਾਹਲ, ਨਿਰਮਲ)**

ਪਿੰਡ ਦੁਸਾਂਝ ਖੁਰਦ ਦੇ ਰੇਲਵੇ ਫਾਟਕ ਦੇ ਹੇਠ ਬਣਨ ਵਾਲੇ ਅੰਡਰ ਬ੍ਰਿਜ ਦੇ ਨਕਸ਼ੇ ਦੀ ਤਬਦੀਲੀ ਦੀ ਮੰਗ ਨੂੰ ਲੈ ਕੇ ਅੱਜ ਇੱਕ ਮੰਗ ਪੱਤਰ ਐੱਸ ਡੀ ਐੱਮ ਫਿਲੌਰ ਪ੍ਰਲੀਨ ਕੌਰ ਬਰਾੜ ਨੂੰ ਦਿੱਤਾ ਗਿਆ। ਇਸ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਇਸ ਦਾ 'ਸੀ' ਟਾਈਪ ਦਾ ਨਕਸ਼ਾ ਰੱਦ ਕਰਕੇ ਸਿੱਧਾ ਅੰਡਰ ਬ੍ਰਿਜ ਬਣਾਇਆ ਜਾਵੇ। ਮੰਗ ਪੱਤਰ 'ਚ ਦੁਸਾਂਝ ਖੁਰਦ, ਮੁਠੱਡਾ ਕਲਾਂ, ਕੁਤਬੇਵਾਲ, ਲਾਂਗੜੀਆਂ, ਮੁਠੱਡਾ ਖੁਰਦ, ਭੱਟੀਆਂ ਆਦਿ ਪਿੰਡਾਂ ਦੀਆਂ ਪੰਚਾਇਤਾਂ ਤੋਂ ਇਲਾਵਾ ਸੈਂਕੜੇ ਹੋਰ ਦਸਤਖ਼ਤਾਂ ਵਾਲੇ ਪੱਤਰ ਸ਼ਾਮਲ ਸਨ। ਜਿਸ 'ਚ ਗੁਰਦੁਆਰਾ ਕਮੇਟੀਆਂ, ਯੂਥ ਕਲੱਬਾਂ, ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਦੋਆਬਾ ਦੀਆਂ ਮੁਠੱਡਾ ਕਲਾਂ ਇਕਾਈਆਂ, ਵੱਖ-ਵੱਖ ਪ੍ਰਾਈਵੇਟ ਸਕੂਲ ਅਤੇ ਮਹਿੰਦਰਾ ਟਰੈਕਟਰ ਦੇ ਸਟਾਕਯਾਰਡ ਵਲੋਂ ਵੀ ਲਿਖਤੀ ਤੌਰ 'ਤੇ ਮੌਜੂਦਾ ਨਕਸ਼ਾ ਰੱਦ ਕਰਕੇ ਨਵੇਂ ਸਿਰੇ ਤੋਂ ਨਕਸ਼ਾ ਬਣਾਉਣ ਦੀ ਮੰਗ ਕੀਤੀ ਗਈ। ਐੱਸ ਡੀ ਐੱਮ ਫਿਲੌਰ ਨੂੰ ਮਿਲੇ ਵਫ਼ਦ ਦੀ ਅਗਵਾਈ ਸਰਬਜੀਤ ਮੁਠੱਡਾ, ਨੰਬਰਦਾਰ ਗੁਰਪਾਲ ਸਿੰਘ, ਸਾਬਕਾ ਸਰਪੰਚ ਹਰਜਿੰਦਰ ਕੁਮਾਰ, ਸਰਪੰਚ ਭੱਟੀਆ ਸਰਵਜੀਤ ਸਿੰਘ, ਰਛਪਾਲ ਲਾਲ ਕੁਤਬੇਵਾਲ, ਹਰਭਜਨ ਸਿੰਘ ਗਰੇਵਾਲ, ਸੰਤੋਖ ਲਾਲ ਲਾਂਗੜੀਆ, ਵਿਜੈ ਕੁਮਾਰ, ਦੀਪਕ ਭਾਰਤੀ, ਰਾਜਵਿੰਦਰ ਮੁਠੱਡਾ, ਚੰਨਪ੍ਰੀਤ ਸਿੰਘ ਬੂਰਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਤਹਿਸੀਲ ਪ੍ਰਧਾਨ ਮੱਖਣ ਸੰਗਰਾਮੀ, ਮਨਮੋਹਣ ਸਿੰਘ ਸਿੱਧੂ, ਸੁਖਪ੍ਰੀਤ ਸਿੰਘ, ਹਰਮਿੰਦਰ ਸਿੰਘ, ਸੁਖਵੀਰ ਸਿੰਘ ਅੱਜਲਾ, ਦਵਿੰਦਰ ਭਿੰਦਾ ਆਦਿ ਨੇ ਕੀਤੀ।

ਇਨ੍ਹਾਂ ਨੇ ਐੱਸ ਡੀ ਐੱਮ ਨੂੰ ਦੱਸਿਆ ਕਿ ਮੌਜੂਦਾ ਨਕਸ਼ੇ ਮੁਤਾਬਿਕ ਜੇ ਅੰਡਰ ਬ੍ਰਿਜ ਬਣਦਾ ਹੈ ਤਾਂ ਸੁਰੱਖਿਆ ਖਤਰੇ 'ਚ ਪਵੇਗੀ ਕਿਉਂਕਿ ਰਾਤ ਵੇਲੇ ਅਜਿਹੇ ਪੁਲਾਂ ਤੋਂ ਲੰਘਣਾ ਖ਼ਤਰੇ ਤਾਂ ਖਾਲੀ ਨਹੀਂ ਹੁੰਦਾ। ਇਥੋਂ ਟਰੈਕਟਰ ਪੰਜਾਬ ਸਮੇਤ ਜੰਮੂ ਕਸ਼ਮੀਰ ਅਤੇ ਹਿਮਾਚਲ ਨੂੰ ਜਾਂਦੇ ਹਨ, ਜਿਥੋਂ ਟਰਾਲੇ ਨਹੀਂ ਲੰਘ ਸਕਣਗੇ ਅਤੇ ਨਾ ਹੀ ਗੰਨੇ ਨਾਲ ਲੱਦੀਆਂ ਟਰਾਲੀਆਂ ਅਤੇ ਕੰਬਾਇਨਾਂ ਵੀ ਨਹੀਂ ਲੰਘ ਸਕਣਗੀਆਂ। ਇਸ ਤੋਂ ਇਲਾਵਾ ਸਕੂਲਾਂ ਦੀਆਂ ਵੱਡੀਆਂ ਬੱਸਾਂ ਵੀ ਨਹੀਂ ਲੰਘ ਸਕਣਗੀਆਂ। ਉਕਤ ਮੋਹਤਬਰਾਂ ਨੇ ਕਿਹਾ ਕਿ ਪਿੰਡ ਦੁਸਾਂਝ ਖੁਰਦ ਦੀ ਹੱਦ ਅੰਦਰ ਲਿੰਕ ਰੋਡ ਦੀ ਚੌੜਾਈ ਆਮ ਨਾਲੋਂ ਜ਼ਿਆਦਾ ਹੈ ਅਤੇ ਰੇਲਵੇ ਲਾਈਨ ਵੀ ਉੱਚੀ ਹੈ। ਜਿਸ ਨਾਲ ਇਥੇ ਸਿੱਧਾ ਅੰਡਰ ਬ੍ਰਿਜ ਬਣਾਉਣਾ ਸੰਭਵ ਹੈ। ਮੋਹਤਬਰਾਂ ਨੇ ਕਿਹਾ ਕਿ ਉਹ 'ਸੀ' ਟਾਈਪ ਵਾਲੇ ਬ੍ਰਿਜ ਦਾ ਜ਼ੋਰਦਾਰ ਵਿਰੋਧ ਕਰਨਗੇ। ਇਸ ਮੌਕੇ ਐੱਸ ਡੀ ਐੱਮ ਫਿਲੌਰ ਪ੍ਰਲੀਨ ਕੌਰ ਬਰਾੜ ਨੇ ਕਿਹਾ ਕਿ ਉਹ ਇਸ ਫਾਈਲ ਨੂੰ ਰੇਲਵੇ ਦੇ ਅਧਿਕਾਰੀਆਂ ਨੂੰ ਭੇਜ ਦੇਣਗੇ ਅਤੇ ਛੇਤੀ ਹੀ ਰੇਲਵੇ ਦੇ ਅਧਿਕਾਰੀਆਂ ਨਾਲ ਮੀਟਿੰਗ ਵੀ ਕਰਵਾਉਣਗੇ।

# ਸ਼ਿਵਾ ਪਬਲਿਕ ਸਕੂਲ 'ਚ ਤੀਆਂ ਦਾ ਤਿਓਹਾਰ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸ਼ਿਵਾ ਪਬਲਿਕ ਸਕੂਲ ਨੂਰਮਹਿਲ ਵਿੱਚ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਹਰ ਜਮਾਤ ਦੇ ਬੱਚਿਆਂ ਨੇ ਗਿੱਧਾ, ਭੰਗੜਾ, ਸੱਭਿਆਚਾਰਕ ਗੀਤ ਅਤੇ ਐਕਟ ਪੇਸ਼ ਕੀਤੇ।ਸਕੂਲ ਦੀ ਚੇਅਰਪਰਸਨ ਸ੍ਰੀਮਤੀ ਸੁਮਨ ਲਤਾ ਪਾਠਕ ਨੇ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਵਿਰਸੇ ਬਾਰੇ ਬੱਚਿਆਂ ਨੂੰ ਭਰਪੂਰ ਜਾਣਕਾਰੀ ਦਿੱਤੀ।ਇਸ ਮੌਕੇ 'ਤੇ ਸਕੂਲ ਦੇ ਐਮ. ਡੀ ਅਮਨ ਪਾਠਕ ਪ੍ਰਿੰਸੀਪਲ ਮਨਦੀਪ ਕੁਮਾਰ ਅਤੇ ਏ.ਡੀ. ਡਾ. ਪਰਵਿੰਦਰ ਕੌਰ ਅਤੇ ਸਮੂਹ ਸਟਾਫ ਹਾਜਰ ਸੀ।

# ਜੋਗਿੰਦਰ ਸਿੰਘ ਸਲਾਰੀਆ ਮ੍ਰਿਤਕ ਮਨਿੰਦਰ ਸਿੰਘ ਦੇ ਪਰਵਾਰ ਨਾਲ ਦੁੱਖ ਪ੍ਰਗਟ ਕਰਨ ਉਨ੍ਹਾ ਦੇ ਘਰ ਪਹੁੰਚੇ

**ਜਲੰਧਰ (ਇਕਬਾਲ ਸਿੰਘ ਉੱਭੀ)**- ਪਿਛਲੇ ਦਿਨੀ ਦੁਬਈ ਵਿੱਚ ਰੋਜ਼ੀ ਰੋਟੀ ਦੀ ਖਾਤਰ ਗਏ ਮਨਿੰਦਰ ਸਿੰਘ ਪੁੱਤਰ ਜਗਦੀਸ਼ ਸਿੰਘ ਵਾਸੀ ਬਿਆਸ ਪਿੰਡ ਦੀ ਪਿਛਲੇ ਮਹੀਨੇ ਦੁਬਈ ਵਿੱਚ ਅਚਾਨਕ ਮੌਤ ਹੋ ਗਈ ਸੀ। ਮਨਿੰਦਰ ਸਿੰਘ ਦੇ ਗੁੰਮ ਹੋਣ ਬਾਰੇ ਦੁਖਦਾਈ ਖ਼ਬਰ ਬਿਆਸ ਪਿੰਡ ਵਿੱਚ ਪਹੁੰਚੀ ਤਾਂ ਸਾਰੇ ਪਿੰਡ ਵਿੱਚ ਮਾਤਮ ਛਾ ਗਿਆ । ਉਸ ਦੇ ਪਰਿਵਾਰਕ ਮੈਂਬਰਾਂ ਨੇ ਉਸ ਦੀ ਭਾਲ ਆਪਣੇ ਤੌਰ ਤੇ ਕੀਤੀ,ਪਰ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ । ਆਖ਼ਿਰ ਇਹ ਖ਼ਬਰ ਪੀ.ਸੀ.ਟੀ. ਹਿਉਮਨਿਟੀ ਦੇ ਮੁੱਖ ਸੇਵਾਦਾਰ ਨੂੰ ਦੁਬਈ ਵਿੱਚ ਮਿਲੀ । ਉਹਨਾਂ ਆਪਣੇ ਤੌਰ ਤੇ ਮਨਿੰਦਰ ਸਿੰਘ ਦੀ ਭਾਲ ਕੰਪਨੀ ਵਿੱਚ, ਪੁਲਿਸ ਅਤੇ ਉੱਥੇ ਪ੍ਰਸ਼ਾਸ਼ਨ ਵਿੱਚ ਕੀਤੀ । ਆਖ਼ਿਰ ਮਨਿੰਦਰ ਸਿੰਘ ਦੀ ਮ੍ਰਿਤਕ ਦੇਹ ਉੱਥੇ ਦੀ ਮੋਰਚਰੀ ਵਿੱਚ ਮਿਲੀ । ਮਨਿੰਦਰ ਸਿੰਘ ਦੇ ਘਰ ਅਫ਼ਸੋਸ ਕਰਨ ਆਏ ਸ੍ਰੀ ਸਲਾਰੀਆ ਨੇ ਦੱਸਿਆ ਕਿ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਵਿੱਚ ਬਹੁਤ ਹੀ ਮੁਸ਼ਕਲਾਂ, ਪ੍ਰੇਸ਼ਾਨੀਆਂ ਆ ਰਹੀਆਂ ਸਨ ਅਤੇ ਉਸ ਦੀ ਮ੍ਰਿਤਕ ਦੇਹ ਦੁਬਈ ਦੀ ਮੋਰਚਰੀ ਵਿੱਚ ਕਈ ਦਿਨ ਪਈ ਹੋਣ ਕਰ ਸ਼ਨਾਖਤ ਮੰਗ ਰਹੇ ਸਨ। ਪਰਿਵਾਰਕ ਮੈਂਬਰਾਂ ਅਤੇ ਦੁਬਈ ਵਿੱਚ ਉਹਨਾਂ ਦੇ ਸਾਥੀਆਂ ਦੇ ਯਤਨਾਂ ਸਦਕਾ ਅਸੀਂ ਮ੍ਰਿਤਕ ਦੇਹ ਨੂੰ ਭਾਰਤ ਵਿੱਚ ਭੇਜਣ ਲਈ ਕਾਮਯਾਬ ਹੋ ਸਕੇ ।ਉਹਨਾਂ ਕਿਹਾ ਕਿ ਸਾਡੀ ਸੰਸਥਾ ਨੂੰ ਵੀ ਇਹ ਤਸੱਲੀ ਹੋਈ ਕਿ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਅੰਤਿਮ ਦਰਸ਼ਨ ਹੋ ਸਕੇ ਅਤੇ ਰੀਤੀ ਰਿਵਾਜਾਂ ਅਨੁਸਾਰ ਉਸ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਹਨਾਂ ਇਸ ਮੌਕੇ ਪਰਿਵਾਰ ਨੂੰ ਤਸੱਲੀ ਦਿੰਦੇ ਹੋਏ ਹਰ ਵੇਲੇ ਨਾਲ ਖੜ੍ਹੇ ਰਹਿਣ ਦਾ ਭਰੋਸਾ ਦਿੱਤਾ ।ਪ੍ਰੀਵਰ ਅਤੇ ਪਿੰਡ ਦੇ ਲੋਕਾਂ ਨੇ ਉਹਨਾਂ ਦਾ ਇਸ ਮੌਕੇ ਵਿਸ਼ੇਸ਼ ਸਨਮਾਨ ਤੇ ਧੰਨਵਾਦ ਕੀਤਾ।



# ਸਹਿਜਪ੍ਰੀਤ ਕੌਰ ਨੇ ਟੇਲੈਂਟ ਹੰਟ 'ਚ ਦੂਜਾ ਸਥਾਨ ਪ੍ਰਾਪਤ ਕਰਕੇ ਕੀਤਾ ਇਲਾਕੇ ਦਾ ਨਾਂਅ ਰੌਸ਼ਨ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਦੀ ਹੋਣਹਾਰ ਵਿਦਿਆਰਥਣ ਸਹਿਜਪ੍ਰੀਤ ਕੌਰ ਨੇ ਜਲੰਧਰ ਦੂਰਦਰਸ਼ਨ ਦੇ ਟੈਲੈਂਟ ਹੰਟ ਸ਼ੋਅ 'ਕਿਸਮੇ ਕਿਤਨਾ ਹੈ ਦਮ' ਦੇ ਗ੍ਰੈਂਡ ਫਿਨਾਲੇ ਦੇ ਵਿੱਚ ਦੂਸਰਾ ਸਥਾਨ ਹਾਸਿਲ ਕਰਕੇ ਸਕੂਲ ਦਾ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਹਿਜਪ੍ਰੀਤ ਨੇ ਜਲੰਧਰ ਦੂਰਦਰਸ਼ਨ ਵੱਲੋਂ ਕਰਵਾਏ ਜਾ ਰਹੇ ਟੈਲੈਂਟ ਹੰਟ ਸ਼ੋਅ 'ਕਿਸਮੇ ਕਿਤਨਾ ਹੈ ਦਮ' ਦੇ ਵਿੱਚ ਭਾਗ ਲਿਆ ਸੀ ਜਿਸ ਦੇ ਵਿੱਚ ਅਲੱਗ ਅਲੱਗ ਰਾਜਾਂ ਦੇ ਬੱਚਿਆਂ ਨੇ ਵੀ ਹਿੱਸਾ ਲਿਆ ਸੀ। ਇਸ ਸ਼ੋਅ ਦੇ ਵਿੱਚ ਲਗਾਤਾਰ ਪੜਾਅ ਪਾਰ ਕਰਦੀ ਹੋਈ ਸਹਿਜ ਪ੍ਰੀਤ ਨੇ ਗ੍ਰੈਂਡ ਫਿਨਾਲੇ ਦੇ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਸੰਗਰ ਨੇ ਦੱਸਿਆ ਕਿ ਇਸ ਮੌਕੇ ਤੇ ਸਹਿਜਪ੍ਰੀਤ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ ਦੇ ਕੇ ਆਯੋਜਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਨਾਲ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਵੱਲੋਂ ਬੱਚੀ ਨੂੰ ਸਨਮਾਨ ਚਿੰਨ ਅਤੇ ਨਕਦ ਇਨਾਮ ਦੇ ਨਾਲ ਹੌਸਲਾਅਫਜ਼ਾਈ ਕੀਤੀ ਗਈ। ਚੇਅਰਮੈਨ ਤਰਲੋਚਨ ਸਿੰਘ ਨੇ ਦੱਸਿਆ ਕਿ ਇਹ ਬੱਚੀ ਬਾ-ਕਮਾਲ ਡਾਂਸ ਕਲਾਕਾਰ ਹੈ ਅਤੇ ਭਵਿੱਖ ਵਿੱਚ ਸਾਡੇ ਇਲਾਕੇ, ਸਕੂਲ ਅਤੇ ਆਪਣੇ ਮਾਂ ਬਾਪ ਦਾ ਨਾਮ ਰੋਸ਼ਨ ਕਰੇਗੀ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਰਾਜਵੀਰ ਕੌਰ, ਰਾਜਵਿੰਦਰ ਕੌਰ, ਜਗਬੰਧਨ ਸਿੰਘ, ਸੰਜੀਵ ਕੁਮਾਰ ਸ਼ਰਮਾ, ਸੁਰੇਸ਼, ਵਰਿੰਦਰ ਕੌਰ, ਸੰਦੀਪ ਸਿੰਘ, ਗੁਰਦੇਵ, ਹਰਜੀਤ ਅਤੇ ਬਾਕੀ ਸਭ ਮੌਜੂਦ ਸਨ।



# ਮਾਨ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਵਚਨਬੱਧ : ਡਾ ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਰਾਜ ਦੇ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉੱਦਮਾਂ ਤਹਿਤ, ਬੁਢਾਪਾ ਪੈਨਸ਼ਨ ਯੋਜਨਾ ਦੇ ਅਧੀਨ ਜੂਨ 2025 ਤੱਕ 1347 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇੱਥੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਮਿਆਦ ਦੌਰਾਨ 22.75 ਲੱਖ ਬਜ਼ੁਰਗ ਲਾਭਪਾਤਰੀਆਂ ਨੇ ਯੋਜਨਾ ਦਾ ਲਾਭ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਲਈ ਰਾਜ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਲਈ 4100 ਕਰੋੜ ਰੁਪਏ ਦਾ ਬਜਟ ਉਪਲਬਧ ਕਰਵਾਇਆ ਗਿਆ ਹੈ। ਡਾ. ਬਲਜੀਤ ਕੌਰ ਨੇ ਕਿਹਾ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਡਾ ਮੰਤਵ ਸਾਫ਼ ਹੈ 'ਸਾਡੇ ਬਜ਼ੁਰਗ ਸਾਡਾ ਮਾਣ ਹਨ' ਅਤੇ ਉਨ੍ਹਾਂ ਦੀ ਪੈਨਸ਼ਨ ਵਿੱਚ ਕੋਈ ਵੀ ਦੇਰੀ ਜਾਂ ਰੁਕਾਵਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਾ. ਬਲਜੀਤ ਕੌਰ ਨੇ ਆਖਿਰ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਬਜ਼ੁਰਗਾਂ ਦੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਦਾ ਬੁਨਿਆਦੀ ਸਹਾਰਾ ਹਨ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਇਕ ਹੱਕਦਾਰ ਤੱਕ ਇਹ ਸਹੂਲਤ ਬਿਨਾਂ ਰੁਕਾਵਟ ਪਹੁੰਚੇ।

# ਸੀਤਲ ਕੌਰ ਕਹਿਲ ਦੀ ਯਾਦ 'ਚ ਗੁਰਮਤਿ ਸਮਾਗਮ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪਿੰਡ ਲੋਦੀਪੁਰ ਦੇ ਗੁਰਦੁਆਰਾ ਡੁਮੇਲੀ ਵਾਲੇ ਵਿਖੇ ਇੱਕ ਭਾਵੁਕ ਅਤੇ ਧਾਰਮਿਕ ਮਾਹੌਲ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ, ਜੋ ਕਿ ਡਾਕਟਰ ਕਹਿਲ ਦੀ ਦਾਦੀ ਸ਼੍ਰੀਮਤੀ ਸੀਤਲ ਕੌਰ ਪਤਨੀ ਸਵਰਗੀ ਸਰਦਾਰ ਮੇਲਾ ਸਿੰਘ ਜੀ ਦੀ ਯਾਦ ਵਿੱਚ ਆਯੋਜਿਤ ਕੀਤਾ ਗਿਆ। ਉਨ੍ਹਾਂ ਦਾ ਬੀਤੇ ਦਿਨਾਂ ਗੁਰੂ ਚਰਨਾਂ 'ਚ ਜਾ ਬਿਰਾਜਣਾ ਪੂਰੇ ਪਰਿਵਾਰ ਅਤੇ ਇਲਾਕੇ ਲਈ ਦੁੱਖਦਾਈ ਘੜੀ ਸੀ। ਉਹ 103 ਸਾਲ ਦੀ ਉਮਰ 'ਚ ਸਰੀਰਕ ਤੌਰ ਤੇ ਵਿਛੜ ਗਏ ਪਰ ਉਨ੍ਹਾਂ ਦੀ ਜ਼ਿੰਦਗੀ ਦੇ ਆਦਰਸ਼, ਸੰਸਕਾਰ ਅਤੇ ਸਦਾ ਸਾਰਥਕ ਰਹਿਣਗੇ। ਸਮਾਗਮ ਦੌਰਾਨ ਸਿੱਖ ਮਿਸ਼ਨਰੀ ਕਾਲਜ ਦੇ ਕੀਰਤਨੀ ਜਥਿਆਂ ਵਲੋਂ ਗੁਰਬਾਣੀ ਦੀ ਵੈਰਾਗਮਈ ਕੀਰਤਨ ਕੀਤਾ ਗਿਆ। ਸੰਗਤਾਂ ਨੇ ਹਾਜਰੀ ਭਰੀ ਅਤੇ ਸੀਤਲ ਕੌਰ ਦੇ ਜੀਵਨ ਤੇ ਉਨ੍ਹਾਂ ਦੀ ਸੇਵਾਵਾਂ ਨੂੰ ਯਾਦ ਕਰਦੇ ਹੋਏ ਅੱਖਾਂ ਨਮ ਹੋ ਗਈਆਂ। ਇਸ ਮੌਕੇ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਦੇ ਸਪੁੱਤਰ ਰਾਣਾ ਵਿਸ਼ਵ ਪਾਲ ਸਿੰਘ, ਸਿੱਖ ਮਿਸ਼ਨਰੀ ਕਲਜ ਦੇ ਪ੍ਰਿੰਸੀਪਲ ਭਾਈ ਚਰਨਜੀਤ ਸਿੰਘ ਯੰਗ ਡਾਕਟਰ ਸੋਸਾਇਟੀ ਦੇ ਡਾਕਟਰ ਰਣਵੀਰ ਸਿੰਘ, ਚੇਅਰਮੈਨ ਕਮਿੱਕਰ ਸਿੰਘ ਢਾਡੀ ਐਡਵੋਕੇਟ ਲਖਬੀਰ ਸਿੰਘ ਆਦਿ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਡਾ. ਕਹਿਲ, ਜੋ ਕਿ ਸਮਾਜ ਸੇਵਕ ਹਨ, ਨੇ ਆਪਣੇ ਪਰਿਵਾਰ ਵੱਲੋਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਜੋ ਸਮਾਗਮ ਵਿੱਚ ਹਾਜਰ ਹੋਏ ਅਤੇ ਦੁਖ ਦੀ ਇਸ ਘੜੀ ਵਿੱਚ ਉਨ੍ਹਾਂ ਦੇ ਨਾਲ ਖੜੇ ਰਹੇ। ਇਸ ਮੌਕੇ ਭਾਜਪਾ ਆਗੂ ਸਤਬੀਰ ਰਾਣਾ, ਜਗਵੀਰ ਸਿੰਘ ਸਹੂੰਗੜਾ, ਐਡਵੋਕੇਟ ਕੁਲਦੀਪ ਚੰਦ, ਰਣਧੀਰ ਸ਼ਰਮਾ ਵਿਧਾਇਕ ਨੈਣਾ ਦੇਵੀ, ਅਮਰਜੀਤ ਸਿੰਘ ਸੰਦੋਆ ਸਾਬਕਾ ਵਿਧਾਇਕ, ਕੁਲਦੀਪ ਸਿੰਘ ਬੰਗਾ ,ਪ੍ਰੇਮ ਸਿੰਘ ਸਿੱਧੂ, ਨਿਰਮਲ ਸਿੰਘ ਸੁਮਨ, ਭੁਪਿੰਦਰ ਕੌਰ, ਰਮੇਸ਼ ਦਸਗੁਰਾਈ, ਪ੍ਰਿਤਪਾਲ ਸਿੰਘ ਗੰਡਾ ,ਡਾਕਟਰ ਟੀਬੀ ਸਿੰਘ, ਡਾਕਟਰ ਕੰਗ, ਭੁਪਿੰਦਰ ਸਿੰਘ ਚਾਨਾ, ਲੈਕਚਰਾਰ ਦਇਆ ਸਿੰਘ , ਸੁਰਜੀਤ ਸਿੰਘ ਢੇਰ, ਸਮੇਤ ਪਿੰਡਾਂ ਤੇ ਸ਼ਹਿਰਾਂ ਦੇ ਬਹੁਤ ਸਾਰੇ ਨਿਵਾਸੀਆਂ, ਰਿਸ਼ਤੇਦਾਰਾਂ, ਮਿਤਰਾਂ ਅਤੇ ਇਲਾਕੇ ਦੀਆਂ ਪ੍ਰਮੁੱਖ ਹਸਤੀਆਂ ਨੇ ਹਾਜਰੀ ਭਰੀ।

# ਟਰੈਕਟਰ ਮਾਰਚ ਭਲਕੇ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਐੱਸ ਕੇ ਐੱਮ ਦੇ ਸੱਦੇ ਤੇ 30 ਜੁਲਾਈ ਨੂੰ ਸਮੁੱਚੇ ਪੰਜਾਬ ਵਿੱਚ ਲੈਂਡ ਪੂਲਿੰਗ ਸਕੀਮ ਦਾ ਵਿਰੋਧ ਕਰਨ ਲਈ ਟਰੈਕਟਰ ਮਾਰਚ ਕੀਤਾ ਜਾਵੇਗਾ। ਇਹ ਜਾਣਕਾਰੀ ਅੱਜ ਇੱਥੇ ਕਰਨ ਸਿੰਘ ਰਾਣਾ ਸੂਬਾਈ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਿੱਤੀ। ਰਾਣਾ ਨੇ ਕਿਹਾ ਕਿ ਟਰੈਕਟਰ ਮਾਰਚ ਪੰਜਾਬ ਸਰਕਾਰ ਵਿਰੁੱਧ ਲੈਂਡ ਪੂਲਿੰਗ ਸਕੀਮ ਨੂੰ ਵਾਪਸ ਲੈਣ ਲਈ ਇੱਕ ਵਾਰਨਿੰਗ ਦਾ ਕੰਮ ਕਰੇਗਾ। ਇਹ ਟਰੈਕਟਰ ਮਾਰਚ ਮਾਨ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਕਰੇਗਾ। ਉਹਨਾਂ ਦੱਸਿਆ ਕਿ ਜਿਲਾ ਸ਼ਹੀਦ ਭਗਤ ਸਿੰਘ ਨਗਰ ਅੰਦਰ 30 ਜੁਲਾਈ ਨੂੰ ਨਵਾਂਸ਼ਹਿਰ ਪਿੰਡ ਮਹਾਲੋਂ ਤੋਂ ਟਰੈਕਟਰ ਮਾਰਚ ਸ਼ੁਰੂ ਕੀਤਾ ਜਾਵੇਗਾ ਜੋ 12 ਵਜੇ ਡਿਪਟੀ ਕਮਿਸ਼ਨਰ ਦਫਤਰ ਪੁੱਜੇਗਾ। ਇਸ ਮੌਕੇ ਸ੍ਰ. ਹਰਪਾਲ ਸਿੰਘ ਮੱਕੋਵਾਲ ਆਗੂ ਬੀ ਕੇ ਯੂ ਲੱਖੋਵਾਲ, ਕਰਨੈਲ ਸਿੰਘ ਭੱਲਾ, ਮੋਹਨ ਲਾਲ ਕੈਂਥ ਅਤੇ ਦੇਵਰਾਜ ਫੌਜੀ ਆਦਿ ਆਗੂ ਹਾਜ਼ਰ ਸਨ।

# ਧਾਰਮਿਕ, ਇਤਿਹਾਸਕ ਸਥਾਨਾਂ ਤੇ ਕਮਿਊਨਿਟੀ ਸੈਂਟਰ 'ਚ ਚਲਾਈ ਡੇਂਗੂ ਜਾਗਰੂਕਤਾ ਮੁਹਿੰਮ : ਡਾ. ਪ੍ਰੇਮ ਕੁਮਾਰ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮੁਢਲਾ ਸਿਹਤ ਕੇਂਦਰ ਢਿੱਲਵਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਢਿੱਲਵਾਂ ਅਧੀਨ ਸਿਹਤ ਵਿਭਾਗ ਦੀ ਟੀਮ ਵੱਲੋਂ ਵੱਖ-ਵੱਖ ਧਾਰਮਿਕ ਅਸਥਾਨਾਂ, ਇਤਿਹਾਸਕ ਸਥਾਨਾਂ ਅਤੇ ਕਮਿਊਨਿਟੀ ਸੈਂਟਰਾਂ ਵਿੱਚ ਡੇਂਗੂ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਸੰਬੰਧੀ ਐਸ.ਐਮ.ਓ ਡਾ. ਪ੍ਰੇਮ ਕੁਮਾਰ ਨੇ ਦੱਸਦਿਆਂ ਕਿਹਾ ਕਿ ਟੀਮ ਵਿੱਚ ਬਲਾਕ ਢਿੱਲਵਾਂ ਦੇ ਸਮੂਹ ਸਿਹਤ ਸੁਪਰਵਾਈਜ਼ਰ, ਸਮੂਹ ਐਮ.ਪੀ.ਐਚ.ਡਬਲਿਓ ਅਤੇ ਏ.ਐਨ.ਐਮਜ਼, ਆਸ਼ਾ ਵਰਕਰ ਅਤੇ ਬਰੀਡਰ ਚੈਕਰ ਵੀ ਹਾਜ਼ਰ ਸਨ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ, ਮੋਨਿਕਾ ਬੀ.ਈ.ਈ, ਐਸ.ਆਈ ਸਰਬਜੀਤ ਸਿੰਘ, ਬਰੀਡਰ ਚੈਕਰ ਸੁਖਜਿੰਦਰ ਸਿੰਘ ਅਤੇ ਹਰਜਿੰਦਰ ਕੁਮਾਰ ਵੱਲੋਂ ਢਿੱਲਵਾਂ ਦੇ ਮੰਦਰ ਅਤੇ ਸ੍ਰੀ ਗੁਰਦੁਆਰਾ ਸਾਹਿਬ ਦਾ ਦੌਰਾ ਕੀਤਾ ਗਿਆ। ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਉੱਥੇ ਮੌਜੂਦ ਵਿਅਕਤੀਆਂ ਨੂੰ ਡੇਂਗੂ ਸਬੰਧੀ ਜਾਗਰੂਕ ਕੀਤਾ ਗਿਆ। ਐਸ.ਐਮ.ਓ ਡਾ. ਪ੍ਰੇਮ ਕੁਮਾਰ ਨੇ ਕਿਹਾ ਕਿ ਸਾਫ-ਸਫਾਈ ਦੇ ਨਾਲ-ਨਾਲ ਅਤੇ ਸਾਰਿਆਂ ਦੇ ਸਹਿਯੋਗ ਨਾਲ ਹੀ ਡੇਂਗੂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸੈਲਫ ਮੈਡੀਕੇਸ਼ਨ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖ਼ਾਰ ਦੇ ਲੱਛਣ ਦਿਸਣ 'ਤੇ ਤੁਰੰਤ ਸਰਕਾਰੀ ਹਸਪਤਾਲ ਵਿੱਚ ਜਾ ਕਿ ਡਾਕਟਰੀ ਜਾਂਚ ਕਰਵਾਉਣੀ ਚਾਹੀਦੀ ਹੈ। ਡਾ. ਪ੍ਰੇਮ ਕੁਮਾਰ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਸਿਹਤ ਸੁਪਰਵਾਈਜ਼ਰ ਜਸਵਿੰਦਰ ਸਿੰਘ, ਈ.ਓ ਦਫ਼ਤਰ ਤੋਂ ਐਸ.ਆਈ ਭੁਪਿੰਦਰ ਸਿੰਘ, ਐਮ.ਪੀ.ਐਚ.ਡਬਲਿਓ ਸਿਮਰਨਜੀਤ ਸਿੰਘ, ਆਸ਼ਾ ਵਰਕਰ ਸੁਮਨ, ਬਰੀਡਰ ਚੈਕਰ ਪਰਮਜੀਤ ਸਿੰਘ ਅਤੇ ਕਰਮਜੀਤ ਸਿੰਘ ਵੱਲੋਂ ਨਡਾਲਾ ਦੇ ਕਮਿਊਨਿਸਟੀ ਸੈਂਟਰਾਂ ਵਿੱਚ ਡੇਂਗੂ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਦੌਰਾਨ ਸਿਹਤ ਸੁਪਰਵਾਈਜ਼ਰ ਜਸਵਿੰਦਰ ਸਿੰਘ ਵੱਲੋਂ ਡੇਂਗੂ ਦੇ ਲੱਛਣ ਅਤੇ ਡੇਂਗੂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਇਸ ਸੰਬੰਧੀ ਦੱਸਿਆ।ਸਿਹਤ ਸੁਪਰਵਾਈਜ਼ਰ ਪ੍ਰਗਟ ਸਿੰਘ ਸੁਭਾਨਪੁਰ ਨੇ ਕਿਹਾ ਕਿ ਡੇਂਗੂ ਰੋਕਥਾਮ 'ਚ ਸਵੱਛਤਾ ਭਾਵ ਘਰਾਂ ਦੇ ਅੰਦਰ ਅਤੇ ਆਲੇ -ਦੁਆਲੇ ਦੀ ਸਾਫ-ਸਫਾਈ ਦਾ ਵੀ ਅਹਿਮ ਰੋਲ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀ ਟੀਮਾਂ ਵੱਲੋਂ ਲੋਕਾਂ ਨੂੰ ਘਰ-ਘਰ ਜਾ ਕੇ ਵੀ ਡੇਂਗੂ ਬੁਖ਼ਾਰ ਦੇ ਲੱਛਣਾਂ, ਡੇਂਗੂ ਸਬੰਧੀ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ, ਖਾਲੀ ਡਰੰਮਾਂ, ਭਾਂਡਿਆਂ ਜਾਂ ਹੋਰ ਕਿਸੇ ਵੀ ਚੀਜ਼ ਵਿੱਚ ਅਤੇ ਛੱਤਾਂ 'ਤੇ ਵਾਧੂ ਪਾਣੀ ਖੜ੍ਹਾ ਨਾ ਹੋਣ ਦੇਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਡੇਂਗੂ ਰੋਕਥਾਮ ਟੀਮ ਵਿੱਚ ਐਮ.ਪੀ.ਐਚ.ਡਬਲਿਓ ਸੁਖਦੇਵ ਸਿੰਘ, ਸਤਨਾਮ ਸਿੰਘ, ਯਾਦਵਿੰਦਰ ਸਿੰਘ, ਦਲਜੀਤ ਸਿੰਘ, ਪਰਮਜੀਤ ਸਿੰਘ, ਬਲਕਾਰ ਸਿੰਘ, ਬਲਜਿੰਦਰ ਸਿੰਘ, ਗੁਰਿੰਦਰਬੀਰ ਸਿੰਘ, ਪ੍ਰਭਜੋਤ ਸਿੰਘ, ਨਰਿੰਦਰ ਸਿੰਘ ਆਦਿ ਹਾਜ਼ਰ ਸਨ।




# ਮਾਤਾ ਚਿੰਤਪੁਰਨੀ ਮੇਲਾ ਵਾਤਾਵਰਣ ਸੁਰੱਖਿਆ ਦੀ ਇੱਕ ਮਿਸਾਲ ਬਣਿਆ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਜ਼ਿਲ੍ਹਾ ਪ੍ਰਸ਼ਾਸਨ ਅਤੇ ਰੈੱਡ ਕਰਾਸ ਸੋਸਾਇਟੀ ਹੁਸ਼ਿਆਰਪੁਰ ਵਲੋਂ 'ਚੜ੍ਹਦਾ ਸੂਰਜ' ਮੁਹਿੰਮ ਤਹਿਤ ਮਾਤਾ ਚਿੰਤਪੁਰਨੀ ਮੇਲੇ ਨੂੰ ਸਾਫ਼, ਸੁਰੱਖਿਅਤ, ਸਿਹਤ ਪ੍ਰਤੀ ਸੰਵੇਦਨਸ਼ੀਲ ਅਤੇ ਵਾਤਾਵਰਣ ਅਨੁਕੂਲ ਬਣਾਉਣ ਲਈ ਕਈ ਪ੍ਰਭਾਵਸ਼ਾਲੀ ਕਦਮ ਉਠਾਏ ਗਏ ਹਨ। ਇਸ ਸਾਲ ਮੇਲੇ ਵਿੱਚ ਲਗਾਏ ਜਾ ਰਹੇ ਸਾਰੇ ਲੰਗਰਾਂ ਨੂੰ 100 ਪ੍ਰਤੀਸ਼ਤ ਪਲਾਸਟਿਕ ਮੁਕਤ ਕਰਨ ਦਾ ਯਤਨ ਕੀਤਾ ਗਿਆ ਹੈ। ਕਿਸੇ ਵੀ ਲੰਗਰ ਵਿੱਚ ਪਲਾਸਟਿਕ ਦੀਆਂ ਪਲੇਟਾਂ, ਗਲਾਸ, ਚਮਚੇ ਜਾਂ ਬੋਤਲਾਂ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਹੈ। ਇਸ ਦੀ ਬਜਾਏ ਸਟੀਲ ਦੇ ਭਾਂਡੇ ਅਤੇ ਰਵਾਇਤੀ ਡੂਨਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਲੰਗਰ ਪ੍ਰਬੰਧਕਾਂ ਨੂੰ ਪਹਿਲਾਂ ਹੀ ਸਿੰਗਲ-ਯੂਜ਼ ਪਲਾਸਟਿਕ ਤੋਂ ਪ੍ਰਹੇਜ ਕਰਨ ਲਈ ਸਪੱਸ਼ਟ ਨਿਰਦੇਸ਼ ਦਿੱਤੇ ਗਏ ਸਨ। ਲੰਗਰਾਂ ਦੀ ਸਫਾਈ ਬਣਾਈ ਰੱਖਣ ਲਈ ਐਨ.ਜੀ.ਓਜ਼ ਦੇ ਵਲੰਟੀਅਰ ਲਗਾਤਾਰ ਤਾਇਨਾਤ ਹਨ। ਉਹ ਭਾਂਡਿਆਂ ਦੀ ਸਫਾਈ ਕਰ ਰਹੇ ਹਨ, ਰਹਿੰਦ-ਖੂੰਹਦ ਦਾ ਪ੍ਰਬੰਧਨ ਕਰ ਰਹੇ ਹਨ ਅਤੇ ਸ਼ਰਧਾਲੂਆਂ ਨੂੰ ਸਫਾਈ ਪ੍ਰਤੀ ਜਾਗਰੂਕ ਕਰ ਰਹੇ ਹਨ। ਸਿਵਲ ਡਿਫੈਂਸ ਦੇ ਵਲੰਟੀਅਰ ਟ੍ਰੈਫਿਕ ਕੰਟਰੋਲ, ਭੀੜ ਪ੍ਰਬੰਧਨ ਅਤੇ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਵਿੱਚ ਪੁਲਿਸ ਅਤੇ ਪ੍ਰਸ਼ਾਸਨ ਨੂੰ ਮਹੱਤਵਪੂਰਨ ਸਹਿਯੋਗ ਕਰ ਰਹੇ ਹਨ। ਉਨ੍ਹਾਂ ਦਾ ਯੋਗਦਾਨ ਮੇਲੇ ਨੂੰ ਸੁਰੱਖਿਅਤ ਅਤੇ ਸੰਗਠਿਤ ਰੱਖਣ ਵਿੱਚ ਬਹੁਤ ਮਦਦਗਾਰ ਸਾਬਤ ਹੋ ਰਿਹਾ ਹੈ। ਸ਼ਰਧਾਲੂਆਂ ਦੀ ਸਹੂਲਤ ਲਈ ਮੇਲੇ ਵਿੱਚ ਅਸਥਾਈ ਪਖਾਨਿਆਂ ਦੇ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਇਲਾਵਾ ਔਰਤਾਂ ਲਈ ਵਿਸ਼ੇਸ਼ 'ਪਿੰਕ ਪਖਾਨੇ' ਵੀ ਲਗਾਏ ਗਏ ਹਨ, ਜਿਨ੍ਹਾਂ ਵਿੱਚ ਸਫਾਈ ਅਤੇ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਗਿਆ ਹੈ।




# ਦੁਕਾਨਦਾਰ ਦਾ ਮੋਟਰਸਾਈਕਲ ਚੋਰੀ

**ਕਾਲਾ ਸੰਘਿਆਂ (ਮਨਜੀਤ ਮਾਨ)**-ਚੋਰ ਕਾਲਾ ਸੰਘਿਆਂ ਦੇ ਮੇਨ ਬਜ਼ਾਰ ਵਿੱਚੋਂ ਦੁਕਾਨਦਾਰ ਦਾ ਮੋਟਰਸਾਈਕਲ ਚੋਰੀ ਕਰਕੇ ਮੌਕੇ ਤੋਂ ਰਫੂਚੱਕਰ ਹੋ ਗਏ। ਪੱਤਰਕਾਰਾਂ ਨੂੰ ਚੋਰੀ ਦੀ ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਦੁਕਾਨਦਾਰ ਕ੍ਰਿਸ਼ਨ ਚੰਦ ਪੁੱਤਰ ਰਾਮ ਚੰਦ ਵਾਸੀ ਜਲੰਧਰ ਨੇ ਦੱਸਿਆ ਕਿ ਉਸ ਦੀ ਗੈਸ ਚੁੱਲ੍ਹੇ ਤੇ ਸਲਾਈ ਮਸ਼ੀਨਾਂ ਦੀ ਦੁਕਾਨ ਹੈ ਅਤੇ ਸਵੇਰੇ ਦੁਕਾਨ ਖੋਲ੍ਹ ਕੇ ਸਫ਼ਾਈ ਕਰਨ ਉਪਰੰਤ ਦੁਕਾਨ ਦੇ ਬਿਲਕੁਲ ਨਜ਼ਦੀਕ ਸਥਿਤ ਮੰਦਰ ਤੋਂ ਪੀਣ ਲਈ ਪਾਣੀ ਭਰਨ ਗਿਆ ਅਤੇ ਜਦੋਂ ਉਹ ਪਾਣੀ ਭਰ ਕੇ ਵਾਪਸ ਆਇਆ ਤਾਂ ਉਸ ਨੇ ਵੇਖਿਆ ਕਿ ਉਸ ਦਾ ਪੈਸ਼ਨ ਪਰੋ ਮੋਟਰਸਾਈਕਲ ਨੰਬਰ ਪੀ ਬੀ 08 ਸੀ ਜੀ 5939 ਉਥੋਂ ਗ਼ਾਇਬ ਸੀ।ਉਸ ਨੇ ਇਧਰ ਉਧਰ ਵੇਖਿਆ ਪਰ ਉਸ ਨੂੰ ਕਿਤੇ ਵੀ ਮੋਟਰਸਾਈਕਲ ਨਹੀਂ ਮਿਲਿਆ। ਮੋਟਰਸਾਈਕਲ ਵਿੱਚ ਹੀ ਉਸ ਦਾ ਲਾਈਸੈਂਸ ਅਤੇ ਮੋਟਰਸਾਈਕਲ ਦੀ ਆਰ ਸੀ ਮੌਜੂਦ ਸੀ। ਚੋਰੀ ਦੀ ਘਟਨਾ ਦੀ ਜਾਣਕਾਰੀ ਸਥਾਨਕ ਪੁਲਸ ਚੌਕੀ ਵਿਖੇ ਦੇ ਦਿੱਤੀ ਗਈ ਹੈ।

# ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਕੈਂਪ ਲਗਾਇਆ

**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀਆ ਜਨਤਾ ਪਾਰਟੀ ਜ਼ਿਲ੍ਹਾ ਐਸ.ਬੀ.ਐਸ. ਨਗਰ ਵੱਲੋਂ ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਹਲਕਾ ਬਲਾਚੌਰ ਦੇ ਪਿੰਡ ਬਾਗੋਵਾਲ ਵਿਖੇ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਵਿਸ਼ੇਸ਼ ਸਹਾਇਤਾ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਪਿੰਡ ਦੇ ਚੌਧਰੀ ਰਾਜ ਕੁਮਾਰ ਅਤੇ ਨਰੇਸ਼ ਕੁਮਾਰ ਬਾਗੋਵਾਲ ਨੇ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਕੇਂਦਰੀ ਸਕੀਮਾਂ ਦੇ ਇਹ 22 ਵਾਂ ਕੈਂਪ ਲਗਾ ਕੇ ਭਾਜਪਾ ਲੋਕਾਂ ਨੂੰ ਸਹੂਲਤਾਂ ਦੇ ਰਹੀ ਹੈ। ਕੈਂਪ ਦੌਰਾਨ ਵੱਡੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਆਯੁਸ਼ਮਾਨ ਕਾਰਡ ਬਣਾਏ ਗਏ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ -ਤਹਿਤ ਕਿਸਾਨਾਂ ਨੇ ਆਪਣੀ KYC ਕਰਵਾਈ। ਮਹਿਲਾਵਾਂ ਲਈ ਟੂਲ ਕਿੱਟ ਯੋਜਨਾ - ਤਹਿਤ ਮਹਿਲਾਵਾਂ ਨੇ ਟੂਲ ਕਿੱਟ ਲਈ ਫਾਰਮ ਭਰਵਾਏ।ਈ-ਸ਼੍ਰਮ ਕਾਰਡ-ਕਈ ਅਣਸੰਗਠਿਤ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਵੀ ਆਪਣੇ ਈ-ਸ਼੍ਰਮ ਕਾਰਡ ਬਣਵਾਏ।



# ਬੈਂਸ ਨੇ ਪ੍ਰੈੱਸ, ਪੁਲਸ ਤੇ ਪ੍ਰਸ਼ਾਸਨ ਵੱਲੋਂ ਕਰਵਾਏ ਯੁੱਧ ਨਸ਼ਿਆਂ ਵਿਰੁੱਧ ਸੈਮੀਨਾਰ 'ਚ ਕੀਤੀ ਸ਼ਮੂਲੀਅਤ

**ਨੰਗਲ (ਹਰਭਜਨ ਢਿੱਲੋਂ)**-ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 1 ਅਗਸਤ ਤੋਂ ਨਸ਼ਿਆਂ ਵਿਰੁੱਧ ਵਿਸ਼ੇ ਦੀ ਪੜ੍ਹਾਈ ਸ਼ੁਰੂ ਹੋਵੇਗੀ। ਪੰਜਾਬ ਸਰਕਾਰ ਦੇ ਵਿਸ਼ੇਸ਼ ਨਸ਼ਾ ਮੁਕਤ ਸਮਾਜ ਸਿਰਜਣ ਦੇ ਪ੍ਰੋਗਰਾਮ ਯੁੱਧ ਨਸ਼ਿਆਂ ਵਿਰੁੱਧ ਨੂੰ ਇਸ ਨਾਲ ਜ਼ਮੀਨੀ ਪੱਧਰ 'ਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਪ੍ਰੈੱਸ, ਪੁਲਸ ਅਤੇ ਪ੍ਰਸ਼ਾਸ਼ਨ ਨੇ ਨੰਗਲ ਅਤੇ ਇਸ ਦੇ ਆਲੇ-ਦੁਆਲੇ ਦੇ ਪਤਵੰਤੇ ਲੋਕਾਂ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਪ੍ਰੋਗਰਾਮ ਦੀ ਚਹੁੰ ਪਾਸਿਓਂ ਸ਼ਲਾਘਾ ਹੋ ਰਹੀ ਹੈ, ਸਰਕਾਰ ਵੱਲੋਂ ਇਹ ਮਿਸ਼ਨ ਨਿਰੰਤਰ ਜਾਰੀ ਰਹੇਗਾ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਸਕੂਲ ਆਫ ਐਮੀਨੈਂਸ ਨੰਗਲ ਵਿੱਚ ਇਲੈਕਟ੍ਰਾਨਿਕ ਮੀਡੀਆ ਪ੍ਰੈਸ ਕਲੱਬ ਵੱਲੋਂ ਆਯੋਜਿਤ ਯੁੱਧ ਨਸ਼ਿਆਂ ਵਿਰੁੱਧ ਸੈਮੀਨਾਰ ਮੌਕੇ ਜੁੜੇ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਨੂੰ ਪੱਤਰਕਾਰ ਭਾਈਚਾਰੇ ਨੇ ਆਪਣਾ ਪੂਰਾ ਸਹਿਯੋਗ ਦਿੱਤਾ ਹੈ। ਪ੍ਰੈੱਸ ਇੱਕ ਅਜਿਹਾ ਮਾਧਿਅਮ ਹੈ ਜਿਸ ਨਾਲ ਅਸੀਂ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਸਰਲ ਢੰਗ ਨਾਲ ਲੋਕਾਂ ਤੱਕ ਪੰਹੁਚਾ ਰਹੇ ਹਾਂ।ਸਿੱਖਿਆ ਮੰਤਰੀ ਨੇ ਨੰਗਲ ਵਿੱਚ 500 ਸੀਟਾਂ ਵਾਲਾ ਆਡੀਟੋਰੀਅਮ ਦੇਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਨੰਗਲ ਦੇ ਸਰਕਾਰੀ ਸਕੂਲ ਵਿਚ ਪਹਿਲਾਂ ਹੀ ਹਰ ਮੌਸਮ ਅਨੁਕੂਲ ਸਵੀਵਿੰਗ ਪੁਲ ਬਣਾਇਆ ਜਾ ਰਿਹਾ ਹੈ। ਹੁਣ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਨਸ਼ੇ ਵਿਰੁੱਧ ਵਿਸ਼ੇ ਦੀ ਪੜ੍ਹਾਈ ਕਰਵਾਈ ਜਾਵੇਗੀ। ਜਿਸ ਨਾਲ ਹਰ ਘਰ ਤੱਕ ਨਸ਼ਾ ਖਤਮ ਕਰਨ ਦੀ ਅਵਾਜ ਪੰਹੁਚੇਗੀ। ਉਨ੍ਹਾਂ ਕਿਹਾ ਕਿ ਅੱਜ ਦੇ ਇਸ ਸਮਾਰੋਹ ਵਿੱਚ ਡਰਾਇੰਗ ਮੁਕਾਬਲੇ ਤੇ ਸੱਭਿਆਚਾਰਕ ਪੇਸ਼ਕਾਰੀਆਂ ਬਹੁਤ ਹੀ ਸ਼ਾਨਦਾਰ ਰਹੀਆਂ ਹਨ। ਉਨ੍ਹਾਂ ਨੇ ਇਲਾਕੇ ਦੇ ਸਮਾਜ ਸੇਵਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਮਾਗਮ ਮੌਕੇ ਨਸ਼ਿਆਂ ਵਿਰੁੱਧ ਅਵਾਜ਼ ਬੁਲੰਦ ਕਰਨ ਅਤੇ ਸਮਾਜ ਨੂੰ ਸੇਧ ਦੇਣ ਵਾਲੇ ਲੋਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੈਬਨਿਟ ਮੰਤਰੀ ਨੇ ਸਮਾਰੋਹ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਤੇ ਉਨਾਂ ਦੇ ਵਡਮੁੱਲੇ ਯੋਗਦਾਨ ਲਈ ਧੰਨਵਾਦ ਕੀਤਾ।ਇਸ ਮੌਕੇ ਡੀ.ਆਈ.ਜੀ ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ ਅਤੇ ਐਸ.ਐਸ.ਪੀ ਗੁਲਨੀਤ ਖੁਰਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚੋਂ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਸ਼ਿੱਦਤ ਨਾਲ ਕੰਮ ਕਰ ਰਹੀ ਹੈ। ਨਸ਼ਾ ਤਸਕਰ ਜੇਲ੍ਹਾਂ ਵਿੱਚ ਡੱਕੇ ਜਾ ਰਹੇ ਹਨ। ਨਸ਼ੇ ਦੀ ਸਪਲਾਈ ਲਾਈਨ ਤੋੜੀ ਜਾ ਰਹੀ ਹੈ। ਨਸ਼ਾ ਤਸਕਰਾਂ ਦੀ ਕਾਲੀ ਕਮਾਈ ਨਾਲ ਬਣੇ ਉਸਾਰੇ ਮਹਿਲ ਢਾਹੇ ਜਾ ਰਹੇ ਹਨ ਅਤੇ ਰੋਗੀਆਂ ਨੂੰ ਨਸ਼ਾ ਮੁਕਤੀ ਕੇਂਦਰ ਵਿੱਚ ਇਲਾਜ ਲਈ ਦਾਖਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮਿਸ਼ਨ ਆਮ ਲੋਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ ਇਸ ਲਈ ਤਸਕਰਾਂ ਦੀ ਜਾਣਕਾਰੀ ਬੇਖੌਫ ਹੋ ਕੇ ਪੁਲਸ ਨੂੰ ਦਿੱਤੀ ਜਾਵੇ। ਇਸ ਮੌਕੇ ਸਕੂਲ ਵਿਦਿਆਰਥੀਆਂ ਵੱਲੋਂ ਨਸ਼ਾ ਮੁਕਤ ਸਮਾਜ ਸਿਰਜਣ ਲਈ ਸੁੰਹ ਚੁਕਾਈ ਗਈ। ਇਸ ਸਮਾਰੋਹ ਦੀ ਸਫਲਤਾ ਲਈ ਇਲੈਕਟ੍ਰੋਨਿਕ ਮੀਡੀਆ ਮੈਂਬਰਾਂ ਨੂੰ ਸਮੂਹ ਇਲਾਕਾ ਵਾਸੀਆਂ, ਪ੍ਰਿੰਟ ਮੀਡੀਆ ਮੈਂਬਰਾਂ ਤੇ ਸੰਗਠਨਾਂ ਦੇ ਮੁਖੀਆਂ ਵੱਲੋਂ ਵਧਾਈ ਦਿੱਤੀ ਗਈ ।

ਇਸ ਮੌਕੇ ਐਸ.ਪੀ ਅਰਵਿੰਦ ਮੀਨਾ, ਡੀ.ਐਸ.ਪੀ ਕੁਲਬੀਰ ਸਿੰਘ,ਸੀ.ਪੀ ਸਿੰਘ ਚੇਅਰਮੈਨ ਬੀ.ਬੀ.ਐਮ.ਬੀ, ਡਾ. ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੇਦ ਯੂਨੀਵਰਸਿਟੀ, ਰਾਮ ਕੁਮਾਰ ਮੁਕਾਰੀ ਜ਼ਿਲ੍ਹਾ ਸਕੱਤਰ, ਈ. ਓ ਮਨਵੀਰ ਸਿੰਘ, ਮੀਡੀਆ ਕੁਆਰਡੀਨੇਟਰ ਦੀਪਕ ਸੋਨੀ, ਦਇਆ ਸਿੰਘ ਸਿੱਖਿਆ ਕੁਆਰਡੀਨੇਟਰ, ਪੰਡਿਤ ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਸੋਹਣ ਸਿੰਘ ਬੈਂਸ, ਹਿਤੇਸ਼ ਸ਼ਰਮਾ,ਐਡਵੋਕੇਟ ਨਿਸ਼ਾਂਤ ਗੁਪਤਾ ਕੁਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਪ੍ਰਿੰਸੀਪਲ ਕਿਰਨ ਸ਼ਰਮਾ, ਪ੍ਰਿੰਸੀਪਲ ਰਾਮ ਗੋਪਾਲ, ਪ੍ਰਿੰਸੀਪਲ ਸ਼ਰਨਜੀਤ ਸਿੰਘ, ਸਹਾਇਕ ਡਾਇਰੈਕਟਰ ਪਰਮਜੀਤ ਸਿੰਘ, ਸਮੂਹ ਮੈਂਬਰ ਭਾਰਤੀ ਵਿਕਾਸ ਪ੍ਰੀਸ਼ਦ, ਹੈਪੀ ਜ਼ੈਲਦਾਰ ਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।




# ਲੋਕ ਘੋਲਾਂ ਦੇ ਮਹਾਂਨਾਇਕ... (ਸ.ਫ਼ਾ 4 ਦੀ ਬਾਕੀ)

ਗਿਆ ਅਤੇ ਉਹਨਾ ਦੋਵਾਂ ਨੇ ਇੱਕ ਨਾਈ ਦੀ ਦੁਕਾਨ ਵਿੱਚ ਮੁਲਾਕਾਤ ਕੀਤੀ। ਕਾਮਰੇਡ ਜੋਸ਼ ਵੱਲੋਂ ਸਾਹਿਤਕ ਖੇਤਰ ਵਿੱਚ ਵੀ ਕਈ ਨਿਵੇਕਲੀਆਂ ਪੈੜਾਂ ਪਾਈਆਂ ਗਈਆਂ ।ਉਨਾ ਕਈ ਖੋਜ ਭਰਪੂਰ ਪੁਸਤਕਾਂ ਲਿਖੀਆਂ। ਗੁਰਦੁਆਰਿਆਂ ਦੀ ਅਜ਼ਾਦੀ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਬਾਰੇ, ਅਕਾਲੀ ਮੋਰਚਿਆਂ ਦਾ ਇਤਿਹਾਸ ਪੁਸਤਕ ਇੱਕ ਅਣਮੁੱਲ ਖ਼ਜ਼ਾਨਾ ਹੈ। ਇਸ ਤੋਂ ਇਲਾਵਾ ਉਨ੍ਹਾ ਦੀਆਂ ਹੋਰ ਪੁਸਤਕਾਂ, ਜਿਵੇਂ ਕਾਮਾਗਾਟਾ ਮਾਰੂ ਦਾ ਦੁਖਾਂਤ, ਬਰੀਫ ਹਿਸਟਰੀ ਆਫ ਗਦਰ ਪਾਰਟੀ, (ਇਸ ਕਿਤਾਬ ਦਾ ਪੰਜਾਬੀ ਅਨੁਵਾਦ ਵੀ ਮਿਲਦਾ ਹੈ), ਮਾਈ ਮੀਟਿੰਗਜ਼ ਵਿਦ ਭਗਤ ਸਿੰਘ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ, ਪੰਜਾਬੀ ਬੋਲੀ ਅਤੇ ਭਾਸ਼ਾ ਵਿਗਿਆਨ, ਬੰਗਾਲੀ ਸਾਹਿਤ ਦੀ ਵਰਗੀ, ਸਫ਼ਰਨਾਮਾ ਮੇਰੀ ਰੂਸ ਯਾਤਰਾ, ਰੁੱਤ ਨਵਿਆਂ ਦੀ ਆਈ, ਸੱਠ ਸਾਲਾ ਗੱਭਰੂ, ਅਦੁੱਤੀ ਇਨਕਲਾਬ ਅਦੁੱਤੀ ਸਿਰਜਣਾ, ਮੇਰਠ ਸ਼ਾਜ਼ਿਸ਼ ਕੇਸ, ਬਾਬਾ ਸੋਹਨ ਸਿੰਘ ਭਕਨਾ, ਭਾਈ ਸੰਤੋਖ ਸਿੰਘ ਆਦਿ ਤੋਂ ਇਲਾਵਾ ਸਵੈ-ਜੀਵਨੀ ਮਾਈ ਟਰਿਸਟ ਵਿੱਚ ਸੈਕੁਲਰਿਜ਼ਮ ਪ੍ਰਮੁੱਖ ਹਨ । ਉਹਨਾ ਦੀ ਸਵੈ-ਜੀਵਨੀ 'ਮਾਈ ਟਰਿਸਟ ਵਿਦ ਸੈਕੁਲਰਿਜ਼ਮ' ਦਾ ਪੰਜਾਬੀ ਅਨੁਵਾਦ 'ਇਨਕਲਾਬ ਦੇ ਪੈਂਡੇ ਤੁਰਦਿਆਂ' ਗੁਰਨਾਮ ਕੰਵਰ ਨੇ ਕੀਤਾ ਹੈ । ਉਨ੍ਹਾਂ ਆਪਣਾ ਸਾਰਾ ਜੀਵਨ ਮਜ਼ਦੂਰਾਂ, ਕਿਸਾਨਾਂ ਅਤੇ ਦੱਬੇ-ਕੁਚਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲੇਖੇ ਲਾਇਆ । ਜ਼ਿੰਦਗੀ ਦੇ ਆਖਰੀ ਸਮੇ ਉਹ ਦਿੱਲੀ ਤੋਂ ਆਪਣੇ ਪਿੰਡ ਚੇਤਨਪੁਰੇ ਆ ਰਹੇ ਸਨ ਕਿ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਡਿੱਗਣ ਕਾਰਨ ਉਹਨਾ ਦਾ ਚੂਲਾ ਟੁੱਟ ਗਿਆ, ਜੋ ਜਾਨਲੇਵਾ ਸਾਬਤ ਹੋਇਆ। 29 ਜੁਲਾਈ 1982 ਨੂੰ 84 ਸਾਲ ਦੀ ਉਮਰ ਵਿੱਚ ਉਹ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ। ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਉਨ੍ਹਾ ਦੀ ਯਾਦ ਵਿੱਚ ਹਰੇਕ ਸਾਲ ਰਾਜਨੀਤਕ ਕਾਨਫਰੰਸ ਉਹਨਾਂ ਦੇ ਪੋਤਰਿਆਂ ਡਾ: ਪਰਮਜੀਤ ਸਿੰਘ ਜੋਸ਼, ਸੁਖਵੰਤ ਸਿੰਘ ਚੇਤਨਪੁਰਾ ਅਤੇ ਕਾਮਰੇਡ ਟਹਿਲ ਸਿੰਘ ਚੇਤਨਪੁਰਾ ਦੇ ਸਹਿਯੋਗ ਨਾਲ ਕਰਵਾਈ ਜਾਂਦੀ ਹੈ। ਕਾਮਰੇਡ ਜੋਸ਼ ਨੇ ਦ੍ਰਿੜ ਇਰਾਦੇ, ਇਮਾਨਦਾਰੀ ਅਤੇ ਪੂਰੀ ਲਗਨ ਨਾਲ ਮਜ਼ਦੂਰਾਂ ਅਤੇ ਕਿਰਤੀ ਕਾਮਿਆਂ ਦੇ ਹੱਕਾਂ ਲਈ ਡਟਕੇ ਪਹਿਰਾ ਦਿੱਤਾ । ਭਾਰਤ ਦੀ ਅਜ਼ਾਦੀ ਲਈ ਪਾਏ ਯੋਗਦਾਨ ਕਰਕੇ ਅੱਜ ਵੀ ਉਹਨਾ ਦਾ ਨਾਂਅ ਧਰੂ ਤਾਰੇ ਵਾਂਗੂੰ ਚਮਕ ਰਿਹਾ ਹੈ । ਲੋੜ ਹੈ ਉਹਨਾ ਵੱਲੋਂ ਲਏ ਗਏ ਸੁਪਨੇ ਦੇ ਸਮਾਜ ਸਿਰਜਣ ਦੀ, ਤਾਂ ਜੋ ਆਉਣ ਵਾਲੀਆਂ ਨਸਲਾਂ ਦੇ ਰੋਸ਼ਨ ਭਵਿੱਖ ਲਈ ਰਾਹ-ਪੱਧਰਾ ਹੋ ਸਕੇ। **ਸੰਪਰਕ : 98145-37209**

29-JULY-PAGE-10.qxd 7/28/2025 10:40 PM Page 1



## ਬਲਤੇਜ ਬਰਾੜ ਨੇ ਸ਼ੇਰ ਸਿੰਘ ਘੁਬਾਇਆ ਤੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਨਾਲ ਮੁਲਾਕਾਤ ਕੀਤੀ



**ਜਲਾਲਾਬਾਦ (ਜੀਤ ਕੁਮਾਰ)**-ਸੀਨੀਅਰ ਕਾਂਗਰਸੀ ਆਗੂ ਬਲਤੇਜ ਸਿੰਘ ਬਰਾੜ ਨੇ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਤੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਨਾਲ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਵਿਕਾਸ ਮੁੱਦੇ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਵਿਸ਼ੇਸ਼ ਮੁਲਾਕਾਤ ਕੀਤੀ। ਕਾਂਗਰਸੀ ਆਗੂ ਬਲਤੇਜ ਸਿੰਘ ਬਰਾੜ ਨੇ ਦੱਸਿਆ ਕਿ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਤੇ ਦਵਿੰਦਰ ਘੁਬਾਇਆ ਨਾਲ ਜਲਾਲਾਬਾਦ ਨੂੰ ਸਰਬਪੱਖੀ ਵਿਕਾਸ ਰਾਹੀਂ ਵਿਸ਼ੇਸ਼ ਪਛਾਣ ਦੇਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਉਨ੍ਹਾਂ ਨੂੰ ਜਲਾਲਾਬਾਦ ਦੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਾਇਆ ਗਿਆ। ਬਰਾੜ ਨੇ ਕਿਹਾ ਕਿ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਤੇ ਦਵਿੰਦਰ ਘੁਬਾਇਆ ਨੇ ਉਨ੍ਹਾਂ ਵੱਲੋਂ ਦੱਸੀਆਂ ਗਈਆਂ ਸਾਰੀਆਂ ਗੱਲਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਹੈ ਤੇ ਭਰੋਸਾ ਦਿੱਤਾ ਹੈ ਕਿ ਜਲਾਲਾਬਾਦ ਵਿਕਾਸ ਦੇ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਰਹੇਗਾ ਤੇ ਜਲਾਲਾਬਾਦ ਦੇ ਲੋਕਾਂ ਦੀਆਂ ਜੋ ਸਮੱਸਿਆਵਾਂ ਉਨ੍ਹਾਂ ਨੇ ਉਨ੍ਹਾਂ ਨੂੰ ਦੱਸੀਆਂ ਹਨ, ਉਹ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ।

## ਜਨਮ ਦਿਨ ਮੌਕੇ ਅੱਖਾਂ ਦਾ ਕੈਂਪ ਲਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੰਦਰ ਬੀਬੀ ਪਾਰੋ ਫੂਲ ਟਾਊਨ ਵਿਖੇ ਕਰਨੈਲ ਸਿੰਘ ਮਾਨ ਕੌਂਸਲਰ ਤੇ ਸਮੂਹ ਪਰਿਵਾਰ ਵੱਲੋਂ ਆਪਣੇ ਬੇਟੇ ਹਰਪ੍ਰੀਤ ਸਿੰਘ ਮਾਨ ਦੇ ਜਨਮ ਦਿਨ ਮੌਕੇ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਾਇਆ ਗਿਆ। ਹਸਪਤਾਲ਼ ਦੇ ਸਟਾਫ਼ ਮੈਂਬਰ ਰਾਜਵਿੰਦਰ ਸਿੰਘ ਤੇ ਭੋਲਾ ਸਿੰਘ ਖਾਲਸਾ ਫੂਲ ਨੇ ਦੱਸਿਆ ਕਿ ਕੈਂਪ ਦੌਰਾਨ ਡਾ. ਮੈਡਮ ਤਨੂ ਗਰਗ (ਨੇੜੇ ਜੌੜੇ ਪੁਲ) ਰਾਮਪੁਰਾ ਵਿਖੇ ਜੋ ਨਿਊ ਨੇਤਰ ਅੱਖਾਂ ਦਾ ਹਸਪਤਾਲ਼ ਚਲਾ ਰਹੇ ਹਨ, ਵੱਲੋਂ 170 ਦੇ ਕਰੀਬ ਮਰੀਜਾਂ ਦਾ ਚੈੱਕਅਪ ਕਰਕੇ ਦਵਾਈਆਂ ਮੁਫਤ ਦਿੱਤੀਆਂ ਗਈਆਂ ਤੇ 10 ਮਰੀਜ਼ਾਂ ਦੀ ਫਰੀ ਲੈਂਜ਼ ਪਾਉਣ ਲਈ ਚੋਣ ਕੀਤੀ, ਜਿਨ੍ਹਾਂ ਦੇ ਹਸਪਤਾਲ ਵਿਖੇ ਲੈਂਜ ਪਾਏ ਜਾਣਗੇ।ਕੈਂਪ 'ਚ ਸਹਿਯੋਗ ਕਰਨ ਲਈ ਕਰਨੈਲ ਸਿੰਘ ਮਾਨ ਪਰਵਾਰ ਵੱਲੋਂ ਲੋਕ ਭਲਾਈ ਲਈ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਡਾਕਟਰ ਮੈਡਮ ਤਨੂ ਗਰਗ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਧੰਨਵਾਦ ਕੀਤਾ ਗਿਆ।

## ਭ੍ਰਿਸ਼ਟਾਚਾਰ ਮਾਮਲੇ ਨੂੰ ਠੰਢੇ ਬਸਤੇ 'ਚ ਪਾਉਣ ਦੀ ਕੋਸ਼ਿਸ਼ : ਗੋਸ਼ਾ



**ਲੁਧਿਆਣਾ (ਜਸਦੀਪ ਵੜਤੀਆ)**-ਬਿੱਲੀ ਨੂੰ ਦੁੱਧ ਦੀ ਰਾਖੀ ਦੀ ਜ਼ਿੰਮੇਵਾਰੀ ਦਿੱਤੀ ਗਈ। ਇਹ ਸ਼ਬਦ ਭਾਜਪਾ ਪੰਜਾਬ ਦੇ ਪੈਨਲਿਸਟ ਗੁਰਦੀਪ ਸਿੰਘ ਗੋਸ਼ਾ ਨੇ ਆਪਣੇ ਅੰਦਾਜ਼ 'ਚ ਭਗਵੰਤ ਮਾਨ ਸਰਕਾਰ 'ਤੇ ਵਿਅੰਗ ਕੱਸਦੇ ਹੋਏ ਕਹੇ।ਉਨ੍ਹਾਂ ਕਿਹਾ ਕਿ ਲੁਧਿਆਣਾ ਅਗਰ ਨਗਰ ਡਵੀਜ਼ਨ ਵਿੱਚ 300 ਮੀਟਰ ਦੇ ਘੁਟਾਲੇ ਦਾ ਪਰਦਾਫ਼ਾਸ਼ ਕਰਨ ਵਾਲੀ ਭਾਜਪਾ ਆਰਟੀਆਈ ਸੈੱਲ ਕਨਵੀਨਰ ਕੀਮਤੀ ਰਾਵਲ ਦੀ ਸ਼ਿਕਾਇਤ 'ਤੇ ਸਰਕਾਰ ਨੇ ਜਾਂਚ ਦੀ ਜ਼ਿੰਮੇਵਾਰੀ ਉਨ੍ਹਾਂ ਹੀ ਅਧਿਕਾਰੀਆਂ ਨੂੰ ਸੌਂਪ ਦਿੱਤੀ ਹੈ ਤੇ 2 ਨਿਰਦੋਸ਼ ਲੋਕਾਂ ਨੂੰ ਮੁਲਜ਼ਮ ਕਰ ਦਿੱਤਾ ਤੇ ਭ੍ਰਿਸ਼ਟਾਚਾਰ ਦੇ ਇੱਕ ਵੱਡੇ ਮਾਮਲੇ ਨੂੰ ਠੰਢੇ ਬਸਤੇ ਵਿੱਚ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਪੀਐਮਆਈਡੀਸੀ ਦੇ ਉੱਚ ਅਧਿਕਾਰੀ ਇਹ ਭੁੱਲ ਜਾਂਦੇ ਹਨ ਕਿ ਜਿਸ ਵੱਡੇ ਭ੍ਰਿਸ਼ਟਾਚਾਰ ਦੇ ਮਾਮਲੇ ਦਾ ਨਿਪਟਾਰਾ ਇੱਥੇ ਹੀ ਹੋਵੇਗਾ, ਤਾਂ ਇਸਦਾ ਮਤਲਬ ਹੈ ਕਿ ਇਸ ਡਵੀਜ਼ਨ ਵਿੱਚ ਹੋਰ ਵੀ ਵੱਡੇ ਘੁਟਾਲੇ ਹੋਏ ਹਨ, ਜਿਸ ਲਈ ਸਰਕਾਰ ਵੱਡੇ ਮਗਰਮੱਛਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਛੋਟੀਆਂ ਮੱਛੀਆਂ ਵਿਰੁੱਧ ਕਾਰਵਾਈ ਕਰਕੇ ਆਪਣੀ ਪਿੱਠ ਥਪਥਪਾਈ ਕਰਕੇ ਖ਼ੁਸ਼ ਹੈ, ਜਿਵੇਂ ਕਿ ਇਹ ਪਹਿਲਾਂ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਕਰਦੀ ਆਈ ਹੈ।ਉਪਰੋਕਤ ਭ੍ਰਿਸ਼ਟਾਚਾਰ ਨਾਲ ਸਬੰਧਤ ਇਹ ਜਾਣਕਾਰੀ ਸੂਬਾ ਭਾਜਪਾ ਪ੍ਰਧਾਨ ਸ੍ਰੀ ਸੁਨੀਲ ਜਾਖੜ ਤੇ ਭਾਜਪਾ ਸੂਬਾ ਵਰਕਿੰਗ ਕਮੇਟੀ ਪ੍ਰਧਾਨ ਸ੍ਰੀ ਅਸ਼ਵਨੀ ਸ਼ਰਮਾ ਨੂੰ ਦਿੱਤੀ ਜਾਵੇਗੀ ਤਾਂ ਕਿ ਇਸ ਭ੍ਰਿਸ਼ਟਾਚਾਰ ਦਾ ਮਾਮਲਾ ਸਾਹਮਣੇ ਆਵੇ ਤੇ ਘੁਟਾਲੇ ਦੇ ਮਾਸਟਰਮਾਈਂਡ ਤੇ ਸੀਨੀਅਰ ਅਧਿਕਾਰੀਆਂ ਨੂੰ ਭਾਰੀ ਕਾਰਵਾਈ ਕਰਕੇ ਸਜ਼ਾ ਦਿੱਤੀ ਜਾਵੇ।

## ਸਾਲਾਨਾ ਲੰਗਰ ਲਈ ਰਸਦ ਤੇ ਸੇਵਾਦਾਰ ਰਵਾਨਾ



**ਕੋਟ ਈਸੇ ਖਾਂ (ਅਰੋੜਾ)**-ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ (ਰਜਿ:) ਵੱਲੋਂ 26ਵੇਂ ਸਾਲਾਨਾ ਲੰਗਰ ਦੇ ਸੰਬੰਧ ਵਿੱਚ ਸ਼ਰਧਾ ਨਾਲ ਅਤੇ ਮਾਤਾ ਰਾਣੀ ਦਾ ਗੁਣਗਾਨ ਕਰਦਿਆਂ ਹੋਇਆ ਸਾਲਾਨਾ ਝੰਡਾ, ਲੰਗਰ ਰਸਦ ਤੇ ਲੰਗਰ ਵਿੱਚ ਸੇਵਾ ਕਰਨ ਲਈ ਸੇਵਾਦਾਰਾਂ ਨੂੰ ਰਵਾਨਾ ਕੀਤਾ ਗਿਆ।ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ (ਰਜਿ:) ਦੇ ਸੇਵਾਦਾਰਾਂ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ, ਕਸਬਾ ਨਿਵਾਸੀਆਂ ਤੇ ਵਿਦੇਸ਼ ਵਿੱਚ ਬੈਠੇ ਭੈਣਾਂ-ਭਰਾਵਾਂ ਦੇ ਸਹਿਯੋਗ ਨਾਲ ਲੰਗਰ ਕਮੇਟੀ ਵੱਲੋਂ 1 ਅਗਸਤ ਤੋਂ ਸਾਦਗੀ ਅਤੇ ਸ਼ਰਧਾ ਨਾਲ ਲਗਾਤਾਰ 26ਵਾਂ ਲੰਗਰ ਸ੍ਰੀ ਸ਼ੀਤਲਾ ਮਾਤਾ ਮੰਦਰ (ਹਿਮਾਚਲ ਪ੍ਰਦੇਸ਼) ਵਿੱਚ ਲਾਇਆ ਜਾ ਰਿਹਾ ਹੈ, ਜਿਸ ਦੇ ਸੰਬੰਧ ਵਿੱਚ ਸਲਾਨਾ ਝੰਡਾ, ਰਸਦ ਤੇ ਲੰਗਰ ਵਿੱਚ ਸੇਵਾ ਕਰਨ ਲਈ ਸੇਵਾਦਾਰਾਂ ਨੂੰ ਰਵਾਨਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ ਨੂੰ ਦਾਨੀ ਸੱਜਣਾਂ ਵੱਲੋਂ ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ ਸਹਿਯੋਗ ਮਿਲਿਆ ਹੈ, ਜਿਸ ਲਈ ਉਹ ਇਲਾਕਾ ਨਿਵਾਸੀਆਂ, ਕਸਬਾ ਨਿਵਾਸੀਆਂ ਤੇ ਵਿਦੇਸ਼ 'ਚ ਬੈਠੇ ਭੈਣਾਂ-ਭਰਾਵਾਂ ਦਾ ਵਿਸ਼ੇਸ਼ ਧੰਨਵਾਦ ਕਰਦੇ ਹਨ।ਸੇਵਾਦਾਰਾਂ ਨੇ ਕਿਹਾ ਕਿ ਇਕੱਤਰ ਹੋਈ ਰਾਸ਼ੀ ਕੋਟ ਈਸੇ ਖਾਂ ਤੇ ਇਲਾਕਾ ਨਿਵਾਸੀ ਸੰਗਤਾਂ ਦੀ ਮਾਤਾ ਚਿੰਤਪੁਰਨੀ ਦੇ ਦਰਬਾਰ ਤੇ ਬਣਨ ਵਾਲੀ ਧਰਮਸ਼ਾਲਾ ਦੇ ਨਿਰਮਾਣ ਉਪਰ ਲਾਈ ਜਾਵੇਗੀ।

## ਮੇਅਰ ਨੇ ਮੰਨਤ ਮਾਨ ਨੂੰ ਤਮਗ਼ਾ ਦੇ ਕੇ ਕੀਤਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**-ਪਟਿਆਲਾ ਵਿਖੇ ਹੋ ਰਹੀਆਂ 35ਵੀਂ ਜ਼ਿਲ੍ਹਾ ਪੱਧਰੀ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਮੁਕਾਬਲਿਆਂ 'ਚ ਅੰਸ਼ਦੀਪ ਸਿੰਘ ਮਾਨ (ਉਮਰ ਸਾਢੇ 6 ਸਾਲ) ਡਿਸਟ੍ਰਿਕ ਲੈਵਲ ਇਨਲਾਈਨ ਸਕੇਟਿੰਗ ਮੁਕਾਬਲਾ 600 ਮੀਟਰ ਦੌੜ (ਉਮਰ ਗਰੁੱਪ 6 ਤੋਂ 8 ਸਾਲ) 'ਚ ਤੀਜਾ ਸਥਾਨ ਹਾਸਲ ਕਰਕੇ ਕਾਂਸੀ ਦਾ ਤਮਗ਼ਾ ਜਿੱਤਿਆ ਤੇ ਮੰਨਤ ਕੌਰ ਮਾਨ ਉਮਰ 8 ਸਾਲ ਨੇ ਜ਼ਿਲ੍ਹਾ ਪੱਧਰੀ ਇਨਲਾਈਨ ਸਕੇਟਿੰਗ ਮੁਕਾਬਲੇ 'ਚ 2 ਤਗਮੇ ਹਾਸਲ ਕੀਤੇ, 1000 ਮੀਟਰ ਇਨਲਾਈਨ ਸਕੇਟਿੰਗ ਮੁਕਾਬਲੇ 'ਚ ਤੀਜਾ ਸਥਾਨ ਪ੍ਰਾਪਤ ਕਰਕੇ ਕਾਂਸੀ ਦਾ ਤਗਮਾ ਜਿੱਤਿਆ ਤੇ 200 ਮੀਟਰ ਇਨਲਾਈਨ ਸਕੇਟਿੰਗ ਦੌੜ 'ਚ ਵੀ ਤੀਜਾ ਸਥਾਨ ਹਾਸਲ ਕੀਤਾ ਤੇ ਕਾਂਸੀ ਦਾ ਤਗਮਾ ਜਿੱਤਿਆ।ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਤੇ ਕਮੇਟੀ ਮੈਂਬਰਾਂ ਨੇ ਤਗਮਾ ਹਾਸਲ ਕਰਨ ਵਾਲੀ ਮੰਨਤ ਕੌਰ ਮਾਨ ਨੂੰ ਤਗਮਾ ਪਾ ਕੇ ਸਨਮਾਨਤ ਕੀਤਾ।ਸਨਮਾਨਤ ਕਰਨ ਉਪਰੰਤ ਗੋਗੀਆ ਨੇ ਕਿਹਾ ਕਿ ਸਾਨੂੰ ਛੋਟੇ ਬੱਚਿਆਂ 'ਤੇ ਮਾਣ ਹੈ ਕਿ ਜਿਨ੍ਹਾਂ ਨੇ ਤਮਗ਼ੇ ਹਾਸਲ ਕਰਕੇ ਸ਼ਹਿਰ ਅਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੋਸ਼ਨ ਕੀਤਾ ਹੈ।

## ਨੌਜਵਾਨੀ ਨੂੰ ਨਸ਼ਿਆਂ ਨਾਲੋਂ ਨਿਖੇੜਨ ਦਾ ਇੱਕੋ-ਇੱਕ ਜ਼ਰੀਆ ਖੇਡਾਂ : ਅਮਨ ਅਰੋੜਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ੍ਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਸੂਬੇ ਦੀ ਨੌਜਵਾਨੀ ਨੂੰ ਨਸ਼ਿਆਂ ਦੀ ਗ੍ਰਿਫ਼ਤ 'ਚੋਂ ਬਾਹਰ ਕੱਢਣ ਦਾ ਇੱਕੋ ਇੱਕ ਜ਼ਰੀਆ ਖੇਡਾਂ ਹਨ।ਨੌਜਵਾਨਾਂ ਨੂੰ ਵਧੀਆ ਖੇਡ ਸਹੂਲਤਾਂ ਮੁਹੱਈਆ ਕਰਾਉਣ ਨਾਲ ਉਨ੍ਹਾਂ ਦਾ ਝੁਕਾਅ ਨਸ਼ਿਆਂ ਤੋਂ ਦੂਰ ਹੋ ਕੇ ਆਪਣੀ ਸਿਹਤ ਤੇ ਬੇਹਤਰ ਭਵਿੱਖ ਵੱਲ ਲੱਗੇਗਾ।ਮਾਇਆ ਗਾਰਡਨ ਵਿਖੇ ਤਿਆਰ ਕੀਤੇ ਗਏ ਬੈਡਮਿੰਟਨ ਕੋਰਟ ਦਾ ਉਦਘਾਟਨ ਕਰਨ ਉਪਰੰਤ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਨੂੰ ਹੁਣ ਲੋਕ ਵੀ ਸਹਿਯੋਗ ਦੇਣ ਲੱਗੇ ਹਨ।ਲੋਕ ਖੁਦ ਬ ਖੁਦ ਖੇਡਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਲਈ ਅੱਗੇ ਆ ਰਹੇ ਹਨ। ਇਹ ਮੈਦਾਨ ਬਣਨ ਨਾਲ ਜਿੱਥੇ ਨੌਜਵਾਨ ਖੇਡਾਂ ਨਾਲ ਜੁੜਨਗੇ, ਉੱਥੇ ਹੀ ਉਹ ਨਸ਼ੇ ਦੀ ਅਲਾਮਤ ਤੋਂ ਵੀ ਬਚੇ ਰਹਿਣਗੇ। ਸ੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਹਰੇਕ ਪਿੰਡ ਨੂੰ ਖੇਡ ਮੈਦਾਨ ਦੀ ਸਹੂਲਤ ਮੁਹੱਈਆ ਕਰਾਈ ਜਾਵੇ।ਇਸ ਦਿਸ਼ਾ 'ਚ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

## ਭੜਲੀਵਾਲਾ ਤੋਂ ਕਈ ਪਰਵਾਰ ਕਾਂਗਰਸ ਨਾਲ ਜੁੜੇ



**ਜਲਾਲਾਬਾਦ (ਜੀਤ ਕੁਮਾਰ)**-ਕਾਂਗਰਸ ਪਾਰਟੀ ਨੂੰ ਉਸ ਵੇਲੇ ਭਾਰੀ ਸਮਰਥਨ ਮਿਲਿਆ, ਜਦੋਂ ਪਿੰਡ ਭੜਲੀ ਵਾਲਾ ਤੋਂ ਕਈ ਪਰਵਾਰਾਂ ਨੇ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਪਾਰਟੀ ਦਾ ਹਿੱਸਾ ਬਣਨ ਦਾ ਐਲਾਨ ਕੀਤਾ ਗਿਆ। ਇਨ੍ਹਾਂ ਲੋਕਾਂ ਨੂੰ ਕਾਂਗਰਸ ਵਿੱਚ ਆਉਣ 'ਤੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਬਲਤੇਜ ਸਿੰਘ ਬਰਾੜ ਵੱਲੋਂ ਸਿਰੋਪਾ ਪਾ ਕੇ ਸਵਾਗਤ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਦਵਿੰਦਰ ਘੁਬਾਇਆ ਅਤੇ ਬਲਤੇਜ ਬਰਾੜ ਨੇ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਪੂਰਾ ਮਾਨ ਸਨਮਾਨ ਮਿਲੇਗਾ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਉਨ੍ਹਾਂ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀਆਂ ਜਾ ਰਹੀਆਂ ਹਨ।

# ਭੁਵਨੇਸ਼ਵਰ ਵਿਖੇ 'ਕਿਊਬਾ ਨਾਲ ਏਕਤਾ' ਰਾਜ-ਪੱਧਰੀ ਸੰਮੇਲਨ ਕਰਵਾਇਆ

**ਲੁਧਿਆਣਾ (ਐੱਮ ਐੱਸ ਭਾਟੀਆ)**

ਬੀਤੇ ਦਿਨ ਮੋਨਕਾਡਾ ਦਿਵਸ 'ਤੇ ਭੁਵਨੇਸ਼ਵਰ ਦੀ ਲੋਹੀਆ ਅਕੈਡਮੀ ਵਿਖੇ ਸਮਾਜਵਾਦੀ ਕਿਊਬਾ ਨਾਲ ਏਕਤਾ ਪ੍ਰਗਟ ਕਰਨ ਲਈ ਇੱਕ ਰਾਜ-ਪੱਧਰੀ ਸੰਮੇਲਨ ਕਰਵਾਇਆ ਗਿਆ।ਅਮਰੀਕਾ ਦੁਆਰਾ ਕਿਊਬਾ 'ਤੇ ਲਗਾਈ ਗਈ ਆਰਥਿਕ ਨਾਕਾਬੰਦੀ, ਸੈਰ-ਸਪਾਟਾ, ਬਿਜਲੀ ਬੁਨਿਆਦੀ ਢਾਂਚੇ ਤੇ ਹੋਰ ਤਕਨੀਕੀ ਉਦਯੋਗਾਂ 'ਤੇ ਪਾਬੰਦੀਆਂ ਦੇ ਨਾਲ ਕਿਊਬਾ ਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਆਰਥਿਕ ਸੰਕਟ ਹੋਰ ਡੂੰਘਾ ਹੋ ਗਿਆ ਹੈ। ਕਿਊਬਾ ਦੇ ਲੋਕ ਭੋਜਨ, ਦਵਾਈ, ਬਾਲਣ ਤੇ ਆਵਾਜਾਈ ਉਪਕਰਨਾਂ ਦੀ ਵਿਆਪਕ ਘਾਟ ਦਾ ਸਾਹਮਣਾ ਕਰ ਰਹੇ ਹਨ।ਸੰਮੇਲਨ ਨੇ ਸੰਯੁਕਤ ਰਾਜ ਅਮਰੀਕਾ ਦੁਆਰਾ ਲਗਾਈਆਂ ਗਈਆਂ ਅਣਮਨੁੱਖੀ ਪਾਬੰਦੀਆਂ ਦੀ ਸਖ਼ਤ ਨਿੰਦਾ ਕੀਤੀ ਤੇ ਕਿਊਬਾ ਨਾਲ ਏਕਤਾ ਪ੍ਰਗਟ ਕਰਨ ਵਾਲਾ ਮਤਾ ਪਾਸ ਕੀਤਾ। ਕਿਊਬਾ ਲਈ ਫੰਡ ਇਕੱਠਾ ਕਰਨ ਤੇ ਉਨ੍ਹਾਂ ਨੂੰ ਰਾਸ਼ਟਰੀ ਇਕਜੁੱਟਤਾ ਕਮੇਟੀ ਨੂੰ ਪ੍ਰਦਾਨ ਕਰਨ ਦਾ ਸੱਦਾ ਦਿੱਤਾ ਗਿਆ।ਕਾਨਫਰੰਸ ਦੌਰਾਨ ਮੌਕੇ 'ਤੇ 10,530/- ਰੁਪਏ ਇਕੱਠੇ ਕੀਤੇ ਗਏ।ਸੰਮੇਲਨ ਦੀ ਪ੍ਰਧਾਨਗੀ ਡਾ. ਪ੍ਰਸ਼ਾਂਤ ਕੁਮਾਰ ਮਿਸ਼ਰਾ, ਬਿਸ਼ਨੂ ਮਹੰਤੀ, ਸ਼ਸ਼ੀ ਭੂਸ਼ਨ ਸਵੈਨ, ਸਰੋਜ ਨਾਇਕ, ਪ੍ਰਭਾਵਵਤੀ ਦਾਸ ਤੇ ਮਿਨਤੀ ਪਾਨੀਗ੍ਰਾਹੀ ਵਾਲੇ ਪ੍ਰਧਾਨਗੀ ਮੰਡਲ ਨੇ ਕੀਤੀ।ਸੀਪੀਆਈ ਦੇ ਸੂਬਾ ਸਕੱਤਰ ਅਸ਼ੀਸ਼ ਕਾਨੂੰਗੋ ਤੇ ਸੀਪੀਆਈ (ਐੱਮ) ਦੇ ਸੂਬਾ ਸਕੱਤਰ ਸੁਰੇਸ਼ ਚੰਦਰ ਪਨਿਗ੍ਰਹੀ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।



ਬਿਸ਼ਨੂ ਮੋਹੰਤੀ ਨੇ ਪ੍ਰਧਾਨਗੀ ਮੰਡਲ ਦੀ ਤਰਫੋਂ ਇਕਜੁੱਟਤਾ ਮਤਾ ਪੇਸ਼ ਕੀਤਾ।ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂ ਬਿਜੈ ਜੇਨਾ, ਦੁਸ਼ਮੰਤ ਕੁਮਾਰ ਦਾਸ, ਪ੍ਰੋਫੈਸਰ ਮਾਨਸ ਬੇਹੜਾ, ਪ੍ਰੋਫੈਸਰ ਅਮੀਆ ਕੁਮਾਰ ਮਹਿੰਦੀ, ਪ੍ਰੋਫੈਸਰ ਸੁਰਿੰਦਰ ਕੁਮਾਰ ਜੇਨਾ, ਜਯੰਤ ਦਾਸ, ਟੀਚਰਜ਼ ਫੈਡਰੇਸ਼ਨ ਦੇ ਆਗੂ ਅਕਸ਼ੈ ਪੰਮੀਜਾ, ਅਕਸ਼ੈ ਪੰਮੀਜਾਵਰ, ਅਧਿਆਪਕ ਸੰਘ ਦੇ ਆਗੂ ਸ਼ਾਮਲ ਸਨ।ਨਾਰਾਇਣ ਮਲਿਕ, ਸ਼ੰਕਰਸ਼ਨ ਬਾਰਿਕ, ਨਿਰਮਲ ਨਾਇਕ, ਜਤਿਨ ਮਹੰਤੀ, ਅਮਿਤ ਸਮੰਤਰਾਏ, ਕਾਮਦੇਬ ਨਾਹਕ, ਪ੍ਰਮੋਦਿਨੀ ਪਿਕਰਾਏ, ਤੇ ਰਾਕਸ਼ੀ ਸਵੈਨ ਬੋਲੇ ਅਤੇ ਕਿਊਬਾ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ।ਓਡੀਸ਼ਾ ਦੇ ਲੋਕਾਂ ਨੂੰ ਕਿਊਬਾ ਏਕਤਾ ਕਾਨਫਰੰਸਾਂ ਦਾ ਆਯੋਜਨ ਕਰਨ ਤੇ ਰਾਜ ਭਰ ਵਿੱਚ ਫੰਡ ਇਕੱਠਾ ਕਰਨ ਦਾ ਸੱਦਾ ਦਿੱਤਾ ਗਿਆ ਸੀ।ਰਾਜ ਦੇ ਵੱਖ-ਵੱਖ ਹਿੱਸਿਆਂ ਤੋਂ ਸੈਂਕੜੇ ਡੈਲੀਗੇਟਾਂ ਨੇ ਸੰਮੇਲਨ ਵਿੱਚ ਸ਼ਿਰਕਤ ਕੀਤੀ।ਕਾਨਫਰੰਸ ਦੌਰਾਨ 21 ਮੈਂਬਰੀ ਕਿਊਬਾ ਏਕਤਾ, ਓਡੀਸ਼ਾ ਰਾਜ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਜਨਾਰਦਨ ਪਾਟੀ ਤੇ ਡਾ. ਪ੍ਰਸ਼ਾਂਤ ਕੁਮਾਰ ਮਿਸ਼ਰਾ ਨੂੰ ਕਮੇਟੀ ਦੇ ਸੰਯੁਕਤ ਕਨਵੀਨਰ ਚੁਣਿਆ ਗਿਆ।ਦੋ ਸੰਯੁਕਤ ਕਨਵੀਨਰਾਂ, ਆਸ਼ੀਸ਼ ਕਾਨੂੰਗੋ ਤੇ ਸੁਰੇਸ਼ ਚੰਦਰ ਪਾਨੀਗ੍ਰਾਹੀ ਦੇ ਨਾਲ, ਆਲ ਇੰਡੀਆ ਐਗਰੀਕਲਚਰਲ ਵਰਕਰਜ਼ ਯੂਨੀਅਨ, ਆਲ ਇੰਡੀਆ ਡੈਮੋਕ੍ਰੇਟਿਕ ਵੂਮੈਨਜ਼ ਐਸੋਸੀਏਸ਼ਨ, ਆਲ ਇੰਡੀਆ ਕਿਸਾਨ ਸਭਾ, ਓਡੀਸ਼ਾ ਕਿਸਾਨ ਸਭਾ, ਆਲ ਇੰਡੀਆ ਲਾਇਰਜ਼ ਯੂਨੀਅਨ, ਇੰਡੀਅਨ ਲਾਇਰਜ਼ ਐਸੋਸੀਏਸ਼ਨ, ਆਲ ਇੰਡੀਆ ਪੀਸ ਐਂਡ ਸੋਲੀਡੈਰਿਟੀ ਆਰਗੇਨਾਈਜ਼ੇਸ਼ਨ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ, ਆਲ ਇੰਡੀਆ ਯੂਥ ਫੈਡਰੇਸ਼ਨ, ਭਾਰਤੀ ਖੇਤ ਮਜ਼ਦੂਰ ਯੂਨੀਅਨ, ਸੈਂਟਰ ਆਫ ਇੰਡੀਅਨ ਟ੍ਰੇਡ ਯੂਨੀਅਨਜ਼, ਡੈਮੋਕ੍ਰੇਟਿਕ ਯੂਥ ਫੈਡਰੇਸ਼ਨ ਆਫ ਇੰਡੀਆ, ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੂਮੈਨ, ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ, ਇਸਕਫ, ਟੀਚਰਜ਼ ਫੈਡਰੇਸ਼ਨ ਤੇ ਓਡੀਸ਼ਾ ਸ਼੍ਰਮਿਕ-ਕਰਮਚਾਰੀ ਏਕਤਾ ਮੰਚ ਵਰਗੇ ਸੰਗਠਨਾਂ ਦੇ ਪ੍ਰਤੀਨਿਧੀਆਂ ਨੂੰ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ।ਇਹ ਐਲਾਨ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ, ਸਾਮਰਾਜਵਾਦ ਵਿਰੁੱਧ ਲੜਨ ਵਾਲੇ ਸਾਰੇ ਇਕੋ ਜਿਹੀ ਸੋਚ ਵਾਲੇ ਸੰਗਠਨਾਂ ਤੇ ਵਿਅਕਤੀਆਂ ਨੂੰ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਵੇਗਾ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਤ ਕਾਵਿ ਸ਼ਰਧਾਂਜਲੀ

### ਪੰਜਾਬੀ, ਡੋਗਰੀ ਤੇ ਕਸ਼ਮੀਰੀ ਕਵੀਆਂ ਨੇ ਦਿੱਤਾ ਸਬਰ, ਸੰਤੋਖ ਤੇ ਭਾਈਚਾਰਕ ਸਾਂਝ ਦਾ ਸੁਨੇਹਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ 350ਵੇਂ ਵਰ੍ਹੇ ਨੂੰ ਪ੍ਰਥਾਏ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ 'ਤੇਗ ਬਹਾਦਰ ਸਿਮਰਿਐ' ਦੇ ਸਿਰਲੇਖ ਅਧੀਨ ਸਮਾਗਮਾਂ ਦੀ ਲੜੀ 'ਚ ਜੰਮੂ ਤੇ ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗੂਏਜਿਜ਼ ਸ੍ਰੀਨਗਰ ਦੇ ਸਹਿਯੋਗ ਨਾਲ ਕਰਵਾਏ ਤੀਸਰੇ ਸਮਾਗਮ 'ਕਾਵਿ ਸ਼ਰਧਾਂਜਲੀ' ਤਹਿਤ ਕਵੀ ਦਰਬਾਰ ਦਾ ਆਯੋਜਨ ਕੀਤਾ, ਜਿਸ ਦੌਰਾਨ ਪੰਜਾਬੀ, ਡੋਗਰੀ ਤੇ ਕਸ਼ਮੀਰੀ ਕਵੀਆਂ ਨੇ ਆਪਣੀਆਂ ਨਜ਼ਮਾਂ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਅਕੀਦਤ ਪੇਸ਼ ਕੀਤੀ।ਸਮਾਗਮ ਦੀ ਪ੍ਰਧਾਨਗੀ ਮੰਡਲ 'ਚ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ, ਕੇਂਦਰੀ ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਤੇ ਅਜੀਤ ਸਿੰਘ ਮਸਤਾਨਾ (ਸ੍ਰੀਨਗਰ) ਸ਼ਾਮਲ ਹੋਏ।ਸ੍ਰ. ਜਸਵੰਤ ਸਿੰਘ ਜ਼ਫ਼ਰ ਨੇ ਇਸ ਕਵੀ ਦਰਬਾਰ 'ਚ ਕਵੀ ਵਜੋਂ ਸ਼ਿਰਕਤ ਕਰਦੇ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨੂੰ ਪ੍ਰੇਰਨਾ ਦਾ ਮਹਾਨ ਸੋਮਾ ਦੱਸਿਆ।



ਉਨ੍ਹਾਂ ਉੱਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ ਦੀ ਅੰਗਰੇਜ਼ੀ ਕਵਿਤਾ 'ਵੈਸਟਫੇਲੀਆ ਤੋਂ ਅਨੰਦਪੁਰ ਸਾਹਿਬ' ਦਾ ਪੰਜਾਬੀ ਅਨੁਵਾਦ ਪੜ੍ਹਿਆ।ਕਵੀ ਗੁਰਨਾਮ ਸਿੰਘ ਅਰਸ਼ੀ ਨੇ ਆਪਣੀ ਕਵਿਤਾ 'ਦੇ ਕੇ ਗੁਰੂ ਨੇ ਸੀਸ' ਨੂੰ ਤੁਰੰਨਮ 'ਚ ਗਾ ਕੇ ਮਾਹੌਲ ਨੂੰ ਜੋਸ਼ ਪ੍ਰਦਾਨ ਕੀਤਾ।ਰਘਬੀਰ ਸਿੰਘ ਬੀਰ ਨੇ 'ਜ਼ਾਲਮ ਹਾਹਾਕਾਰ ਮਚਾਈ' ਰਾਹੀਂ ਮੁਗ਼ਲਾਂ ਦੇ ਜ਼ੁਲਮਾਂ ਖ਼ਿਲਾਫ਼ ਲੜਨ ਦਾ ਵਰਨਣ ਕੀਤਾ।ਇਸ ਤੋਂ ਇਲਾਵਾ ਮੰਗਤ ਸਿੰਘ ਜੁਗਨੂੰ, ਡਾ. ਜੋਗਿੰਦਰ ਸਿੰਘ ਸ਼ਾਨ, ਸੁਰਿੰਦਰ ਕੌਰ ਨੀਰ ਜੰਮੂ, ਡਾ. ਸ਼ੁਕਰਗੁਜ਼ਾਰ ਸਿੰਘ, ਡਾ. ਸੰਦੀਪ ਸ਼ਰਮਾ, ਰਮਨ ਸੰਧੂ, ਸੁਸ਼ੀਲ ਬੇਗਾਨਾ, ਡਾ. ਹਰੀ ਸਿੰਘ ਜਾਚਕ, ਦਵਿੰਦਰ ਸੈਫ਼ੀ, ਗੁਰਪ੍ਰੀਤ ਮਾਨਸਾ, ਵਿਜੇ ਠਾਕੁਰ, ਬਲਵਿੰਦਰ ਸੰਧੂ ਨੇ ਵੀ ਅਪਣੀ ਹਾਜ਼ਰੀ ਲਵਾਈ।ਸਾਰੇ ਕਵੀਆਂ ਨੂੰ ਵਿਭਾਗ ਵੱਲੋਂ ਸ਼ਾਲਾਂ ਨਾਲ ਸਨਮਾਨਤ ਕੀਤਾ ਗਿਆ।ਕਵੀ ਦਰਬਾਰ ਦਾ ਸੰਚਾਲਨ ਸਵਾਮੀ ਅੰਤਰੀਵ ਨੇ ਵਧੀਆ ਅੰਦਾਜ਼ 'ਚ ਕੀਤਾ।ਸਮਾਗਮ ਦਾ ਮੰਚ ਸੰਚਾਲਨ ਡਾ. ਮਨਜਿੰਦਰ ਸਿੰਘ ਖੋਜ ਅਫ਼ਸਰ ਨੇ ਬਾਖ਼ੂਬੀ ਕੀਤਾ।

## ਫੋਨ 'ਤੇ ਧਮਕੀ ਦੇ ਕੇ ਫਿਰੌਤੀ ਮੰਗਣ ਵਾਲੇ ਤਿੰਨ ਵਿਅਕਤੀ ਗ੍ਰਿਫ਼ਤਾਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਐੱਸ ਐੱਸ ਪੀ ਮੈਡਮ ਅਮਨੀਤ ਕੌਂਡਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਤਲਵੰਡੀ ਵੱਲੋਂ ਵੱਡੀ ਸਫਲਤਾ ਹਾਸਲ ਕਰਦਿਆਂ ਤਿੰਨ ਅਜਿਹੇ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ, ਜੋ ਲੋਕਾਂ ਨੂੰ ਫੋਨ ਕਰਕੇ ਧਮਕੀਆਂ ਦੇ ਰਹੇ ਸਨ ਤੇ ਲੱਖਾਂ ਰੁਪਏ ਦੀ ਫਿਰੌਤੀ ਮੰਗ ਰਹੇ ਸਨ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਤਲਵੰਡੀ ਸਾਬੋ ਸ੍ਰੀ ਰਾਜੇਸ਼ ਸਨੇਹੀ ਬੱਤਾ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਤਿੰਨਾਂ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਮਾਮਲੇ ਦੀ ਗੰਭੀਰ ਜਾਂਚ ਜਾਰੀ ਹੈ।

ਉਨ੍ਹਾਂ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਫੋਨ 'ਤੇ ਧਮਕੀ ਜਾਂ ਫਿਰੌਤੀ ਮੰਗਣ ਵਾਲੀ ਕਾਲ ਆਉਂਦੀ ਹੈ ਤਾਂ ਉਸ ਦੀ ਤੁਰੰਤ ਨਜ਼ਦੀਕੀ ਪੁਲਸ ਥਾਣੇ ਵਿੱਚ ਜਾ ਕੇ ਸ਼ਿਕਾਇਤ ਦਰਜ ਕਰਵਾਉਣੀ ਯਕੀਨੀ ਬਣਾਉਣ।

# ਗੁਰੂ ਨਾਨਕ ਨੈਸ਼ਨਲ ਕਾਲਜ 'ਚ ਤੀਆਂ ਦਾ ਤਿਉਹਾਰ ਮਨਾਇਆ

**ਦੋਰਾਹਾ (ਹਰਮਿੰਦਰ ਸੇਠ)**

ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ।ਡੀਨ ਸੱਭਿਆਚਾਰਕ ਗਤੀਵਿਧੀਆਂ ਪ੍ਰੋ. ਨਿਧੀ ਸਰੂਪ ਨੇ ਦੱਸਿਆ ਕਿ ਆਪਣੇ ਸੱਭਿਆਚਾਰਕ ਵਿਰਸੇ ਨੂੰ ਸੁਰਜੀਤ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਦੀ ਅਗਵਾਈ ਹੇਠ ਸਾਉਣ ਦੇ ਮਹੀਨੇ ਦਾ ਤੀਆਂ ਦਾ ਤਿਉਹਾਰ ਮਨਾਉਣ ਲਈ ਡਾ. ਈਸ਼ਵਰ ਸਿੰਘ ਯਾਦਗਾਰੀ ਹਾਲ ਵਿੱਚ 'ਮੇਲਾ ਤੀਆਂ ਦਾ' ਸੱਭਿਆਚਾਰਕ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।



ਤੀਆਂ ਦੇ ਇਸ ਮੇਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ਼ ਹਿੱਸਾ ਲਿਆ।ਇਸ ਮੌਕੇ ਸੰਗੀਤ ਵਿਭਾਗ ਦੇ ਮੁਖੀ ਪ੍ਰੋ. ਰਾਮਪਾਲ ਬੰਗਾ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਵਲੋਂ ਤਿਆਰ ਕੀਤੇ ਲੋਕ ਗੀਤ, ਗਰੁੱਪ ਡਾਂਸ, ਮਾਡਲਿੰਗ, ਗਿੱਧੇ ਅਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਗਈ।ਇਨ੍ਹਾਂ ਪੇਸ਼ਕਾਰੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲ਼ੇ ਵਿਦਿਆਰਥੀਆਂ ਦਾ ਸਨਮਾਨ ਕਰਦਿਆਂ 'ਸੋਹਣੀ ਮੁਟਿਆਰ' ਦਾ ਖ਼ਿਤਾਬ ਪ੍ਰਭਪ੍ਰੀਤ ਕੌਰ ਨੂੰ ਦਿੱਤਾ ਗਿਆ।'ਸ਼ੌਕਣ ਮੇਲੇ ਦੀ' ਖ਼ਿਤਾਬ ਸਮਨਪ੍ਰੀਤ ਕੌਰ ਦੇ ਹਿੱਸਾ ਆਇਆ।'ਸੁਚੱਜੀ ਮੁਟਿਆਰ' ਦਾ ਖ਼ਿਤਾਬ ਰਜਨੀ ਨੇ ਪ੍ਰਾਪਤ ਕੀਤਾ।ਇਸੇ ਤਰ੍ਹਾਂ 'ਮਜਾਜਣ' ਦਾ ਖ਼ਿਤਾਬ ਗੁਰਸਿਮਰ ਕੌਰ ਬਰਾੜ ਨੂੰ ਦਿੱਤਾ ਗਿਆ। ਰਵਨੀਤ ਕੌਰ ਨੂੰ 'ਵਿਰਸੇ ਦੀ ਰਾਣੀ' ਐਲਾਨਿਆ ਗਿਆ ਅਤੇ ਗੁਰਵੀਰ ਕੌਰ ਗਰੇਵਾਲ ਨੇ 'ਧੀ ਪੰਜਾਬ ਦੀ' ਖ਼ਿਤਾਬ ਜਿੱਤਿਆ। ਮੁੰਡਿਆਂ ਵਿੱਚੋਂ 'ਗੱਭਰੂ ਪੰਜਾਬੀ' ਦਾ ਖ਼ਿਤਾਬ ਹਾਰਦਿਕ ਨੂੰ ਦਿੱਤਾ ਗਿਆ।'ਭੰਗੜੇ ਦੀ ਸ਼ਾਨ' ਦਾ ਖ਼ਿਤਾਬ ਕਰਨਵੀਰ ਨੇ ਹਾਸਲ ਕੀਤਾ।ਹਰਮਨਪ੍ਰੀਤ ਸਿੰਘ ਨੇ 'ਕੈਂਠੇ ਵਾਲ਼ਾ ਗੱਭਰੂ' ਦਾ ਖ਼ਿਤਾਬ ਜਿੱਤਿਆ ਤੇ 'ਸ਼ਾਨ ਪੰਜਾਬ ਦੀ' ਖ਼ਿਤਾਬ ਜਤਿਨ ਦੇ ਹਿੱਸੇ ਆਇਆ।ਸਮਾਗਮ ਦੌਰਾਨ ਕਾਲਜ ਵੱਲੋਂ ਮੁੱਖ ਮਹਿਮਾਨ ਹਰਪ੍ਰਤਾਪ ਸਿੰਘ ਬਰਾੜ ਨੂੰ ਪੌਦਾ ਭੇਟ ਕਰਕੇ ਸਨਮਾਨਤ ਕੀਤਾ ਗਿਆ।ਉਚੇਚੇ ਤੌਰ ਪਹੁੰਚੇ ਕਾਲਜ ਪ੍ਰਬੰਧਕੀ ਕਮੇਟੀ ਦੇ ਮੈਂਬਰ ਰਵਿੰਦਰ ਸਿੰਘ ਮਲਹਾਂਸ, ਜੋਗਿੰਦਰ ਸਿੰਘ ਓਬਰਾਏ, ਸਲਾਹਕਾਰ ਰਿਟਾਇਰਡ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਸਿੱਧੂ, ਐਡਵੋਕੇਟ ਅਭੈ ਬੈਕਟਰ ਅਤੇ ਗੁਰੂ ਨਾਨਕ ਸਕੂਲ ਦੇ ਪ੍ਰਿੰਸੀਪਲ ਡਾ. ਡੀ ਪੀ ਠਾਕੁਰ ਨੂੰ ਵੀ ਕਾਲਜ ਵੱਲੋਂ ਸਨਮਾਨਤ ਕੀਤਾ ਗਿਆ।

ਹਰਪ੍ਰਤਾਪ ਸਿੰਘ ਬਰਾੜ ਦੁਆਰਾ ਕਾਲਜ ਦੇ ਹੋਣਹਾਰ ਕਲਾਕਾਰ ਵਿਦਿਆਰਥੀ ਅਰਸ਼ ਦੋਰਾਹਾ ਦੇ ਗੀਤ ਦਾ ਪੋਸਟਰ ਵੀ ਜਾਰੀ ਕੀਤਾ ਗਿਆ।ਅੰਤ 'ਚ ਕਾਲਜ ਦੇ ਵਿਹੜੇ 'ਚ ਸੱਭਿਆਚਾਰਕ ਮਾਹੌਲ ਬੰਨ੍ਹਦਿਆਂ ਵਿਦਿਆਰਥਣਾਂ ਨੇ ਪੀਘਾਂ ਝੂਟੀਆਂ ਅਤੇ ਰਲ਼ ਕੇ ਬੋਲੀਆਂ ਤੇ ਗਿੱਧਾ ਪਾਉਂਦਿਆਂ ਆਪਣੇ ਮਨ ਦੇ ਚਾਵਾਂ ਦਾ ਪ੍ਰਗਟਾਵਾ ਕੀਤਾ।ਮੰਚ ਸੰਚਾਲਨ ਦੀ ਭੂਮਿਕਾ ਡਾ. ਨਿਧੀ ਸਰੂਪ ਪ੍ਰੋ. ਰਾਮਪਾਲ ਬੰਗਾ ਤੇ ਪ੍ਰੋ. ਕਿਰਨਪ੍ਰੀਤ ਕੌਰ ਨੇ ਅਦਾ ਕੀਤੀ।

# ਸਾਹਿਤ ਸਭਾ ਜ਼ੀਰਾ ਵੱਲੋਂ 'ਅੰਬਰੋਂ ਉੱਤਰੇ ਹਰਫ਼' ਰਿਲੀਜ਼

**ਜ਼ੀਰਾ (ਨਰਿੰਦਰ ਅਨੇਜਾ)**-ਜ਼ਿਲ੍ਹਾ ਫ਼ਿਰੋਜ਼ਪੁਰ ਦੀ ਪੰਜਾਬੀ ਸਾਹਿਤ ਤੇ ਮਾਂ ਬੋਲੀ ਨੂੰ ਸਮਰਪਤ ਮੰਨੀ ਪ੍ਰਮੰਨੀ ਸੰਸਥਾ ਸਾਹਿਤ ਸਭਾ (ਰਜਿਸਟਰਡ) ਜ਼ੀਰਾ ਵੱਲੋਂ ਮਹੀਨਾਵਾਰ ਮੀਟਿੰਗ ਬੀਤੇ ਦਿਨ ਨਾਮਵਰ ਸ਼ਾਇਰ ਅਮਰਜੀਤ ਸਨੇਰਵੀ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿਖੇ ਹੋਈ।ਮੀਟਿੰਗ ਦੇ ਪਹਿਲੇ ਗੇੜ ਵਿੱਚ ਕਵੀ ਦਰਬਾਰ ਹੋਇਆ, ਜਿਸ ਦੀ ਸ਼ੁਰੂਆਤ ਬਲਵੀਰ ਸਿੰਘ ਲੋਹਗੜ੍ਹ ਨੇ ਆਪਣੀ ਕਵਿਤਾ 'ਰੱਬ ਦੇ ਆਸ਼ਿਕ' ਨਾਲ ਕੀਤੀ।ਇਸ ਤੋਂ ਪਿੱਛੋਂ ਮੁਖਤਿਆਰ ਸਿੰਘ ਬਰਾੜ ਨੇ ਕਵੀਸ਼ਰੀ ਪੇਸ਼ ਕੀਤੀ।ਤਾਰਾ ਸਿੰਘ ਫੌਜੀ ਨੇ 'ਫੋਨ ਦੀ ਅਜਬ ਕਹਾਣੀ', ਪ੍ਰਿਤਪਾਲ ਸਿੰਘ ਨੇ ਖੁੱਲ੍ਹੀ ਕਵਿਤਾ, ਜੋਬਨ ਬਰਾੜ ਨੇ ਗੀਤ 'ਕਬਰਾਂ ਵਿੱਚੋਂ ਬੋਲ ਨੀਂ ਮਾਏ' ਪੇਸ਼ ਕੀਤਾ।ਬਾਲ ਕਵੀ ਸ਼ੁਭਮ ਚੌਹਾਨ ਨੇ ਕਵਿਤਾ 'ਮੈਂ ਚੰਗਾ ਇਨਸਾਨ ਬਣਾਂਗਾ' ਸੁਣਾਈ ਅਤੇ ਕਾਲਾ ਬੇਰੀ ਵਾਲਾ ਨੇ ਗੀਤ ਸਾਡੀ ਐਸੀ ਹੈ ਤਕਦੀਰ ਯਾਰਾਂ ਸੁਣਾਇਆ।ਹਰੀਦਾਸ ਚੌਹਾਨ ਨੇ 'ਜੇ ਹੋ ਜਾਈਏ ਕਮਜ਼ੋਰ ਨਿਤਾਣੇ' ਤੇ ਪ੍ਰੇਮ ਸਿੰਘ ਰਸੀਲਾ ਨੇ 'ਲੋਕ ਤੱਥ' ਪੇਸ਼ ਕੀਤੇ।ਸੁੱਖਰਾਜ ਸਿੰਘ ਜ਼ੀਰਾ ਨੇ ਤਰੰਨਮ ਵਿੱਚ ਗੀਤ 'ਤੂੰ ਕਹੇਂ ਤਾਂ ਹੱਸਦੀ, ਮੈਂ ਤੂੰ ਕਹੇਂ ਤਾਂ ਰੋਵਾਂ ਵੇ' ਪੇਸ਼ ਕੀਤਾ।ਯੁਵਾ ਸ਼ਾਇਰ ਸੀਤਲ ਸਿੰਘ ਪੰਡੋਰੀ ਨੇ 'ਮੇਰਾ ਸਿਰ ਝੁਕਦਾ ਦਾਤਾ ਤੇਰੀ ਖੁਦਾਈ ਨੂੰ' ਤੇ ਬਜ਼ੁਰਗ ਸ਼ਾਇਰ ਕਸ਼ਮੀਰ ਸਿੰਘ ਕੀਮੇਵਾਲੀਆ ਨੇ 'ਜਵਾਨਾਂ ਦੀ ਜਵਾਨੀ ਰਹੀ ਏ ਰੁਲ' ਕਾਵਿ-ਰਚਨਾਵਾਂ ਪੇਸ਼ ਕੀਤੀਆਂ।ਰੇਡੀਓ ਤੇ ਟੀ.ਵੀ. ਆਰਟਿਸਟ ਮਿੱਠਾ ਸਿੰਘ ਬੰਡਾਲਵੀ ਨੇ ਉਸਤਾਦ ਚਾਂਦੀ ਰਾਮ ਚਾਂਦੀ ਦਾ ਗੀਤ 'ਸਾਡਾ ਐਵੇਂ ਤਾਂ ਨੀਂ ਹੋਇਆ ਇਹ ਫਕੀਰਾਂ ਵਾਲਾ ਹਾਲ' ਗਾ ਕੇ ਬਹੁਤ ਵਧੀਆ ਪੇਸ਼ਕਾਰੀ ਕੀਤੀ।ਨਰਿੰਦਰ ਸਿੰਘ ਥਿੰਦ ਲੈਕਚਰਾਰ, ਦਲਜੀਤ ਰਾਏ ਕਾਲੀਆਂ ਤੇ ਤਰਕਸ਼ੀਲ ਆਗੂ ਸੁਰਿੰਦਰ ਕੁਮਾਰ ਨੇ ਵੀ ਵਿਚਾਰ ਪੇਸ਼ ਕੀਤੇ।ਮੀਟਿੰਗ ਦੇ ਦੂਜੇ ਗੇੜ ਵਿੱਚ ਸਭਾ ਦੇ ਸਰਗਰਮ ਮੈਂਬਰ ਤੇ ਯੁਵਾ ਸ਼ਾਇਰ ਸੁੱਖਰਾਜ ਸਿੰਘ ਜ਼ੀਰਾ ਦੇ ਕਾਵਿ-ਸੰਗ੍ਰਹਿ 'ਅੰਬਰੋਂ ਉੱਤਰੇ ਹਰਫ਼' ਨੂੰ ਮੀਟਿੰਗ ਵਿੱਚ ਹਾਜ਼ਰ ਸਾਰੇ ਮੈਂਬਰਾਂ ਵੱਲੋਂ ਰਿਲੀਜ਼ ਕੀਤਾ ਗਿਆ।ਸਟੇਜ ਸਕੱਤਰ ਦੇ ਫਰਜ਼ਾਂ ਨੂੰ ਸਭਾ ਦੇ ਜਨਰਲ ਸਕੱਤਰ ਦਲਜੀਤ ਰਾਏ ਕਾਲੀਆ ਨੇ ਬਾਖੂਬੀ ਨਿਭਾਇਆ।ਸਾਰੀਆਂ ਰਚਨਾਵਾਂ ਉੱਪਰ ਭਖਵੀਂ ਤੇ ਉਸਾਰੂ ਬਹਿਸ ਹੋਈ।ਮੀਟਿੰਗ ਦੇ ਅੰਤ ਵਿੱਚ ਸਭਾ ਦੇ ਪ੍ਰਧਾਨ ਡਾਕਟਰ ਗੁਰਚਰਨ ਸਿੰਘ ਨੂਰਪੁਰ ਨੇ ਮੀਟਿੰਗ ਵਿੱਚ ਹਾਜ਼ਰ ਸਾਰੇ ਸਾਹਿਤਕਾਰ ਦੋਸਤਾਂ ਦਾ ਧੰਨਵਾਦ ਕੀਤਾ।



## ਲੁੱਟਾਂ-ਖੋਹਾਂ ਕਰਨ ਵਾਲੇ 5 ਖ਼ਤਰਨਾਕ ਅਪਰਾਧੀ ਗ੍ਰਿਫ਼ਤਾਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਪੁਲਸ ਮੁਖੀ ਮੈਡਮ ਅਮਨੀਤ ਕੌਂਡਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ ਖਿਲਾਫ ਚੱਲ ਰਹੀ ਮੁਹਿੰਮ ਤਹਿਤ, ਬਠਿੰਡਾ ਪੁਲਸ (ਥਾਣਾ ਥਰਮਲ) ਦੀ ਟੀਮ ਨੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ 5 ਖ਼ਤਰਨਾਕ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮੌਕੇ ਐੱਸ. ਪੀ. ਸਿਟੀ ਸ੍ਰੀ ਨਰਿੰਦਰ ਸਿੰਘ ਨੇ ਦੱਸਿਆ ਕਿ ਇਹ ਗਰੋਹ ਕਿਸੇ ਵੱਡੀ ਘਟਨਾ ਨੂੰ ਅੰਜਾਮ ਦੇ ਸਕਦਾ ਸੀ, ਪਰ ਬਠਿੰਡਾ ਪੁਲਸ ਨੇ ਸਮੇਂ-ਸਿਰ ਕਾਰਵਾਈ ਕਰਕੇ ਵੱਡੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ।ਇਨ੍ਹਾਂ ਵਿਅਕਤੀਆਂ ਤੋਂ 1 ਵਰਨਾ ਕਾਰ, 1 ਕਿਰਪਾਨ, 2 ਲੋਹੇ ਦੀਆਂ ਰਾਡਾਂ, 2 ਲੋਹੇ ਦੇ ਕਾਪੇ ਬਰਾਮਦ ਕੀਤੇ।ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਖਿਲਾਫ ਪਹਿਲਾਂ ਵੀ ਕਈ ਗੰਭੀਰ ਅਪਰਾਧਾਂ ਦੇ ਮਾਮਲੇ ਦਰਜ ਹਨ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣਾ ਫ਼ਰਜ਼ ਸਮਝਦੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਤੁਰੰਤ ਪੁਲਸ ਨੂੰ ਦੇਵੋ ਤਾਂ ਜੋ ਸ਼ਹਿਰ ਵਿੱਚ ਅਮਨ-ਕਾਨੂੰਨ ਦੀ ਸ਼ਾਂਤੀ ਨੂੰ ਬਰਕਰਾਰ ਰੱਖਿਆ ਜਾ ਸਕੇ।

# ਲੋਕ ਸੰਗਰਾਮ ਮੋਰਚਾ ਵੱਲੋਂ ਨਕਸਲੀ ਸ਼ਹੀਦਾਂ ਨੂੰ ਸ਼ਰਧਾਂਜਲੀਆਂ

**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸੰਗਰਾਮ ਮੋਰਚਾ ਵੱਲੋਂ ਫਰੀਡਮ ਫਾਈਟਰ ਭਵਨ ਵਿਖੇ ਬਲਵੰਤ ਮਖੂ, ਸਰਬਣ ਸਿੰਘ, ਗੁਰਦੀਪ ਵੈਰੋਕੇ ਦੀ ਪ੍ਰਧਾਨਗੀ ਹੇਠ ਸ਼ਹੀਦ ਕਾਮਰੇਡ ਅਵਤਾਰ ਢੁੱਡੀਕੇ, ਕਾਮਰੇਡ ਲਾਲਇੰਦਰ ਲਾਲੀ, ਕਾਮਰੇਡ ਪ੍ਰਿਥੀਪਾਲ ਰੰਧਾਵਾ, ਕਾਮਰੇਡ ਬਾਬਾ ਬੂਝਾ ਸਿੰਘ, ਕਾਮਰੇਡ ਕਨਈ ਚੈਟਰਜੀ, ਕਾਮਰੇਡ ਚਾਰੂ ਮਜੂਮਦਾਰ, ਸ਼ਹੀਦ ਉਧਮ ਸਿੰਘ ਤੇ ਸ਼ਹੀਦ ਕਾਮਰੇਡ ਬਸਵਾ ਰਾਜੂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਕਰਾਇਆ ਗਿਆ।



ਇਸ ਦੌਰਾਨ ਦਰਸ਼ਨ ਤੂਰ ਨੇ ਸਟੇਜ ਸੰਚਾਲਨ ਕਰਦਿਆਂ ਸਮਾਗਮ ਦੇ ਆਰੰਭ 'ਚ ਖੜ੍ਹੇ ਹੋਕੇ ਦੋ ਮਿੰਟ ਮੌਨ ਧਾਰਨ ਕੀਤਾ ਗਿਆ ਤੇ ਲੋਕ ਸੰਗਰਾਮ ਮੋਰਚਾ ਦੇ ਪ੍ਰੈੱਸ ਸਕੱਤਰ ਪਰਮਜੀਤ ਜੀਰਾ ਨੇ ਮੋਰਚੇ ਦਾ ਝੰਡਾ ਨਿਵਾ ਕੇ ਰੋਹ ਭਰਪੂਰ ਨਾਅਰੇ ਲਾਕੇ ਮੋਨ ਸਮਾਪਤ ਕਰਾਉਂਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਉਪਰੰਤ ਗੀਤਕਾਰ ਅਜਮੇਰ ਅਕਲੀਆ ਨੇ ਸ਼ਹੀਦਾਂ ਬਾਰੇ ਗੀਤ ਗਾ ਕੇ ਸ਼ਰਧਾਂਜਲੀ ਅਰਪਣ ਕੀਤੀ।ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਕ੍ਰਾਂਤੀਕਾਰੀ ਈ-ਰਿਕਸ਼ਾ ਯੂਨੀਅਨ ਦੇ ਸਾਥੀਆਂ ਨੇ ਵੀ ਪ੍ਰੋਗਰਾਮ ਵਿੱਚ ਭਰਵੀਂ ਸ਼ਮੂਲੀਅਤ ਕੀਤੀ।ਲੋਕ ਸੰਗਰਾਮ ਮੋਰਚਾ ਦੇ ਆਗੂ ਰਾਜੇਸ਼ ਮਲਹੋਤਰਾ, ਸੁਖਮੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਬਲਦੇਵ ਜ਼ੀਰਾ, ਗੁਰਦੀਪ ਵੈਰੋਕੇ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬ੍ਰਾਹਮਣੀ ਹਿੰਦੂਤਵ ਫਾਸ਼ੀਵਾਦੀ ਮੋਦੀ ਸਰਕਾਰ ਨੇ ਮਾਓਵਾਦੀਆਂ ਦੀ ਅਗਵਾਈ ਵਿੱਚ ਬਸਤਰ ਖੇਤਰ ਵਿੱਚ ਚੱਲ ਰਹੇ ਸੰਘਰਸ਼ ਉਤੇ ਵੱਡਾ ਫੌਜੀ ਹੱਲਾ ਬੋਲਿਆ ਹੋਇਆ ਹੈ।ਲੰਮੇ ਸਮੇਂ ਤੋਂ ਆਦਿਵਾਸੀ ਜਲ- ਜੰਗਲ-ਜ਼ਮੀਨ ਤੇ ਸਵੈਮਾਨ ਲਈ ਲੜਾਈ ਲੜਦੇ ਆ ਰਹੇ ਹਨ।ਫ਼ਾਸ਼ੀਵਾਦੀ ਮੋਦੀ ਹਕੂਮਤ ਨੇ ਆਪਣੇ ਹੀ ਲੋਕਾਂ ਦੇ ਵਿਰੁੱਧ ਜੰਗ ਛੇੜ ਰੱਖੀ ਹੈ ਤੇ ਵੱਡੀ ਪੱਧਰ ਤੇ ਪੁਲਸ, ਅਰਧ ਸੈਨਿਕ ਬਲ ਅਤੇ ਹਵਾਈ ਫੌਜ ਨੂੰ ਜੰਗ ਵਿੱਚ ਉਤਾਰ ਰੱਖਿਆ ਹੈ। 5-5 ਕਿਲੋਮੀਟਰ ਦੀ ਦੂਰੀ ਤੇ ਪੱਕੀਆਂ ਛੌਣੀਆਂ ਬਿਠਾ ਦਿੱਤੀਆਂ ਹਨ। ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਸੱਚੇ ਝੂਠੇ ਪੁਲਸ ਮੁਕਾਬਲੇ ਬਣਾਏ ਜਾ ਰਹੇ ਹਨ।ਇਸ ਸਾਲ ਉਨਾਂ ਦੇ ਕਈ ਚੋਟੀ ਦੇ ਲੀਡਰ ਸ਼ਹੀਦ ਕਰ ਦਿੱਤੇ ਹਨ।ਸੰਘਰਸ਼ ਕਰ ਰਹੇ ਲੋਕਾਂ ਦੀ ਹੱਕੀ ਮੰਗ ਵੱਲ ਗੌਰ ਕਰਨ ਦੀ ਬਜਾਏ ਵੱਡਾ ਹਮਲਾ ਬੋਲਿਆ ਹੋਇਆ ਹੈ।ਅਖੀਰ ਸ਼ਾਮਲ ਹੋਈਆਂ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਦਾ ਤਾਰਾ ਸਿੰਘ ਮੋਗਾ ਸੂਬਾ ਪ੍ਰਧਾਨ ਨੇ ਧੰਨਵਾਦ ਕੀਤਾ।ਸ਼ਹੀਦ ਕਾਮਰੇਡਾਂ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਸੰਗਰਾਮ ਜਾਰੀ ਰੱਖਣ ਦਾ ਐਲਾਨ ਕੀਤਾ।

## ਅਮਨਦੀਪ ਸਿੰਘ ਗਿੱਦੜਬਾਹਾ ਨੂੰ ਤੀਜੀ ਵਾਰ ਜ਼ਿਲ੍ਹਾ ਪ੍ਰਧਾਨ ਚੁਣਿਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਜੈ ਮਿਲਾਪ ਮੈਡੀਕਲ ਲੈਬੋਰਟਰੀ ਐਸੋਸੀਏਸ਼ਨ ਦੀ ਮੀਟਿੰਗ ਕਟੀਨੇਟਲ ਢਾਬਾ ਗਿੱਦੜਬਾਹਾ ਵਿਖੇ ਹੋਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਮਨਦੀਪ ਸਿੰਘ ਗਿੱਦੜਬਾਹਾ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਕੋਰ ਕਮੇਟੀ ਦੀ ਇਲੈਕਸ਼ਨ-ਕਮ-ਸਲੈਕਸ਼ਨ ਮੀਟਿੰਗ ਸਟੇਟ ਅਬਜ਼ਰਵਰ ਟੀਮ ਦੇ ਤੌਰ 'ਤੇ ਜ਼ਿਲ੍ਹਾ ਫਾਜ਼ਿਲਕਾ ਟੀਮ ਦੀ ਅਗਵਾਈ ਵਿੱਚ ਸੰਪੰਨ ਹੋਈ। ਇਸ ਮੌਕੇ ਤਿੰਨ ਜ਼ਿਲ੍ਹਿਆਂ ਦੇ ਇੰਚਾਰਜ ਜਗਜੀਤ ਸਿੰਘ ਰੂਬੀ ਲੈਬੋਰੇਟਰੀ ਲੰਬੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਸ ਵਿੱਚ ਸਰਬ ਸੰਮਤੀ ਦੇ ਨਾਲ ਸਮੁੱਚੀ ਬਲਾਕ ਕੋਰ ਕਮੇਟੀਆਂ ਨੇ ਅਗਲੇ ਦੋ ਸਾਲ ਲਈ ਹੇਠ ਲਿਖੀ ਜ਼ਿਲ੍ਹਾ ਕੋਰ ਕਮੇਟੀ ਦੀ ਚੋਣ ਕੀਤੀ।ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਚਾਰ ਬਲਾਕ ਪ੍ਰਧਾਨਾਂ ਤੇ ਸਾਰਿਆਂ ਦੀ ਸਹਿਮਤੀ ਨਾਲ ਪੁਰਾਣੀ ਟੀਮ ਨੂੰ 2 ਸਾਲ ਦੀ ਹੋਰ ਸੇਵਾ ਕਰਨ ਦਾ ਮੌਕਾ ਦਿੱਤਾ, ਜ਼ਿਕਰਯੋਗ ਹੈ ਕਿ ਅਮਨਦੀਪ ਸਿੰਘ ਗਿੱਦੜਬਾਹਾ ਨੂੰ ਤੀਜੀ ਵਾਰ ਲਗਾਤਾਰ ਜ਼ਿਲ੍ਹਾ ਪ੍ਰਧਾਨ ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ।ਚੁਣੀ ਗਈ ਟੀਮ ਵਿੱਚ ਅਮਨਦੀਪ ਸਿੰਘ ਪ੍ਰਧਾਨ, ਜਤਿੰਦਰ ਸਿੰਘ ਬਰਾੜ ਸੈਕਟਰੀ, ਗੁਰਵਿੰਦਰ ਸਿੰਘ ਖਜ਼ਾਨਚੀ, ਬੌਬੀ ਮੱਕੜ ਉਪ ਪ੍ਰਧਾਨ, ਸਤਪਾਲ ਵਾਲੀਆ ਚੇਅਰਮੈਨ ਦੀ ਚੋਣ ਕੀਤੀ ਗਈ। ਇਸ ਮੌਕੇ ਸ੍ਰੀ ਮੁਕਤਸਰ ਸਾਹਿਬ ਮਲੋਟ ਗਿੱਦੜਬਾਹਾ ਲੰਬੀ ਦੇ ਲੰਬੀ ਬਲਾਕ ਦੇ ਪ੍ਰਧਾਨ ਹਾਜ਼ਰ ਸਨ।ਇਸ ਮੌਕੇ ਚੁਣੇ ਹੋਏ ਅਹੁਦੇਦਾਰਾਂ ਨੇ ਜੈ ਮਿਲਾਪ ਮੈਡੀਕਲ ਲੈਬੋਰੇਟਰੀ ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਐਸੋਸੀਏਸ਼ਨ ਦੇ ਹੱਕ ਵਿੱਚ ਇਮਾਨਦਾਰੀ ਤੇ ਤਨਦੇਹੀ ਨਾਲ ਸੇਵਾ ਕਰਨਗੇ ਤੇ ਸਾਰੇ ਮੈਂਬਰਾਂ ਦੇ ਦੁੱਖ ਸੁੱਖ ਵਿੱਚ ਉਨ੍ਹਾਂ ਦਾ ਪਹਿਲ ਦੇ ਅਧਾਰ 'ਤੇ ਸਾਥ ਦੇਣਗੇ।

## ਸ਼ੂਗਰ ਮਰੀਜ਼ਾਂ ਦੀ ਭਲਾਈ ਲਈ ਲਗਾਇਆ 15 ਦਿਨਾ ਕੈਂਪ ਸੰਪੰਨ



**ਬੁਢਲਾਡਾ (ਅਸ਼ੋਕ ਲਾਕੜਾ)**-ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ ਆਸੂਤੋਸ਼ ਆਯੂਰਵੈਦਿਕ ਹਸਪਤਾਲ ਦੇ ਐੱਮ ਡੀ ਆਯੂਰਵੈਦਿਕ ਡਾਕਟਰ ਸਾਹਿਲ ਅਰੋੜਾ ਦੇ ਸਹਿਯੋਗ ਨਾਲ ਸ਼ੂਗਰ ਮਰੀਜ਼ਾਂ ਦੀ ਭਲਾਈ ਲਈ ਲਗਾਏ ਪੰਦਰਾਂ ਦਿਨਾਂ ਕੈਂਪ ਦੀ ਵਿਧੀਵਤ ਸਮਾਪਤੀ ਅੱਜ ਡਾਕਟਰ ਸਾਹਿਲ ਵੱਲੋਂ ਮਰੀਜ਼ਾਂ ਨੂੰ ਸ਼ੁਗਰ ਦੀ ਰੋਕਥਾਮ ਲਈ ਹਦਾਇਤਾਂ ਦੇ ਕੇ ਕੀਤੀ ਗਈ।ਖਾਣ ਪੀਣ ਤੇ ਰਹਿਣ ਸਹਿਣ ਦੇ ਬਹੁਤ ਲਾਭਦਾਇਕ ਸੁਝਾਅ ਦਿੱਤੇ।ਮਰੀਜ਼ਾਂ ਨੂੰ ਵਿਸ਼ੇਸ਼ ਪੌਸ਼ਟਿਕ ਦਲੀਏ ਦਾ ਪ੍ਰਸ਼ਾਦ ਬਣਾ ਕੇ ਵੰਡਿਆ ਗਿਆ ਤੇ ਕਾਹੜਾ ਪਿਲਾਇਆ ਗਿਆ।ਮਰੀਜ਼ਾਂ ਵੱਲੋਂ ਇਸ ਕੈਂਪ ਦੀ ਬੜੀ ਸ਼ਲਾਘਾ ਕੀਤੀ ਗਈ।ਸੰਸਥਾ ਵੱਲੋਂ ਡਾਕਟਰ ਸਾਹਿਲ ਅਰੋੜਾ ਸਮੇਤ ਸਾਰੀ ਟੀਮ ਨੂੰ ਸਨਮਾਨਤ ਕੀਤਾ ਗਿਆ।ਰਿਟਾਇਰ ਪਟਵਾਰੀ ਬਲਵਿੰਦਰ ਸਿੰਘ ਹਾਕਮ ਵਾਲਾ ਵੱਲੋਂ ਡਾਕਟਰ ਸਾਹਿਲ ਅਰੋੜਾ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ ਗਿਆ।ਸਾਹਿਲ ਅਰੋੜਾ ਵੱਲੋਂ ਕੈਂਪ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਸੰਸਥਾ ਮੈਂਬਰਾਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਸਥਾ ਦੇ ਮੈਂਬਰ ਤੇ ਮਰੀਜ਼ ਹਾਜ਼ਰ ਸਨ।

## ਨਰੋਏ ਸਾਹਿਤ ਦੀ ਸਿਰਜਣਾ ਲਈ ਨਰੋਈ ਸਿਹਤ ਲਾਜ਼ਮੀ : ਡਾ. ਟੱਲੇਵਾਲੀਆ



**ਸੰਗਰੂਰ (ਪ੍ਰਵੀਨ ਸਿੰਘ)**-ਅਜੋਕੇ ਸਮੇਂ ਇਹ ਅਣਸਰਦੀ ਲੋੜ ਬਣ ਗਈ ਹੈ ਕਿ ਮਨੁੱਖ ਖਾਣ-ਪੀਣ ਵਾਲੀਆਂ ਡੱਬਾਬੰਦ ਜਾਂ ਫਾਸਟਫੂਡ ਜਿਹੀਆਂ ਬਾਜ਼ਾਰੂ ਵਸਤੂਆਂ ਤੋਂ ਸਖ਼ਤੀ ਨਾਲ ਪ੍ਰਹੇਜ਼ ਕਰੇ, ਕਿਉਂਕਿ ਨਰੋਏ ਸਾਹਿਤ ਦੀ ਸਿਰਜਣਾ ਲਈ ਨਰੋਈ ਸਿਹਤ ਲਾਜ਼ਮੀ ਹੈ।ਇਹ ਸ਼ਬਦ ਉੱਘੇ ਹੋਮਿਓਪੈਥਿਕ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਬੋਲਦਿਆਂ ਕਹੇ।ਹੋਮਿਓਪੈਥੀ ਬਾਰੇ ਵਿਸਥਾਰ ਸਹਿਤ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਹੋਮਿਓਪੈਥੀ ਨਿਰੋਲ ਵਿਗਿਆਨਕ ਪੈਥੀ ਹੈ ਤੇ ਇਹ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਕਾਰਗਰ ਸਿੱਧ ਹੁੰਦੀ ਹੈ।ਇਹ ਸਮਾਗਮ ਦਰਜਨਾਂ ਪੁਸਤਕਾਂ ਦੇ ਲੇਖਕ ਬਾਲ ਗ਼ਜ਼ਲਗੋ ਜਗਜੀਤ ਸਿੰਘ ਲੱਡਾ ਦੀ ਪ੍ਰਧਾਨਗੀ ਵਿੱਚ ਹੋਇਆ।ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਨਾਲ ਗੁਰਮੁੱਖ ਸਿੰਘ ਦਿਲਬਰ, ਕਰਮ ਸਿੰਘ ਜ਼ਖ਼ਮੀ ਤੇ ਰਜਿੰਦਰ ਸਿੰਘ ਰਾਜਨ ਸ਼ਾਮਲ ਹੋਏ।ਇਸ ਮੌਕੇ ਡਾ. ਟੱਲੇਵਾਲੀਆ ਵੱਲੋਂ ਲੇਖਕ ਭਵਨ ਦੀ ਲਾਇਬ੍ਰੇਰੀ ਲਈ ਦੋ ਸੌ ਦੇ ਕਰੀਬ ਮਿਆਰੀ ਪੁਸਤਕਾਂ ਭੇਟ ਕੀਤੀਆਂ ਗਈਆਂ।ਸਭਾ ਵੱਲੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਪ੍ਰਫੁੱਲਤਾ ਲਈ ਵਡਮੁੱਲਾ ਯੋਗਦਾਨ ਪਾਉਣ ਤੇ ਖ਼ਾਸ ਕਰ ਕੇ ਸਾਹਿਤਕਾਰਾਂ ਦਾ ਇਲਾਜ ਬਿਨਾਂ ਪੈਸੇ ਲਏ ਕਰਨ ਦੇ ਮਹਾਨ ਕਾਰਜ ਲਈ ਸਨਮਾਨਤ ਕੀਤਾ ਗਿਆ। ਉਪਰੰਤ ਵਿਸ਼ਾਲ ਸਾਵਣ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਪੰਜ ਦਰਜਨ ਤੋਂ ਵੱਧ ਕਵੀਆਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਹਾਜ਼ਰੀ ਲਵਾਈ।ਸੁਖਵਿੰਦਰ ਸਿੰਘ ਲੋਟੇ ਵੱਲੋਂ ਹਰ ਵਾਰ ਦੀ ਤਰ੍ਹਾਂ ਸਿਖਿਆਰਥੀਆਂ ਲਈ ਅਰੂਜ਼ ਸਬੰਧੀ ਜਾਣਕਾਰੀ ਦਿੱਤੀ ਗਈ।ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।


**LOVELY PROFESSIONAL UNIVERSITY**

Jalandhar-Delhi G.T. Road. Phagwara, Distt. Kapurthala, Punjab (India) - 144411

**PUBLIC NOTICE**

This is for information of the students and all other concerned that some of the residential facilities for the purpose of students of the Lovely Professional University also including gymnasium, mess and laundry facilities are managed and operated by its associate Pro Brick Space Private Limited, Jalandhar City.

The applicable charges for the said facilities for the academic session 2025-2026 are as below:

| Residential Facility | Maximum Charges (in INR) | |
|---|---|---|
| | AC | Non-AC |
| 1-Seater Apartment (AC) | 200000 | NA |
| 2-Seater Apartment (AC) | 190000 | NA |
| 3-Seater Apartment (AC) | 170000 | NA |
| 4-Seater Apartment (AC) | 150000 | NA |
| 1-Seater (Standard Room) | 200000 | NA |
| 2-Seater (Standard Room) | 180000 | 160000 |
| 3-Seater (Standard Room) | 160000 | 145000 |
| 4-Seater (Standard Room) | 140000 | 130000 |
| 5-Seater (Standard Room) | 130000 | 120000 |
| 6-Seater (Standard Room) | 130000 | 120000 |
| 7-Seater (Standard Room) | 130000 | 120000 |
| 8-Seater (Standard Room) | 130000 | 120000 |
| 4*2-Seater or Others (Standard Room) | NA | 120000 |

| Other Facilities | Charges (in INR) | |
|---|---|---|
| Standard Mess - with four meals (Breakfast/Lunch/Tea Snacks/ Dinner) | 46000 | |
| Standard Mess - with three meals (Breakfast/Lunch/Dinner) | 42000 | |
| Standard Mess - with two meals (Breakfast/Dinner) | 38000 | |
| Standard Mess - with two meals (Lunch/Dinner) | 38000 | |
| Ala Carte - Choice of Dishes - with four meals (Breakfast/Lunch/Tea Snacks/Dinner) | 55000 | |
| Laundry Facility | 5200 | |
| GYM Facility | Day Scholars | 6000 |
| | Hostellers | 5000 |

Further details in respect of the above are published on the University's official website link: www.lpu.in/student-services/residence.php.

Registrar

# ਲੈਂਡ ਪੂਲਿੰਗ ਨੀਤੀ ਤਹਿਤ ਇੱਕ ਇੰਚ ਵੀ ਜ਼ਮੀਨ ਨਹੀਂ ਦੇਵਾਂਗੇ : ਪੀੜਤ ਕਿਸਾਨ



**ਪਠਾਨਕੋਟ (ਦਵਿੰਦਰ ਸਿੰਘ)**

ਪਠਾਨਕੋਟ ਜ਼ਿਲ੍ਹੇ ਦੇ ਪਿੰਡ ਇਸਲਾਮਪੁਰ ਵਿਖੇ ਪੀੜਤ ਕਿਸਾਨਾਂ ਦੀ ਮੀਟਿੰਗ ਹੋਈ ਅਤੇ ਪਿੰਡਾਂ ਦੇ ਕਿਸਾਨਾਂ ਨੇ ਐਲਾਨ ਕੀਤਾ ਕਿ ਲੈਂਡ ਪੂਲਿੰਗ ਨੀਤੀ ਤਹਿਤ ਇੱਕ ਇੰਚ ਜ਼ਮੀਨ ਵੀ ਨਹੀਂ ਦੇਵਾਂਗੇ।ਇਸ ਮੀਟਿੰਗ ਵਿੱਚ ਇਸਲਾਮਪੁਰ, ਮਲਿਕਪੁਰ, ਭਜੂਰਾ, ਇਟੀ, ਆਸਾਬਾਨੋ ਦੇ ਲੋਕ ਸ਼ਾਮਲ ਹੋਏ ਜਿਸ ਨੂੰ ਇਸਲਾਮਪੁਰ ਦੇ ਸਰਪੰਚ ਜਰਨੈਲ ਸਿੰਘ, ਇੰਦਰਜੋਤ ਸਿੰਘ ਭਜੂਰਾ, ਅਤਰ ਸਿੰਘ ਮਲਿਕਪੁਰ, ਅਮਨ ਸੋਨੀ, ਹਰਬੰਸ ਲਾਲ ਭਜੂਰਾ, ਓਂਕਾਰ ਸਿੰਘ, ਹਰਦਿਆਲ ਸਿੰਘ, ਬੂਟਾ ਸਿੰਘ, ਓਂਕਾਰ ਸਿੰਘ ਨੇ ਸੰਬੋਧਨ ਕੀਤਾ।ਸੰਯੁਕਤ ਕਿਸਾਨ ਮੋਰਚੇ ਵੱਲੋਂ ਕਾਮਰੇਡ ਬਲਵੰਤ ਸਿੰਘ ਘੋਹ, ਕੇਵਲ ਕਾਲੀਆ ਤੇ ਬਲਬੀਰ ਸਿੰਘ ਹਾਜ਼ਰ ਹੋਏ।ਬੁਲਾਰਿਆਂ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਕਿਸਾਨਾਂ ਲਈ ਜ਼ਬਰਦਸਤੀ ਜ਼ਮੀਨਾਂ ਖੋਹਣ ਦੀ ਸਾਜ਼ਿਸ਼ ਹੈ।ਇਹ ਨੀਤੀ ਕਿਸਾਨ ਵਿਰੋਧੀ ਅਤੇ ਲੋਕ ਵਿਰੋਧੀ ਹੈ ਅਤੇ ਪੇਂਡੂ ਵਿਕਾਸ ਨੂੰ ਨਜ਼ਰਅੰਦਾਜ਼ ਕਰਦੀ ਹੈ।ਸਰਕਾਰ ਧੱਕੇ ਨਾਲ ਕਿਸਾਨਾਂ ਕੋਲੋਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆ ਨੂੰ ਲਾਭ ਪੁਚਾਉਣਾ ਚਾਹੁੰਦੀ ਹੈ।ਇਸ ਨੀਤੀ ਨਾਲ ਕਿਸਾਨ ਤੇ ਪਿੰਡਾਂ ਵਾਲੇ ਲੋਕ ਉਜੜ ਜਾਣਗੇ।ਮੀਟਿੰਗ ਵਿੱਚ ਸ਼ਾਮਲ ਸਮੂਹ ਪਿੰਡਾਂ ਨੇ ਸਰਬਸਮਤੀ ਨਾਲ ਕਿਹਾ ਕਿ ਇਸ ਲੈਂਡ ਪੂਲਿੰਗ ਨੀਤੀ ਵਿਰੁੱਧ ਸੰਘਰਸ਼ ਕਰਨਗੇ ਤੇ ਇਸ ਨੀਤੀ ਨੂੰ ਲਾਗੂ ਨਹੀਂ ਕਰਨ ਦਿੱਤਾ ਜਾਵੇਗਾ।ਉਨ੍ਹਾਂ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਨੀਤੀ ਨੂੰ ਰੱਦ ਕੀਤਾ ਜਾਵੇ।ਉਨ੍ਹਾਂ ਸਰਬਸਮਤੀ ਨਾਲ ਐਲਾਨ ਕੀਤਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਇਸ ਨੀਤੀ ਵਿਰੁੱਧ 30 ਜੁਲਾਈ ਨੂੰ ਜੋ ਟਰੈਕਟਰ ਮਾਰਚ ਕੀਤਾ ਜਾ ਰਿਹਾ ਹੈ, ਉਸ ਵਿੱਚ ਪੂਰੀ ਤਾਕਤ ਨਾਲ ਸ਼ਾਮਲ ਹੋਵਾਗੇ।ਉਨ੍ਹਾਂ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ 30 ਜੁਲਾਈ ਨੂੰ 10-30 ਵਜੇ ਮਲਿਕਪੁਰ ਚੌਂਕ ਵਿਖੇ ਇਕੱਠੇ ਹੋਵੋ ਅਤੇ ਟਰੈਕਟਰ ਮਾਰਚ ਦਾ ਹਿੱਸਾ ਬਣੋ।

# ਪਿੰਡ ਡਾਲਾ, ਭੋਲਾ ਦੇ ਬੱਸ ਸਟਾਪ ਦੀ ਸ਼ੈੱਡ ਨਾ ਹੋਣ ਕਾਰਨ ਪਿੰਡ ਵਾਸੀ ਪ੍ਰੇਸ਼ਾਨ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ ਵਿਚਕਾਰ ਪੈਂਦੇ ਪਿੰਡ ਡਾਲਾ, ਭੋਲਾ ਦਾ ਬੱਸ ਸ਼ੈੱਡ ਨਾ ਹੋਣ ਕਾਰਨ ਲੋਕਾਂ ਨੂੰ ਮੀਂਹ, ਧੁੱਪ, ਹਨੇਰੀ ਵਿੱਚ ਖੁੱਲੇ ਅਸਮਾਨ ਦੇ ਹੇਠਾਂ ਖੜ੍ਹ ਕੇ ਬੱਸਾਂ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਸੜਕ 'ਤੇ ਕਾਫੀ ਪਿੰਡਾਂ ਦੇ ਬੱਸ ਸ਼ੈੱਡ ਬਣੇ ਹੋਏ ਹਨ ਪਰ ਉਨ੍ਹਾਂ ਦੇ ਪਿੰਡਾਂ ਡਾਲਾ ਅਤੇ ਭੋਲਾ ਦਾ ਬੱਸ ਸ਼ੈੱਡ ਸੜਕ 'ਤੇ ਨਹੀਂ ਬਣਿਆ ਹੋਇਆ। ਉਨ੍ਹਾਂ ਕਿਹਾ ਬਜ਼ੁਰਗ ਅਤੇ ਸਕੂਲ ਜਾਣ ਵਾਲੇ ਬੱਚਿਆਂ ਤੋਂ ਇਲਾਵਾ ਕਈ ਮਾਵਾਂ ਛੋਟੇ ਬੱਚਿਆਂ ਨੂੰ ਚੁੱਕ ਕੇ ਕੜਕਦੀ ਧੁੱਪ, ਮੀਂਹ, ਹਨੇਰੀ ਦੇ ਵਿਚ ਸੜਕ 'ਤੇ ਖੜ੍ਹ ਕੇ ਬੱਸਾਂ ਦਾ ਇੰਤਜ਼ਾਰ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਮੋੜ 'ਤੇ ਬੱਸ ਸ਼ੈੱਡ ਬਣ ਜਾਂਦਾ ਹੈ ਤਾਂ ਸਵਾਰੀਆਂ ਨੂੰ ਮੀਂਹ, ਹਨੇਰੀ 'ਚ ਬੱਸ ਸ਼ੈੱਡ ਵਿਚ ਬੈਠਣ ਲਈ ਜਗ੍ਹਾ ਮਿਲ ਜਾਂਦੀ ਹੈ ਅਤੇ ਬੱਸ ਆਉਣ 'ਤੇ ਲੋਕ ਆਰਾਮ ਨਾਲ ਬੱਸ ਵਿੱਚ ਬੈਠ ਸਕਦੇ ਹਨ। ਉਨ੍ਹਾਂ ਕਿਹਾ ਨਜ਼ਦੀਕੀ ਪਿੰਡਾਂ ਵਿਚ ਬੱਸ ਸ਼ੈੱਡ ਬਣੇ ਹੋਏ ਹਨ ਜਦਕਿ ਸਾਡੇ ਪਿੰਡਾਂ ਵਿਚ ਬੱਸ ਸ਼ੈਡ ਨਾ ਹੋਣ ਕਾਰਨ ਪ੍ਰਸ਼ਾਸਨ 'ਤੇ ਸਵਾਲੀਆ ਨਿਸ਼ਾਨ ਖੜੇ ਕਰਦਾ ਹੈ ? ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪਿੰਡ ਡਾਲਾ, ਭੋਲਾ ਸੜਕ ਕੰਢੇ ਬੱਸ ਸ਼ੈੱਡ ਬਣਾਏ ਜਾਣ ਤਾਂ ਜੋ ਬੱਸਾਂ ਦੀ ਉਡੀਕ ਕਰਨ ਵਾਲੀਆਂ ਸਵਾਰੀਆਂ ਨੂੰ ਇਸ ਦਾ ਲਾਭ ਮਿਲ ਸਕੇ।

# ਮਿਆਰੀ ਸਿਹਤ ਸੇਵਾਵਾਂ ਦਾ ਲਾਭ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਲੋਕਾਂ ਨੂੰ ਵੀ ਮਿਲ ਰਿਹਾ : ਰਮਨ ਬਹਿਲ



**ਗੁਰਦਾਸਪੁਰ, (ਜਨਕ ਮਹਾਜਨ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਮਿਆਰੀ ਸਿਹਤ ਸੇਵਾਵਾਂ ਦਾ ਲਾਭ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਵਾਸੀਆਂ ਨੂੰ ਵੀ ਮਿਲ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਹਸਪਤਾਲ ਬੱਬਰੀ ਗੁਰਦਾਸਪੁਰ ਤੇ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਵਿਖੇ ਹਾਰਟ ਅਟੈਕ ਤੋਂ ਬਚਾਉਣ ਵਾਲੇ ਇੰਜੈਕਸ਼ਨਾਂ ਦੀ ਸਹੂਲਤ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਨਾਲ ਬੀਤੇ ਇੱਕ ਮਹੀਨੇ ਵਿੱਚ 7 ਲੋਕਾਂ ਦੀ ਹਾਰਟ ਅਟੈਕ ਦੌਰਾਨ ਕੀਮਤੀ ਜਾਨ ਬਚਾਈ ਜਾ ਸਕੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਜਦੋਂ ਵੀ ਇਨ੍ਹਾਂ ਦੋਵਾਂ ਹਸਪਤਾਲਾਂ ਵਿੱਚ ਕੋਈ ਹਾਰਟ ਅਟੈਕ ਦਾ ਮਰੀਜ਼ ਆਉਂਦਾ ਹੈ ਤਾਂ ਐਮਰਜੈਂਸੀ ਵਿੱਚ ਡਾਕਟਰਾਂ ਵੱਲੋਂ ਉਸ ਮਰੀਜ਼ ਦੀ ਈ.ਸੀ.ਜੀ. ਕਰਕੇ ਵਟਸਐਂਪ ਰਾਹੀਂ ਉਸਦੀ ਫੋਟੋ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਅਤੇ ਡੀਐਮਸੀ ਲੁਧਿਆਣਾ ਵਿਖੇ ਭੇਜੀ ਜਾਂਦੀ ਹੈ।ਇਨ੍ਹਾਂ ਹਸਪਤਾਲਾਂ ਦੇ ਮਾਹਿਰ ਡਾਕਟਰਾਂ ਵੱਲੋਂ ਉਸ ਈਸੀਜੀ ਨੂੰ ਦੇਖ ਕੇ ਤੁਰੰਤ ਢੁੱਕਵੇਂ ਇਲਾਜ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਜਿਹੜਾ ਇੰਜੈਕਸ਼ਨ ਲਗਾਉਣਾ ਹੈ ਉਸ ਬਾਰੇ ਡਾਕਟਰਾਂ ਨੂੰ ਦੱਸਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਹਾਰਟ ਅਟੈਕ ਦੌਰਾਨ ਲੱਗਣ ਵਾਲੇ ਇਨ੍ਹਾਂ ਇੰਜੈਕਸ਼ਨਾਂ ਦੀ ਬਾਜ਼ਾਰ ਵਿੱਚ ਕੀਮਤ 30000 ਰੁਪਏ ਦੇ ਕਰੀਬ ਹੈ ਪਰ ਪੰਜਾਬ ਸਰਕਾਰ ਵੱਲੋਂ ਇਹ ਇੰਜੈਕਸ਼ਨ ਜ਼ਿਲ੍ਹਾ ਹਸਪਤਾਲ ਬੱਬਰੀ ਗੁਰਦਾਸਪੁਰ ਤੇ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਵਿਖੇ ਬਿਲਕੁਲ ਮੁਫ਼ਤ ਮੁਹੱਈਆ ਕਰਵਾਏ ਗਏ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਉਪਰੋਕਤ ਦੋ ਹਸਪਤਾਲਾਂ ਵਿੱਚ ਇਹ ਸੇਵਾ ਪਿਛਲੇ ਮਹੀਨੇ ਸ਼ੁਰੂ ਹੋਈ ਸੀ ਅਤੇ ਹੁਣ ਤੱਕ ਜ਼ਿਲ੍ਹਾ ਹਸਪਤਾਲ ਬੱਬਰੀ ਗੁਰਦਾਸਪੁਰ ਵਿਖੇ 5 ਤੇ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਵਿਖੇ 2 ਮਰੀਜ਼ਾਂ ਨੂੰ ਇਹ ਇੰਜੈਕਸ਼ਨ ਲਗਾ ਕੇ ਬਚਾਇਆ ਜਾ ਚੁੱਕਾ ਹੈ।

# ਮਲਕਪੁਰ ਵਿਖੇ ਗੁਰਮਤਿ ਸਮਾਗਮ 'ਚ ਸੰਤਾਂ ਦੀ ਹਾਜ਼ਰੀ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਗੁ: ਤੱਪ ਅਸਥਾਨ ਬਾਪੂ ਸੰਪੂਰਨ ਸਿੰਘ ਮਲਕਪੁਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪਹੁੰਚੇ ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁ: ਗੁਰੂ ਕੀ ਬੇਰ ਸਾਹਿਬ ਪਾਤਸ਼ਾਹੀ ਛੇਵੀਂ ਮੱਤੇਵਾਲ, ਬਾਬਾ ਗੁਰਬਚਨ ਸਿੰਘ ਸੁਰ ਸਿੰਘ, ਸੰਤ ਬਾਬਾ ਅਮਰੀਕ ਸਿੰਘ ਨਿੱਕੇ ਘੁੰਮਣ, ਬਾਬਾ ਨੰਦ ਸਿੰਘ ਮੁੰਡਾ ਪਿੰਡ, ਬਾਬਾ ਤਰਲੋਚਨ ਸਿੰਘ ਨਿੱਕੇ ਘੁੰਮਣ, ਬਾਬਾ ਗੁਰਭੇਜ ਸਿੰਘ ਗੁਰਦੁਆਰਾ ਹੋਲਗੜ੍ਹ ਸਾਹਿਬ ਖੁਜਾਲਾ, ਬਾਬਾ ਗੁਰਦੀਪ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਨਾਨਕ ਦੁਖ ਨਿਵਾਰਨ ਖੁਜਾਲੇ ਵਾਲੇ, ਬਾਬਾ ਮਨਮੋਹਨ ਸਿੰਘ ਭੰਗਾਲੀ ਵਾਲੇ, ਸੰਤ ਕੰਡੇ ਵਾਲੇ, ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਸਰਵਣ ਸਿੰਘ ਅਤੇ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲਿਆਂ ਹਾਜ਼ਰੀ ਭਰੀ।

# ਇਟਲੀ 'ਚ ਲਾਪਤਾ ਹੋਏ ਹਰਮਨਦੀਪ ਦੇ ਪਰਿਵਾਰ ਨੂੰ ਮਿਲਣ ਗੁਰਜੀਤ ਔਜਲਾ ਉਨ੍ਹਾਂ ਦੇ ਘਰ ਪਹੁੰਚੇ



**ਚੋਗਾਵਾਂ (ਸੁਖਦੇਵ ਚੋਗਾਵਾਂ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਸਰਹੱਦੀ ਖੇਤਰ ਦੇ ਪਿੰਡ ਮੁਹਾਵਾ ਨਜ਼ਦੀਕ ਅਟਾਰੀ ਵਿਖੇ ਕਾਬਲ ਸਿੰਘ ਨੂੰ ਮਿਲਣ ਉਨ੍ਹਾਂ ਦੇ ਘਰ ਪਹੁੰਚੇ।ਵਰਨਣਯੋਗ ਹੈ ਕਿ ਕਾਬਲ ਸਿੰਘ ਦਾ ਪੁੱਤਰ ਹਰਮਨਦੀਪ ਸਿੰਘ ਇਟਲੀ ਦਾ ਰਹਿਣ ਵਾਲਾ ਹੈ, ਅਤੇ ਪਿਛਲੇ ਕੁਝ ਦਿਨਾਂ ਤੋਂ ਲਾਪਤਾ ਹੈ।ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਅਤੇ ਇਹ ਵੀ ਦੱਸਿਆ ਕਿ ਇਸ ਮਾਮਲੇ ਵਿੱਚ ਦੂਤਾਵਾਸ ਨਾਲ ਲਗਾਤਾਰ ਗੱਲਬਾਤ ਚੱਲ ਰਹੀ ਹੈ ਅਤੇ ਉੱਥੋਂ ਦੀ ਪੁਲਸ ਵੀ ਪੂਰੀ ਮਦਦ ਕਰ ਰਹੀ ਹੈ।ਔਜਲਾ ਨੇ ਦੱਸਿਆ ਕਿ ਹਰਮਨਦੀਪ ਸਿੰਘ ਲਗਭਗ ਸੱਤ ਸਾਲ ਪਹਿਲਾਂ ਇਟਲੀ ਗਿਆ ਸੀ ਅਤੇ 22 ਜੁਲਾਈ ਨੂੰ ਇਟਲੀ ਦੇ ਪੋਂਟੀਨਾ ਵਿੱਚ ਇੱਕ ਡੇਅਰੀ ਫਾਰਮ ਤੇ ਕੰਮ ਕਰਨ ਤੋਂ ਬਾਅਦ ਘਰ ਵਾਪਸ ਆਉਂਦੇ ਸਮੇਂ ਲਾਪਤਾ ਹੋ ਗਿਆ ਅਤੇ ਉਸ ਸਮੇਂ ਤੋਂ ਉਸਦਾ ਕੋਈ ਸੁਰਾਗ ਨਹੀਂ ਮਿਲ ਰਿਹਾ।ਉਨ੍ਹਾਂ ਕਿਹਾ ਕਿ ਉਸਨੂੰ ਲੱਭਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ, ਅਤੇ ਉਮੀਦ ਹੈ ਕਿ ਹਰਮਨਦੀਪ ਸਿੰਘ ਜਲਦੀ ਤੋਂ ਜਲਦੀ ਆਪਣੇ ਪਰਿਵਾਰ ਕੋਲ ਹੋਵੇਗਾ।

# ਸਿੱਖ ਵਿਦਿਆਰਥਣ ਗੁਰਪ੍ਰੀਤ ਕੌਰ ਨਾਲ ਹੋਏ ਭੇਦਭਾਵ ਦੀ ਰਾਸਾ ਪੰਜਾਬ ਵੱਲੋਂ ਸਖ਼ਤ ਨਿੰਦਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਫੇਲੋਕੇ ਦੀ ਸਿੱਖ ਬੱਚੀ ਗੁਰਪ੍ਰੀਤ ਕੌਰ, ਜੋ ਕਿ ਜੱਜ ਬਣਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਰਾਜਸਥਾਨ ਦੇ ਜੈਪੁਰ ਸ਼ਹਿਰ ਵਿਖੇ ਸਿਵਲ ਜੱਜ ਦੀ ਪ੍ਰੀਖਿਆ ਦੇਣ ਪਹੁੰਚੀ ਸੀ, ਨੂੰ ਸਿਰਫ ਇਸ ਲਈ ਪ੍ਰੀਖਿਆ ਵਿੱਚ ਬੈਠਣ ਤੋਂ ਰੋਕ ਦਿੱਤਾ ਗਿਆ ਕਿਉਂਕਿ ਉਸ ਨੇ ਸਿੱਖੀ ਕਕਾਰ ਪਹਿਨੇ ਹੋਏ ਸਨ।ਇਸ ਗੰਭੀਰ ਮਾਮਲੇ ਤੇ ਰਾਸਾ ਪੰਜਾਬ ਵੱਲੋਂ ਤੁਰੰਤ ਪ੍ਰਤੀਕਿਰਿਆ ਦਿੱਤੀ ਗਈ।ਰਾਸਾ ਪੰਜਾਬ ਦੇ ਪ੍ਰਧਾਨ ਸਕੱਤਰ ਸਿੰਘ ਸੰਧੂ ਅਤੇ ਜਿਲ੍ਹਾ ਪ੍ਰਧਾਨ ਰਮਨਪ੍ਰੀਤ ਸਿੰਘ ਗਿੱਲ ਨੇ ਇਸਨੂੰ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਤੀਕ ਕਰਾਰ ਦਿੰਦਿਆਂ ਕਿਹਾ ਕਿ ਇਹ ਵਰਤਾਰਾ ਤੰਗ ਦਿਲੀ ਅਤੇ ਭੇਦਭਾਵ ਪੂਰਕ ਸੋਚ ਦਾ ਨਤੀਜਾ ਹੈ।ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਗਲਤ ਨੀਤੀਆਂ ਕਰਕੇ ਹੀ ਪੰਜਾਬ ਦੇ ਲੱਖਾਂ ਨੌਜਵਾਨ ਵਿਦੇਸ਼ਾਂ ਦਾ ਰੁਖ ਕਰ ਰਹੇ ਹਨ ਜਿਨ੍ਹਾਂ ਕੁਝ ਬੱਚਿਆਂ ਨੇ ਦੇਸ਼ ਵਿੱਚ ਹੀ ਰਹਿ ਕੇ ਉਚੀ ਸਿੱਖਿਆ ਅਤੇ ਇੱਜ਼ਤਦਾਰ ਅਹੁਦੇ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ, ਜੇਕਰ ਉਨ੍ਹਾਂ ਨਾਲ ਅਜਿਹੀ ਵਿਤਕਰਾ ਹਵੇਗਾ ਤਾਂ ਉਨ੍ਹਾਂ ਦਾ ਸੰਵਿਧਾਨ ਤੇ ਵਿਸ਼ਵਾਸ ਡੋਲ ਜਾਵੇਗਾ।ਰਾਸਾ ਪੰਜਾਬ ਵੱਲੋਂ ਮੰਗ ਕੀਤੀ ਗਈ ਹੈ ਕਿ ਕੇਂਦਰ ਅਤੇ ਪੰਜਾਬ ਸਰਕਾਰ ਤੁਰੰਤ ਮਾਮਲੇ ਦੀ ਜਾਂਚ ਕਰੇ,ਜਿੰਨ੍ਹਾਂ ਨੇ ਸਿੱਖੀ ਕਕਾਰਾਂ ਦੇ ਆਧਾਰ ਤੇ ਗੁਰਪ੍ਰੀਤ ਕੌਰ ਨੂੰ ਪ੍ਰੀਖਿਆ ਤੋਂ ਰੋਕਿਆ, ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ,ਅਤੇ ਸਿੱਖ ਬੱਚਿਆਂ ਲਈ ਸਾਰੇ ਪ੍ਰੀਖਿਆ ਕੇਂਦਰਾਂ ਵਿੱਚ ਕਕਾਰ ਪਹਿਨਣ ਦੇ ਅਧਿਕਾਰ ਨੂੰ ਯਕੀਨੀ ਬਣਾਇਆ ਜਾਵੇ।ਇਸ ਮੌਕੇ ਤੇ ਰਾਸਾ ਦੇ ਹੋਰ ਨੇਤਾ ਜਿਵੇਂ ਕਿ ਸੁਖਜਿੰਦਰ ਸਿੰਘ ਗਿੱਲ, ਇੰਦਰਜੀਤ ਸਿੰਘ ਸੰਧੂ, ਅਮਰਬੀਰ ਸਿੰਘ ਕੰਗ, ਨਰਪਿੰਦਰ ਸਿੰਘ ਪੰਨੂ, ਰਾਜਿੰਦਰ ਸਿੰਘ ਰੰਧਾਵਾ, ਪਰਮਜੀਤ ਸਿੰਘ ਸੋਹਲ, ਪ੍ਰਗਟ ਸਿੰਘ ਗਿੱਲ, ਅਮਨਦੀਪ ਸਿੰਘ ਕੰਗ, ਸੁਰਜੀਤ ਸਿੰਘ, ਕੰਧਾਲ ਸਿੰਘ, ਸਤੀਸ਼ ਕੁਮਾਰ ਬੂਹ, ਜਸਪਾਲ ਸਿੰਘ ਰੰਧਾਵਾ ਤੇ ਸੰਦੀਪ ਸਿੰਘ ਆਦਿ ਵੀ ਹਾਜ਼ਰ ਸਨ।ਇਹ ਮਾਮਲਾ ਸਿੱਖ ਧਰਮ ਅਤੇ ਭਾਰਤੀ ਸੰਵਿਧਾਨ ਦੋਵਾਂ ਦੀ ਰੱਖਿਆ ਨਾਲ ਸਿੱਧਾ ਜੁੜਿਆ ਹੋਇਆ ਹੈ। ਰਾਸਾ ਪੰਜਾਬ ਨੇ ਇਨਸਾਫ਼ ਦੀ ਉਮੀਦ ਜਤਾਈ ਹੈ ਅਤੇ ਕੇਂਦਰ ਸਰਕਾਰ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

# 20 ਨੂੰ ਜਲੰਧਰ ਰੈਲੀ 'ਚ ਸਮਾਜ ਦੇ ਹਰ ਵਰਗ ਨੂੰ ਪਹੁੰਚਣ ਦਾ ਸੱਦਾ

## ਲੈਂਡ ਪੂਲਿੰਗ ਪਾਲਸੀ ਕਿਸਾਨ ਜਥੇਬੰਦੀਆਂ ਵੱਲੋਂ ਮੁੱਢੋਂ ਰੱਦ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਅਗਵਾਈ ਹੇਠ ਕਿਸਾਨਾਂ ਦੇ ਵੱਡੇ ਵਫ਼ਦ ਨੇ ਦਿੱਤਾ ਡੀਸੀ ਤਰਨਤਾਰਨ ਨੂੰ ਮੰਗ ਪੱਤਰ।ਸੂਬਾ ਆਗੂ ਤੇ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਅਤੇ ਜਰਨੈਲ ਸਿੰਘ ਨੂਰਦੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਕਾਰਪੋਰੇਟ ਦੇ ਇਸ਼ਾਰੇ ਤੇ ਪੰਜਾਬ ਦੀਆਂ ਬਹੁਫ਼ਸਲੀ ਉਪਜਾਊ ਜਮੀਨ ਨੂੰ ਲੈਂਡ ਪੂਲਿੰਗ ਨੀਤੀ ਤਹਿਤ ਦੱਬ ਕੇ ਅਰਬਨ ਸਟੇਟ ਬਣਾਉਣ ਦੇ ਨਾਮ ਤੇ ਲੁੱਟਣ ਲਈ ਉਤਾਵਲੀ ਹੈ ਜਿਸ ਵਿੱਚ ਪੰਜਾਬ ਦੀ 65555 ਏਕੜ ਉਪਜਾਊ ਜ਼ਮੀਨ ਨੂੰ ਦੱਬਣ ਜਾ ਰਹੀ ਹੈ।ਇਸ ਨੀਤੀ ਨੂੰ ਕਿਸਾਨ ਜਥੇਬੰਦੀਆ ਵੱਲੋਂ ਮੁੱਢੋਂ ਰੱਦ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਲੈਂਡ ਪੂਲਿੰਗ ਨੀਤੀ ਤੋਂ ਇਲਾਵਾ ਬਿਜਲੀ ਦੇ ਨਿੱਜੀਕਰਨ ਅਤੇ ਇਸੇ ਤਹਿਤ ਲਗਾਏ ਜਾ ਰਹੇ ਪ੍ਰੀਪੇਡ ਮੀਟਰਾਂ ਦੀ ਨੀਤੀ ਰੱਦ ਕਰਵਾਉਣਾ ਅਤੇ ਅਮਰੀਕਾ ਅਤੇ ਭਾਰਤ ਦਰਮਿਆਨ ਹੋਣ ਜਾ ਰਹੇ ਕਰ ਮੁਕਤ ਸਮਝੌਤਿਆਂ ਨੂੰ ਲਾਗੂ ਹੋਣ ਤੋਂ ਰੋਕਣਾ, ਪੰਜਾਬ ਵਿੱਚ ਪੁਲਿਸ ਜ਼ਬਰ ਰੁਕਵਾਉਣਾ, ਸਾਰੇ ਕਿਸਾਨ ਅੰਦੋਲਨਾਂ ਵਿੱਚ ਕੀਤੇ ਗਏ ਪਰਚੇ ਰੱਦ ਕਰਵਾਉਣ ਆਦਿ ਮੰਗਾਂ ਨੂੰ ਲੈ ਕੇ ਮੰਗ ਪੱਤਰ ਦਿੱਤਾ ਗਿਆ।ਰਣਯੋਧ ਸਿੰਘ ਗੱਗੋਬੂਆ ਨੇ ਕਿਹਾ ਕਿ ਸਰਕਾਰ ਆਮ ਲੋਕਾਂ ਨਾਲ ਧ੍ਰੋਹ ਕਮਾ ਰਹੀ ਹੈ।ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਨਵੀਂ ਤੋਂ ਨਵੀਂ ਨੀਤੀ ਲੈ ਕੇ ਆ ਰਹੀ ਹੈ ਜਿਸ ਅਧੀਨ ਲੈਂਡ ਪੂਲਿੰਗ ਨੀਤੀ ਬਿਜਲੀ ਸੋਧ ਬਿੱਲ ਆਦਿ ਇਸ ਤਰ੍ਹਾਂ ਦੀਆਂ ਨੀਤੀਆਂ ਨਾਲ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਚਾਉਣ ਵਿੱਚ ਲੱਗੀ ਹੋਈ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਨਹੀਂ ਕਰਨ ਦਿਆਂਗੇ ਅਤੇ ਪਿੰਡਾਂ ਵਿੱਚ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ।ਲੋਕ ਮਾਰੂ ਨੀਤੀਆਂ ਲਾਗੂ ਨਹੀਂ ਹੋਣ ਦਿੱਤੀਆਂ ਜਾਣਗੀਆਂ।ਇਸ ਮੌਕੇ ਹਰਭਿੰਦਰਜੀਤ ਸਿੰਘ ਭਿੰਡਾ, ਸਲਵਿੰਦਰ ਸਿੰਘ ਜੀਉਬਾਲਾ, ਕੁਲਵਿੰਦਰ ਸਿੰਘ ਕੈਰੋਵਾਲ, ਇਕਬਾਲ ਸਿੰਘ ਵੜਿੰਗ, ਮੁਖਤਾਰ ਸਿੰਘ ਬਿਹਾਰੀਪੁਰ, ਪਰਮਜੀਤ ਸਿੰਘ ਛੀਨਾ, ਰੂਪ ਸਿੰਘ ਸੈਦੋ, ਸੁਖਵਿੰਦਰ ਸਿੰਘ ਦੁਗਲਵਾਲਾ, ਕੁਲਦੀਪ ਵੇਈਂਪੂਈਂ, ਪਾਖਰ ਸਿੰਘ ਲਾਲਪੁਰਾ, ਮਨਜੀਤ ਸਿੰਘ ਕਰਮੂਵਾਲ, ਕੁਲਵੰਤ ਸਿੰਘ ਢੋਟੀਆਂ, ਦਿਲਬਾਗ ਸਿੰਘ ਪਹੁਵਿੰਡ, ਸਰਵਣ ਸਿੰਘ ਵਲੀਪੁਰ, ਆਤਮਾ ਸਿੰਘ ਘਰਿਆਲੀ ਆਦਿ ਆਗੂ ਹਾਜ਼ਰ ਸਨ।

# ਆਰ. ਡੀ. ਖੋਸਲਾ ਸਕੂਲ 'ਚ ਅਨੁਸ਼ਾਸਨੀ ਕਮੇਟੀ ਦਾ ਬੈਜ ਸਮਾਰੋਹ ਸੰਪੰਨ



**ਬਟਾਲਾ (ਤਰਲੋਕ ਬੱਗਾ)**-ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਅਨੁਸ਼ਾਸਨੀ ਕਮੇਟੀ ਬੈਜ ਸਮਾਰੋਹ ਬਹੁਤ ਉਤਸ਼ਾਹ ਨਾਲ ਸਮਾਪਤ ਹੋਇਆ।ਪ੍ਰੋਗਰਾਮ ਦਾ ਉਦਘਾਟਨ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ, ਪ੍ਰਿੰਸੀਪਲ ਡਾ. ਬਿੰਦੂ ਭੱਲਾ, ਪ੍ਰਬੰਧਕ ਕਮੇਟੀ ਮੈਂਬਰ ਮੋਨਿਕਾ ਖੋਸਲਾ ਅਤੇ ਮਨੀਸ਼ਾ ਖੋਸਲਾ ਨੇ ਦੀਪ ਜਗਾ ਕੇ ਕੀਤਾ।ਸਮਾਰੋਹ ਦੌਰਾਨ ਸਕੂਲ ਦੀ ਅਨੁਸ਼ਾਸਨੀ ਕਮੇਟੀ ਦੇ ਚੁਣੇ ਗਏ ਮੈਂਬਰਾਂ ਨੂੰ ਵਿਸ਼ੇਸ਼ ਬੈਜ ਦਿੱਤੇ ਗਏ, ਜੋ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਪ੍ਰਤੀਕ ਹਨ।ਪ੍ਰਿੰ. ਡਾ. ਬਿੰਦੂ ਭੱਲਾ ਨੇ ਸਕੂਲ ਦੇ ਵਿਦਿਆਰਥੀਆਂ ਦੀ ਅਨੁਸ਼ਾਸਨ ਕਮੇਟੀ ਦੇ ਮੈਂਬਰਾਂ ਨੂੰ ਵਧਾਈ ਦਿੰਦੇ ਹੋਏ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਨੁਸ਼ਾਸਨ ਕਿਸੇ ਵੀ ਸੰਸਥਾ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ ਅਤੇ ਸਾਨੂੰ ਮਾਣ ਹੈ ਕਿ ਸਾਡੇ ਵਿਦਿਆਰਥੀ ਇਸਨੂੰ ਪੂਰਾ ਕਰਨ ਲਈ ਤਿਆਰ ਹਨ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਨੇ ਕਮੇਟੀ ਦੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਕਮੇਟੀ ਦੇ ਗਠਨ ਦਾ ਉਦੇਸ਼ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ ਵਧਾਉਣਾ ਅਤੇ ਸਕੂਲ ਵਿੱਚ ਅਨੁਸ਼ਾਸਨ ਬਣਾਈ ਰੱਖਣਾ ਹੈ।ਸਕੂਲ ਦੇ ਪ੍ਰਧਾਨ ਸ੍ਰੀ ਅਜੇ ਖੋਸਲਾ ਨੇ ਚੁਣੀ ਗਈ ਅਨੁਸ਼ਾਸਨੀ ਕਮੇਟੀ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ।

# ਭਗਵੰਤ ਮਾਨ ਸਰਕਾਰ ਦੀ ਨਸ਼ਿਆਂ ਦੇ ਖਾਤਮੇ ਤੱਕ ਜੰਗ ਜਾਰੀ ਰਹੇਗੀ : ਸ਼ੈਰੀ ਕਲਸੀ



**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰਬਰ 43 ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਤਹਿਤ 'ਨਸ਼ਾ ਮੁਕਤੀ ਯਾਤਰਾ' ਵਿੱਚ ਸ਼ਾਮਲ ਹੋ ਕੇ ਪ੍ਰਭਾਵਸ਼ਾਲੀ ਜਨਤਕ ਜਾਗਰੂਕਤਾ ਰੈਲੀ ਨੂੰ ਸੰਬੋਧਨ ਕੀਤਾ ਅਤੇ 'ਨਸ਼ਾ ਮੁਕਤੀ ਯਾਤਰਾ' ਵਿੱਚ ਸ਼ਾਮਲ ਹੋਏ ਹਰੇਕ ਵਿਅਕਤੀ, ਔਰਤਾਂ, ਨੌਜੁਆਨਾਂ ਅਤੇ ਬੱਚਿਆਂ ਨੂੰ ਸ਼ਹਿਰ ਨੂੰ ਨਸ਼ਾ ਮੁਕਤ ਰੱਖਣ ਲਈ ਸਮੂਹਿਕ ਹਲਫ਼ ਦਿਵਾਇਆ।ਇਸ ਮੌਕੇ ਅੰਮ੍ਰਿਤ ਕਲਸੀ, ਚੇਅਰਮੈਨ ਮਾਨਿਕ ਮਹਿਤਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਸੁਭਾਸ਼ ਮਹਿਤਾ, ਸੁਨੀਤਾ ਰਾਣੀ, ਰਵਨੀਸ਼ ਮਹਿਤਾ, ਵਿਜੇ ਮਹਿਤਾ, ਅਮਿਤ ਸੋਢੀ, ਸੰਧੂ ਭੱਟੀ ਅਤੇ ਵਾਰਡ ਵਾਸੀ ਮੌਜੂਦ ਸਨ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਲੋਂ ਨਸ਼ਿਆਂ ਵਿਰੁੱਧ ਕੋਈ ਕੰਮ ਨਹੀਂ ਕੀਤਾ ਗਿਆ ਅਤੇ ਹੁਣ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਨੇ ਨਸ਼ਿਆਂ ਦੇ ਖਿਲਾਫ ਰਣਨੀਤਕ ਜ਼ਿਹਾਦ ਛੇੜ ਕੇ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਹੈ ਅਤੇ 'ਨਸ਼ਾ ਮੁਕਤੀ ਯਾਤਰਾਵਾਂ' ਵਿੱਚ ਰਿਕਾਰਡ ਤੋੜ ਲੋਕਾਂ ਦੀ ਹੋ ਰਹੀ ਸਵੈ ਇੱਛਾ ਨਾਲ ਸ਼ਮੂਲੀਅਤ ਦੀ ਸ਼ਕਤੀ ਦੇ ਨਤੀਜੇ ਵਜੋਂ ਰੰਗਲੇ ਪੰਜਾਬ ਦੀ ਆਤਮਾ ਨੂੰ ਨਸ਼ਿਆਂ ਦੇ ਜ਼ਹਿਰ ਤੋਂ ਮੁਕਤ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਰਾਸ਼ਟਰ ਨਿਰਮਾਣ ਦੇ ਨਾਇਕ ਵਜੋਂ ਉੱਭਰੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਨਸ਼ਾਂ ਤਸਕਰਾਂ ਦੀ ਰਿਕਾਰਡ ਤੋੜ ਗ੍ਰਿਫ਼ਤਾਰੀ, ਨਸ਼ਿਆਂ ਦੀਆਂ ਵੱਡੀਆਂ ਖੇਪਾਂ ਤੇ ਡਰੱਗ ਮਨੀ ਦੀ ਬਰਾਮਦਗੀ ਸਣੇ ਨਸ਼ਾ ਪੀੜਤਾਂ ਵਲੋਂ ਨਸ਼ਿਆਂ ਦੇ ਇਲਾਜ ਲਈ ਸਰਕਾਰ ਵਲੋਂ ਸੰਚਾਲਿਤ ਮੁਫ਼ਤ ਨਸ਼ਾ ਛਡਾਓ ਕੇਂਦਰਾਂ ਵਿੱਚ ਭਰਤੀ ਹੋ ਕੇ ਮੁੱਖਧਾਰਾ 'ਚ ਪਰਤ ਰਹੇ ਹਨ, ਜੋ ਸ਼ੁੱਭ ਸੰਕੇਤ ਹਨ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਨਸ਼ਿਆਂ ਦੇ ਖਾਤਮੇ ਤੱਕ ਜੰਗ ਜਾਰੀ ਰਹੇਗੀ ਅਤੇ ਲੋਕਾਂ ਦੇ ਸਹਿਯੋਗ ਨਾਲ ਇਸ ਨਾਮੁਰਾਦ ਨਾਲ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਿਹਤਰ ਵਾਤਾਵਰਣ ਦੇਣ ਲਈ ਸਾਰਥਕ ਯਤਨ ਕਰ ਰਹੀ ਹੈ, ਇਸ ਲਈ ਲੋਕਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਨਸ਼ਿਆਂ ਖਿਲਾਫ ਇੱਕਜੁੱਟ ਹੋਣ ਅਤੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਦੀ ਇਤਲਾਹ ਪੁਲਸ ਨੂੰ ਦੇਣ।

# ਜ਼ਿਲ੍ਹਾ ਪੁਲਸ ਵੱਲੋਂ ਵੱਖ-ਵੱਖ ਮਾਮਲਿਆਂ 'ਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਾਹਨੂੰਵਾਨ ਦੇ ਏਐੱਸਆਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਿਸ ਪਾਰਟੀ ਨਹਿਰ ਪੁਲ ਕਾਲਾ ਬਾਲਾ ਤੋਂ ਦਾਨੀਅਲ ਬਿੱਲਾ ਪੁੱਤਰ ਬੂਟਾ ਮਸੀਹ ਵਾਸੀ ਸ਼ਾਹਪੁਰ ਬਟਾਲਾ ਹਾਲ ਵਾਸੀ ਹਵੇਲੀ ਹਾਰਨੀ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 8 ਗਰਾਮ ਹੈਰੋਇਨ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਦੇ ਏਐੱਸਆਈ ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨਾਕਾਬੰਦੀ ਦੇ ਸਬੰਧ ਵਿਚ ਤਰੀਜਾ ਨਗਰ ਮੋੜ ਬਾਈਪਾਲ ਧਾਰੀਵਾਲ ਤੋਂ ਲਵਪ੍ਰੀਤ ਸਿੰਘ ਬਾਊ ਪੁੱਤਰ ਮੁਖਤਿਆਰ ਸਿੰਘ ਵਾਸੀ ਝਾਵਰ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 7 ਗਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਦੀਨਾਨਗਰ ਦੇ ਏਐੱਸਆਈ ਬਲਕਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਦਬੁਰਜੀ ਪੁਲ ਹੇਠਾਂ ਤੋਂ ਮਲਕੀਤ ਸਿੰਘ ਪੁੱਤਰ ਹਰਦੇਵ ਸਿੰਘ ਵਾਸੀ ਅਲੀਆ ਚੱਕ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ 28 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਹਨ। ਪੁਲਸ ਨੇ ਇਨ੍ਹਾਂ ਸਾਰੇ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਸ਼ਹੀਦ ਲਸ਼ਮਣ ਸਿੰਘ ਧਾਰੋਵਾਲੀ 'ਵਰਸਿਟੀ ਕਾਲਜ 'ਚ ਪੌਦੇ ਲਗਾਏ



**ਕਲਾਨੌਰ (ਮਨਦੀਪ ਕੋਹਲੀ)**-ਜ਼ਿਲ੍ਹਾ ਪ੍ਰਸ਼ਾਸਨ ਦੀ ਰੁੱਖ ਲਗਾਓ ਮੁਹਿੰਮ ਤਹਿਤ ਅਤੇ ਉਪ- ਮੰਡਲ ਮੈਜਿਸਟਰੇਟ ਕਲਾਨੌਰ ਜਯੋਤਸਨਾ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ਹੀਦ ਲੱਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ, ਕਲਾਨੌਰ ਵਿਖੇ ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਪੰਜ ਸੌ ਰੁੱਖ ਲਗਾਉਣ ਦੀ ਪ੍ਰਕਿਰਿਆ ਨੂੰ ਸ਼ੁਰੂ ਕੀਤਾ।ਇਸ ਮੌਕੇ ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰੁੱਖਾਂ ਦੀ ਵਾਤਾਵਰਣ ਵਿੱਚ ਮਹੱਤਤਾ ਤੋਂ ਉਨ੍ਹਾਂ ਨੂੰ ਜਾਣੂ ਕਰਵਾਇਆ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਤਾਂ ਕਿ ਪ੍ਰਕਿਰਤੀ ਦਾ ਸੰਤੁਲਨ ਬਰਕਰਾਰ ਰਹੇ।ਉਨ੍ਹਾਂ ਕਿਹਾ ਕਿ ਮਨੁੱਖ ਦੀ ਕੁਦਰਤ ਨਾਲ ਛੇੜਛਾੜ ਮਨੁੱਖੀ ਸਮਾਜ ਲਈ ਵਿਨਾਸ਼ਕਾਰੀ ਸਾਬਿਤ ਹੋ ਰਹੀ ਹੈ ਅਤੇ ਭਵਿੱਖ ਵਿੱਚ ਕੁਦਰਤੀ ਆਫ਼ਤਾਂ ਤੋਂ ਬਚਾਅ ਲਈ ਰੁੱਖ ਲਗਾਉਣਾ ਅਤਿ ਜ਼ਰੂਰੀ ਹੈ।ਉਪਰੰਤ ਪ੍ਰਿੰਸੀਪਲ ਸਰ, ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀਆਂ ਨੇ ਟਾਹਲੀ, ਅਮਲਤਾਸ, ਸਾਹਲ, ਸੁਖਚੈਨ, ਸ਼ਰੀਂਹ, ਅੰਬ, ਪਿੱਪਲ, ਧਰੇਕ, ਅਮਰੂਦ, ਜਾਮੁਣ ਆਦਿ ਕਈ ਕਿਸਮ ਦੇ ਰੁੱਖ ਲਗਾਏ ਗਏ।ਇਸ ਮੌਕੇ ਪ੍ਰਿੰਸੀਪਲ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਇਕ-ਇਕ ਰੁੱਖ ਦੀ ਪਾਲਣਾ ਕਰਨ ਦਾ ਪ੍ਰਣ ਲਿਆ।

# ਸੀ ਕੇ ਡੀ ਇੰਟਰਨੈਸ਼ਨਲ ਨਰਸਿੰਗ ਕਾਲਜ ਵਿਖੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਆਯੋਜਿਤ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸੀ ਕੇ ਡੀ ਇੰਟਰਨੈਸ਼ਨਲ ਨਰਸਿੰਗ ਕਾਲਜ ਵਿਖੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਹਿਲਾ ਰਾਸ਼ਟਰੀ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ।ਨਰਸਿੰਗ ਵਿੱਚ ਫੈਕਲਟੀ ਵਿਕਾਸ ਅਤੇ ਪੈਡਾਗੋਜੀਕਲ ਲੀਡਰਸ਼ਿਪ ਵਿਸ਼ੇ 'ਤੇ ਕਰਵਾਏ ਗਏ ਇਸ ਪ੍ਰੋਗਰਾਮ ਦਾ ਮੰਤਵ ਨਰਸਿੰਗ ਫੈਕਲਟੀ ਅਤੇ ਪੋਸਟਗ੍ਰੈਜੂਏਟ ਵਿਦਿਆਰਥੀਆਂ ਨੂੰ ਆਧੁਨਿਕ ਅਧਿਆਪਨ ਵਿਧੀਆਂ, ਲੀਡਰਸ਼ਿਪ ਅਤੇ ਕੰਪੀਟੈਂਸੀ ਬੇਸਡ ਸਿੱਖਿਆ ਨਾਲ ਜੋੜਨਾ ਸੀ।ਡਾ. ਹਰਮੋਹਿੰਦਰ ਸਿੰਘ ਨਾਗਪਾਲ, ਕਾਲਜ ਮੈਂਬਰ ਇੰਚਾਰਜ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਮੌਕੇ ਮੁੱਖ ਮਹਿਮਾਨ ਡਾ. ਪੁਨੀਤ ਗਿਰਧਰ, ਰਜਿਸਟ੍ਰਾਰ ਪੰਜਾਬ ਨਰਸ ਰਜਿਸਟ੍ਰੇਸ਼ਨ ਕੌਂਸਲ, ਮੁਹਾਲੀ ਨੇ ਕਿਹਾ ਕਿ ਇਹ ਉਪਰਾਲਾ ਸੀਕੇਡੀ ਇੰਟਰਨੈਸ਼ਨਲ ਨਰਸਿੰਗ ਕਾਲਜ ਵੱਲੋਂ ਨਰਸਿੰਗ ਸਿੱਖਿਆ ਵਿੱਚ ਨਿਰੰਤਰ ਉਤਮਤਾ ਪ੍ਰਦਾਨ ਕਰਨ ਅਤੇ ਸਿਹਤ ਸੰਭਾਲ ਖੇਤਰ ਵਿੱਚ ਸਕਾਰਾਤਮਕ ਬਦਲਾਅ ਲਈ ਫੈਕਲਟੀ ਨੂੰ ਸਮਰੱਥ ਬਣਾਉਣ ਹਿੱਤ ਪੱਕੀ ਵਚਨਬੱਧਤਾ ਦਰਸਾਉਂਦਾ ਹੈ।ਚੀਫ ਖਾਲਸਾ ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ ਨੇ ਵਰਤਮਾਨ ਸਮੇਂ ਅਨੁਸਾਰ ਨਰਸਿੰਗ ਸਿੱਖਿਆ ਵਿੱਚ ਲੀਡਰਸ਼ਿਪ ਅਤੇ ਨਵੀਨਤਾ ਦੇ ਨਾਲ ਨਾਲ ਆਧੁਨਿਕ ਸਿੱਖਣ ਅਤੇ ਮੁਲਾਂਕਨ ਤਰੀਕਿਆਂ ਨਾਲ ਨਰਸਿੰਗ ਫੈਕਲਟੀ ਨੂੰ ਸਸ਼ਕਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ।ਪ੍ਰੋਗਰਾਮ ਦੌਰਾਨ ਕਾਲਜ ਦੀ ਪ੍ਰਿੰਸੀਪਲ ਡਾ. ਯਸ਼ਪ੍ਰੀਤ ਕੌਰ ਨੇ ਸਿੱਖਿਆ ਵਿੱਚ ਤਕਨੀਕੀ ਨਵੀਨਤਾ ਅਤੇ ਮਾਂ-ਬੋਲੀ ਦੀ ਭੂਮਿਕਾ ਉਤੇ ਰੋਸ਼ਨੀ ਪਾਈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਲਈ ਮਾਂ ਬੋਲੀ ਰਾਹੀਂ ਸਮਝ ਵਧੇਰੇ ਪ੍ਰਭਾਵਸ਼ਾਲੀ ਹੋ ਸਕਦੀ ਹੈ।

# ਮੇਹਰਚੰਦ ਪੋਲੀਟੈਕਨਿਕ 'ਚ ਡਿਪਲੋਮੇ ਲਈ ਦਾਖਲਾ ਜ਼ੋਰਾਂ 'ਤੇ : ਪ੍ਰਿੰ. ਡਾ. ਜਗਰੂਪ ਸਿੰਘ



**ਜਲੰਧਰ, (ਸ਼ੈਲੀ ਐਲਬਰਟ)**

ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਚ ਡਿਪਲੋਮੇ ਦੇ ਪਹਿਲੇ ਸਾਲ ਲਈ ਤੇ ਲੀਟ ਐਂਟਰੀ ਰਾਹੀ ਦੂਜੇ ਸਾਲ ਲਈ ਐਡਮਿਸ਼ਨ ਜੋਰਾਂ ਤੇ ਚਲ ਰਹੀ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਸਿਵਲ ,ਇਲੈਕਟ੍ਰੀਕਲ , ਮਕੈਨੀਕਲ , ਇਲੈਕਟਰਾਨਿਕਸ, ਆਟੋਮੋਬਾਇਲ ਦੀਆਂ ਸੀਟਾਂ ਫੁੱਲ ਹੋ ਚੁੱਕੀਆ ਹਨ। ਕੇਵਲ ਕੰਮਪਿਊਟਰ ਸਾਇੰਸ ਦੀਆਂ ਕੁਝ ਸੀਟਾਂ ਅਜੇ ਖਾਲੀ ਹਨ। ਡੀ-ਫਾਰਮੇਸੀ ਦੀ ਐਡਮਿਸ਼ਨ ਲਈ ਵੀ ਰਜਿਸਟਰੇਸ਼ਨ ਜਾਰੀ ਹੈ। ਉਹਨਾਂ ਦੱਸਿਆਂ ਕਿ ਇੰਜੀਨੀਅਰਿੰਗ ਡਿਪਲੋਮੇ ਲਈ 14 ਅਗਸਤ 2025 ਆਖਰੀ ਮਿਤੀ ਹੈ ਤੇ ਡੀ-ਫਾਰਮੇਸੀ ਲਈ ਆਖਰੀ ਮਿੱਤੀ 30 ਅਕਤੂਬਰ ਹੈ। 10ਵੀ ਪਾਸ, +1 ਪਾਸ, +2 ਪਾਸ, ਵੋਕੇਸ਼ਨਲ ਪਾਸ, ਆਈ.ਟੀ.ਆਈ ਪਾਸ ਵਿਦਿਆਰਥੀ ਦਾਖਲੇ ਲਈ ਸੰਪਰਕ ਕਰ ਸਕਦੇ ਹਨ। ਤੀਜੇ ਤੇ ਆਖਰੀ ਰਾਊਂਡ ਲਈ ਕਾਉਂਸਲਿੰਗ 29 ਅਗਸਤ ਤੋਂ ਕਾਲਜ ਕੈਂਪਸ ਵਿਖੇ ਸ਼ੁਰੂ ਹੋ ਰਹੀ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਕਾਲਜ ਵਿੱਖੇ ਦੋ ਪ੍ਰੋਗਰਾਮਾਂ ਨੂੰ ਐੱਨ.ਬੀ.ਏ ਵਲੋਂ ਐਕਰੀਡੀਟੇਸ਼ਨ ਪ੍ਰਾਪਤ ਹੈ ਤੇ ਨਾਲ ਹੀ ਨਿੱਟਰ ਚੰਡੀਗੜ੍ਹ ਵਲੋਂ ਕਾਲਜ ਨੂੰ ਪੰਜ ਵਾਰ ਉੱਤਰ ਭਾਰਤ ਦੇ ਸਰਵੋਤਮ ਪੋਲੀਟੈਕਨਿਕ ਵਲੋਂ ਨਿਵਾਜਿਆ ਗਿਆ ਹੈ। ਕਾਲਜ ਵਿਚ ਐੱਸ.ਸੀ. ਐੱਸ.ਟੀ ਤੋਂ ਇਲਾਵਾ ਸਿੰਗਲ ਪੇਰੈਂਟ , ਲੜਕੀਆਂ, ਹੁਸ਼ਿਆਰ, ਆਰਥਿਕ ਪੱਖੋ ਕਮਜ਼ੋਰ ਵਿਦਿਆਰਥੀਆਂ ਲਈ ਵਿਸ਼ੇਸ਼ ਸਕਾਲਰਸ਼ਿਪ ਦਿੱਤੀ ਜਾ ਰਹੀ ਹੈ। ਵਿਦਿਆਰਥੀਆਂ ਲਈ ਐਡਮਿਸ਼ਨ ਦਾ ਇਹ ਆਖਰੀ ਮੌਕਾ ਹੈ।

# ਸਕੋਡਾ ਆਟੋ ਵੱਲੋਂ ਭਾਰਤ ਵਿੱਚ 300 ਦਾ ਅੰਕੜਾ ਪਾਰ

**ਜਲੰਧਰ** : ਸਕੋਡਾ ਆਟੋ ਭਾਰਤ ਵਿੱਚ ਆਪਣੀ 25 ਸਾਲਾਂ ਦੀ ਵਿਰਾਸਤ ਅਤੇ ਵਿਸ਼ਵ ਪੱਧਰ ਤੇ 130 ਸਾਲਾਂ ਦਾ ਜਸ਼ਨ ਮਨਾਉਂਦੇ ਹੋਏ ਨਵੀਆਂ ਉਚਾਈਆਂ ਛੂਹ ਰਿਹਾ ਹੈ।ਇਸ ਮਹੀਨੇ ਦੇ ਸ਼ੁਰੂ ਵਿੱਚ ਬ੍ਰਾਂਡ ਨੇ 2025 ਦੀ ਪਹਿਲੀ ਛਿਮਾਹੀ ਵਿੱਚ ਆਪਣੀ ਹੁਣ ਤੱਕ ਦੀ ਸਭ ਤੋਂ ਵੱਧ ਛਿਮਾਹੀ ਵਿਕਰੀ ਪ੍ਰਾਪਤ ਕੀਤੀ।ਇੱਕ ਹੋਰ ਮੀਲ ਪੱਥਰ ਵਿੱਚ ਕੰਪਨੀ ਨੇ ਹੁਣ 300 ਗਾਹਕ ਸੰਪਰਕ ਬਿੰਦੂਆਂ ਦੇ ਅੰਕੜੇ ਨੂੰ ਪਾਰ ਕਰ ਲਿਆ ਹੈ, ਭਾਰਤ ਦੇ 172 ਸ਼ਹਿਰਾਂ ਵਿੱਚ ਗਾਹਕਾਂ ਦੀ ਸੇਵਾ ਕਰ ਰਿਹਾ ਹੈ।ਇੱਕ ਬੇਮਿਸਾਲ ਗਾਹਕ ਅਨੁਭਵ ਪ੍ਰਦਾਨ ਕਰਨਾ ਸਕੋਡਾ ਆਟੋ ਦੀ ਭਾਰਤ ਵਿਕਾਸ ਰਣਨੀਤੀ ਦਾ ਮੂਲ ਹੈ।ਤੇਜ਼ ਨੈੱਟਵਰਕ ਵਿਸਥਾਰ ਅਤੇ ਬ੍ਰਾਂਡ ਦੁਆਰਾ ਭਾਰਤ ਭਰ ਵਿੱਚ ਬਣਾਈ ਜਾ ਰਹੀ ਮਜ਼ਬੂਤ ਗਤੀ ਇਸਨੂੰ ਦਰਸਾਉਂਦੀ ਹੈ।ਇਸ ਪ੍ਰਾਪਤੀ ਤੇ ਟਿੱਪਣੀ ਕਰਦੇ ਹੋਏ ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ ਆਸ਼ੀਸ਼ ਗੁਪਤਾ ਨੇ ਕਿਹਾ ਕਿ ਸਾਡਾ ਵਧਦਾ ਨੈੱਟਵਰਕ ਸਾਡੇ ਉਤਪਾਦ ਰੇਂਜ ਨੂੰ ਗਾਹਕਾਂ ਲਈ ਵਧੇਰੇ ਪਹੁੰਚਯੋਗ ਬਣਾਉਂਦਾ ਹੈ, ਜਦੋਂਕਿ ਦੇਸ਼ ਭਰ ਵਿੱਚ ਇਕਸਾਰ ਗੁਣਵੱਤਾ ਦੇ ਨਾਲ ਬਿਹਤਰ,ਤੇਜ਼ ਸੇਵਾ ਪ੍ਰਦਾਨ ਕਰਦਾ ਹੈ।ਇਹ ਵਿਸਥਾਰ ਭਾਰਤ ਵਿੱਚ ਸਕੋਡਾ ਆਟੋ ਦੀ ਵਿਰਾਸਤ ਨੂੰ ਮਜ਼ਬੂਤ ਕਰਨ ਅਤੇ ਸੁਰੱਖਿਆ, ਮੁੱਲ ਅਤੇ ਸੱਚਮੁੱਚ ਫਲਦਾਇਕ ਮਾਲਕੀ ਅਨੁਭਵ ਦੇ ਸਾਡੇ ਵਾਅਦੇ ਨੂੰ ਪੂਰਾ ਕਰਨ ਵੱਲ ਇੱਕ ਕਦਮ ਹੈ।

# ਸੰਰਕਸ਼ਣ ਪ੍ਰੋਜੈਕਟ ਤਹਿਤ ਦਿਵਯ ਜਯੋਤੀ ਜਾਗਰਤੀ ਸੰਸਥਾਨ ਵੱਲੋਂ ਸੁਹਿਰਦ ਉਪਰਾਲਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਦਿਵਯ ਜਯੋਤੀ ਜਾਗਰਤੀ ਸੰਸਥਾਨ ਦੇ ਤਰਨ ਤਾਰਨ ਆਸ਼ਰਮ ਵੱਲੋਂ ਵਾਤਾਵਰਣ ਬਚਾਉਣ ਦੇ ਉਦੇਸ਼ ਨਾਲ ਸੰਰਕਸ਼ਣ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ।ਇਸ ਪ੍ਰੋਜੈਕਟ ਤਹਿਤ ਆਸ਼ਰਮ ਵਿੱਚ ਪੌਦੇ ਲਗਾ ਕੇ ਹਰੇ ਭਰੇ ਭਵਿੱਖ ਵੱਲ ਕਦਮ ਚੁੱਕਿਆ ਗਿਆ।ਇਸ ਮੌਕੇ ਸੰਸਥਾ ਦੀ ਸ਼ਿਸ਼ਿਆ ਸਾਧਵੀ ਪਰਮਜੀਤ ਭਾਰਤੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪ੍ਰਕ੍ਰਿਤੀ ਮਨੁੱਖੀ ਜੀਵਨ ਲਈ ਅਨਮੋਲ ਤੋਹਫਾ ਹੈ।ਉਨ੍ਹਾਂ ਕਿਹਾ ਕਿ ਮਨੁੱਖ ਦੀ ਜ਼ਿੰਦਗੀ ਧਰਤੀ ਦੇ ਤੱਤਾਂ ਨਾਲ ਜੁੜੀ ਹੋਈ ਹੈ ਅਤੇ ਰੁੱਖ ਜੀਵਨ ਦਾ ਆਧਾਰ ਹਨ।ਸਾਧਵੀ ਨੇ ਰੁੱਖਾਂ ਦੀ ਅਹਿਮੀਅਤ ਨੂੰ ਉਜਾਗਰ ਕਰਦੇ ਹੋਏ ਦੱਸਿਆ ਕਿ ਸਿਰਫ਼ ਇੱਕ ਰੁੱਖ 10 ਲੋਕਾਂ ਲਈ ਆਕਸੀਜਨ ਦੇਣ ਦੀ ਸਮਰਥਾ ਰੱਖਦਾ ਹੈ।ਉਨ੍ਹਾਂ ਕਿਹਾ ਕਿ ਜਦੋਂ ਅਸੀਂ ਰੁੱਖਾਂ ਦੀ ਰੱਖਿਆ ਕਰਦੇ ਹਾਂ ਤਾਂ ਅਸੀਂ ਆਪਣੇ ਭਵਿੱਖ ਦੀ ਰੱਖਿਆ ਕਰਦੇ ਹਾਂ।ਉਨ੍ਹਾਂ ਨੇ ਕਿਹਾ ਕਿ ਹਰ ਸਾਲ ਵਾਯੂ ਮੰਡਲ ਵਿੱਚ 5 ਅਰਬ ਟਨ ਕਾਰਬਨ ਡਾਈਆਕਸਾਈਡ ਦਾ ਵਾਧਾ ਹੁੰਦਾ ਹੈ ਅਤੇ ਮਨੁੱਖ ਨੇ ਪਿਛਲੇ ਕੁਝ ਦਹਾਕਿਆਂ ਵਿੱਚ ਲੱਖਾਂ ਵਰਗ ਮੀਲ ਜੰਗਲ ਨਸ਼ਟ ਕਰ ਦਿੱਤੇ ਹਨ।ਪਾਮ ਤੇਲ ਦੀ ਉਤਪਾਦਨ ਦੀ ਲਗਾਤਾਰ ਮੰਗ ਕਾਰਨ ਹਰ ਘੰਟੇ 300 ਫੁੱਟਬਾਲ ਮੈਦਾਨਾਂ ਦੇ ਬਰਾਬਰ ਜੰਗਲ ਸਾਫ਼ ਕੀਤੇ ਜਾਂਦੇ ਹਨ।ਸਾਧਵੀ ਪਰਮਜੀਤ ਭਾਰਤੀ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਵਾਤਾਵਰਣ ਸੰਰਕਸ਼ਣ ਵੱਲ ਧਿਆਨ ਦੇਣ ਅਤੇ ਘੱਟੋ ਘੱਟ ਇੱਕ ਰੁੱਖ ਲਗਾ ਕੇ ਆਪਣੀ ਭੂਮਿਕਾ ਨਿਭਾਣ।ਉਨ੍ਹਾਂ ਕਿਹਾ ਕਿ ਰੁੱਖ ਸਾਡੀ ਸੰਸਕ੍ਰਿਤੀ ਵਿੱਚ ਪਵਿੱਤਰ ਮੰਨੇ ਜਾਂਦੇ ਹਨ ਅਤੇ ਇਹ ਸਾਡਾ ਫਰਜ਼ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਹਰੇ-ਭਰੇ ਵਾਤਾਵਰਣ ਦੀ ਸੰਭਾਲ ਕਰੀਏ।ਇਸ ਮੌਕੇ ਉਪਸਥਿਤ ਸੰਗਤਾਂ ਨੇ ਵੀ ਵਾਅਦਾ ਕੀਤਾ ਕਿ ਉਹ ਆਪਣੇ ਆਲੇ-ਦੁਆਲੇ ਵਾਤਾਵਰਣ ਨੂੰ ਹਰਾ-ਭਰਾ ਬਣਾਉਣ ਲਈ ਰੁੱਖ ਲਗਾਉਣਗੇ ਅਤੇ ਉਨ੍ਹਾਂ ਦੀ ਸੰਭਾਲ ਵੀ ਕਰਣਗੇ।

# ਪੁਰਾਣਾ ਸ਼ਾਲਾ ਚੌਂਕ 'ਚ ਸਪੀਡ ਬਰੇਕਰ ਨਾ ਹੋਣ ਕਾਰਨ ਹਾਦਸੇ ਵਾਪਰਨ ਦਾ ਡਰ ਸਤਾਉਣ ਲੱਗਾ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਪੁਰਾਣਾ ਸ਼ਾਲਾ ਚੌਕ ਵਿਚ ਟਰੈਫ਼ਿਕ ਲਾਈਟਾਂ ਅਤੇ ਸਪੀਡ ਬਰੇਕਰ ਨਾ ਹੋਣ ਕਾਰਨ ਹਰ ਵੇਲੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਗੁਰਦਾਸਪੁਰ ਮੁਕੇਰੀਆਂ ਸੜਕ ਵਿਚਕਾਰ ਪੈਂਦੇ ਕਸਬਾ ਪੁਰਾਣਾ ਸ਼ਾਲਾ ਵਿਖੇ ਚੌਤਰਫ਼ਾ ਸੜਕ ਹੋਣ ਕਰਕੇ ਟਰੈਫਿਕ ਦਾ ਕਾਫ਼ੀ ਜ਼ੋਰ ਰਹਿੰਦਾ ਹੈ ਕਿਉਂਕਿ ਇਸ ਸੜਕ ਰਾਹੀਂ ਦਿਲੀ, ਅੰਬਾਲਾ, ਚੰਡੀਗੜ੍ਹ, ਹੁਸ਼ਿਆਰਪੁਰ ਆਦਿ ਵੱਡੇ ਸ਼ਹਿਰਾਂ ਤੋਂ ਛੋਟੇ ਵੱਡੇ ਵਾਹਨ ਵਾਇਆ ਗੁਰਦਾਸਪੁਰ, ਜੰਮੂ, ਊਧਮਪੁਰ, ਰਾਜੋਰੀ, ਸ੍ਰੀਨਗਰ ਆਦਿ ਸ਼ਹਿਰਾਂ ਨੂੰ ਆਉਂਦੇ ਜਾਂਦੇ ਹਨ। ਇਹ ਟਰੈਫ਼ਿਕ ਦਿਨ ਰਾਤ ਚੱਲਦੀ ਰਹਿੰਦੀ ਹੈ। ਖੱਬੇ ਪਾਸੇ, ਸੜਕ ਪੰਡੋਰੀ ਮਹੰਤਾਂ ਦੀਨਾਨਗਰ ਅਤੇ ਸੱਜੇ ਪਾਸੇ ਸੜਕ ਕਸਬਾ ਚੱਕ ਸ਼ਰੀਫ ਕਾਹਨੂੰਵਾਨ ਭੈਣੀ ਮੀਆਂ ਖਾਂ ਆਦਿ ਨੂੰ ਜਾਂਦੀਆਂ ਹਨ। ਇਹ ਕਸਬਾ 40/50 ਪਿੰਡਾਂ ਦਾ ਬਿੰਦੂ ਕੇਂਦਰ ਹੈ ਜਿਸ ਕਾਰਨ ਟਰੈਫਿਕ ਜ਼ਿਆਦਾ ਹੋਣ ਕਾਰਨ ਚੌਕ ਵਿਚ ਹਰ ਵੇਲੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਲਾਕਾ ਵਾਸੀਆਂ ਦੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਪੁਰਾਣਾ ਸ਼ਾਲਾ ਚੌਂਕ ਦੇ ਚਾਰੇ ਪਾਸੇ ਸਪੀਡ ਬਰੇਕਰ ਬਣਾਏ ਜਾਣ।

# ਕੇਂਦਰ ਦੀਆਂ ਲੋਕ ਪੱਖੀ ਨੀਤੀਆਂ/ਸਕੀਮਾਂ ਬਾਰੇ ਲੋਕਾਂ ਨੂੰ ਕੀਤਾ ਜਾਗਰੂਕ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਮੋਦੀ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਅਜਨਾਲਾ ਦੇ ਸ਼ਿਵ ਮੰਦਰ ਵਿਖੇ ਭਾਰਤੀ ਜਨਤਾ ਪਾਰਟੀ ਓਬੀਸੀ ਮੋਰਚਿਆਂ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਅਗਵਾਈ ਹੇਠ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਆਮ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਸਕੀਮਾਂ ਸਬੰਧੀ ਦੇ ਫਾਰਮ ਭਰੇ ਗਏ ਤਾਂ ਜੋ ਆਮ ਲੋਕ ਉਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ ! ਇਸ ਮੌਕੇ ਗੱਲਬਾਤ ਕਰਦਿਆਂ ਬੋਨੀ ਅਮਰਪਾਲ ਸਿੰਘ ਦੇ ਮਾਤਾ ਅਤੇ ਸੀਨੀਅਰ ਮਹਿਲਾ ਆਗੂ ਡਾ. ਅਵਤਾਰ ਕੌਰ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਸਹੂਲਤਾਂ ਲਈ ਬਹੁਤ ਵੱਡੇ ਪੱਧਰ ਤੇ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਸਬੰਧੀ ਆਮ ਲੋਕਾਂ ਨੂੰ ਜਾਣਕਾਰੀ ਨਾ ਹੋਣ ਕਾਰਨ ਉਹ ਲੋਕ ਇਨ੍ਹਾਂ ਸਕੀਮਾਂ ਤੋਂ ਵਾਂਝੇ ਰਹਿ ਜਾਂਦੇ ਹਨ, ਕਿਉਂਕਿ ਸੂਬਾ ਸਰਕਾਰ ਕਦੇ ਵੀ ਕੇਂਦਰ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਨਹੀਂ ਚਾਹੁੰਦੀਆਂ! ਉਨ੍ਹਾਂ ਕਿਹਾ ਕਿ ਹਲਕਾ ਅਜਨਾਲਾ ਅੰਦਰ ਕੇਂਦਰ ਸਰਕਾਰ ਦੁਆਰਾ ਚਲਾਈਆਂ ਗਈਆਂ ਲੋਕ ਪੱਖੀ ਯੋਜਨਾ ਸਬੰਧੀ ਪਿੰਡ ਪਿੰਡ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਏਗਾ ਅਤੇ ਲੋੜਵੰਦ ਲੋਕਾਂ ਦੇ ਫਾਰਮ ਭਰ ਕੇ ਉਨ੍ਹਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਦਿਵਾਇਆ ਜਾਵੇਗਾ।ਇਸ ਮੌਕੇ ਕੌਂਸਲਰ ਵਿਕਰਮ ਬੇਦੀ, ਡਾ ਦੀਪਕ ਸਰਪਾਲ, ਦੀਪੂ ਅਰੋੜਾ, ਵਿਸ਼ੂ, ਵਿਨੋਦ ਕੁਮਾਰ, ਸੰਦੀਪ ਕੌਸ਼ਲ, ਪ੍ਰਦੀਪ ਕੁਮਾਰ ਬੰਟਾ, ਧਰਮਿੰਦਰ ਪ੍ਰਿੰਸ, ਸੌਰਵ ਸਰੀਨ, ਦੀਕਸ਼ਿਤ ਅਰੋੜਾ ਅਤੇ ਹਤਿੰਦਰ ਸਿੰਘ ਬੱਬਰ, ਲੱਕੀ ਬੇਦੀ, ਵਿਪਨ ਖਤਰੀ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਹਾਜ਼ਰ ਸਨ।

# ਗੁ. ਦੁੱਖ ਨਿਵਾਰਨ ਸਾਹਿਬ ਡੱਲਾ ਮੋੜ ਨੇੜੇ ਕਾਦੀਆਂ ਵਿਖੇ ਮਹਾਨ ਅੰਮ੍ਰਿਤ ਸੰਚਾਰ 31 ਨੂੰ : ਜਥੇਦਾਰ ਗੋਰਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਤਿਨਾਮੁ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਅਤੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਡੱਲਾ ਦੀ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 31 ਮਈ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਡੱਲਾ ਮੋੜ ਨਜ਼ਦੀਕ ਕਾਦੀਆਂ ਵਿਖੇ ਕਰਵਾਇਆ ਜਾ ਰਿਹਾ ਹੈ।ਉਕਤ ਜਾਣਕਾਰੀ ਸ਼੍ਰੋਮਣੀ ਕਮੇਟੀ ਹਲਕਾ ਬਟਾਲਾ ਤੋਂ ਧਾਰਮਿਕ ਨੁਮਾਇੰਦਗੀ ਕਰ ਰਹੇ ਧਾਰਮਿਕ ਆਗੂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੰਦਿਆਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਅੰਮ੍ਰਿਤ ਅਭਲਾਖੀਆਂ ਨੂੰ ਅੰਮ੍ਰਿਤ ਛਕਾਉਣਗੇ।ਉਨ੍ਹਾਂ ਦੱਸਿਆ ਕਿ ਅੰਮ੍ਰਿਤ ਸੰਚਾਰ ਮੌਕੇ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ ਛੱਕਣ ਵਾਲੇ ਅੰਮ੍ਰਿਤ ਅਭਲਾਖੀਆਂ ਨੂੰ ਭੇਟਾਂ ਰਹਿਤ ਮੁਫ਼ਤ ਕਕਾਰ ਦਿੱਤੇ ਜਾਣਗੇ।ਜਥੇਦਾਰ ਗੋਰਾ ਨੇ ਸਮੂਹ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛੱਕਣ ਦੀ ਬੇਨਤੀ ਕੀਤੀ।ਇਸ ਮੌਕੇ ਭਾਈ ਰਜਿੰਦਰ ਸਿੰਘ ਸਤਿਨਾਮ ਸਰਬ ਕਲਿਆਣ ਟਰੱਸਟ, ਭਾਈ ਰਜਿੰਦਰ ਸਿੰਘ ਰਜ਼ਾਦਾ ਸਤਿਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ, ਭਾਈ ਲਵਪ੍ਰੀਤ ਸਿੰਘ ਪ੍ਰਧਾਨ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਡੱਲਾ, ਜਤਿੰਦਰ ਸਿੰਘ ਚੀਮਾ ਮੈਨੇਜਰ ਗੁਰਦੁਆਰਾ ਕੰਧ ਸਾਹਿਬ, ਮਨਜੀਤ ਸਿੰਘ ਜਫਰਵਾਲ ਮੈਨੇਜਰ, ਦਵਿੰਦਰ ਸਿੰਘ ਲਾਲੀ ਬਾਜਵਾ ਮੈਨੇਜਰ, ਗਿਆਨੀ ਗੁਰਮੁੱਖ ਸਿੰਘ ਖਾਲਸਾ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਬਲਬੀਰ ਸਿੰਘ ਸੇਖਵਾਂ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਸਿਮਰਨਜੀਤ ਸਿੰਘ ਕੋਟ ਟੋਡਰ ਮੱਲ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਲਾਲ ਸਿੰਘ ਕਵੀਸ਼ਰ ਧਰਮ ਪ੍ਰਚਾਰ ਕਮੇਟੀ, ਮਨਜੀਤ ਸਿੰਘ ਕਵੀਸ਼ਰ ਧਰਮ ਪ੍ਰਚਾਰ ਕਮੇਟੀ, ਸਿਮਰਤਪਾਲ ਸਿੰਘ ਭਾਟੀਆ ਆਦਿ ਹਾਜ਼ਰ ਸਨ।

# ਪਾਰਟੀ 'ਚ ਅਨੁਸ਼ਾਸਨ ਭੰਗ ਨਹੀਂ ਹੋਣ ਦਿੱਤਾ ਜਾਵੇਗਾ : ਮੰਨਾ ਮੀਆਂਵਿੰਡ



**ਜੰਡਿਆਲਾ ਗੁਰ (ਹਰਿੰਦਰ ਪਾਲ ਸਿੰਘ)**-ਭਾਜਪਾ ਇੱਕ ਅਨੁਸ਼ਾਸਿਤ ਪਾਰਟੀ ਹੈ ਤੇ ਪਾਰਟੀ ਵਿੱਚ ਅਨੁਸ਼ਾਸਨ ਭੰਗ ਨਹੀਂ ਹੋਣ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਦਿਹਾਤੀ ਸਾਬਕਾ ਤੇ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ ਨੇ ਕੀਤਾ।ਉਨ੍ਹਾਂ ਕਿਹਾ ਕਿ ਕੁਲਬੀਰ ਸਿੰਘ ਆਸ਼ੂ ਅੰਬਾ ਦੇ ਖਿਲਾਫ ਉਨ੍ਹਾਂ ਨੂੰ ਪਾਰਟੀ ਦੇ ਵਰਕਰਾਂ ਵੱਲੋਂ ਸ਼ਿਕਾਇਤਾਂ ਮਿਲੀਆਂ ਸਨ ਕਿ ਉਹ ਵਿਰੋਧੀ ਪਾਰਟੀਆਂ ਦੇ ਇਸ਼ਾਰੇ ਤੇ ਪਾਰਟੀ ਨੂੰ ਕਮਜ਼ੋਰ ਕਰਨ ਲਈ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰ ਰਿਹਾ ਹੈ।ਜਿਹੜਾ ਮੁੱਦਾ ਆਸ਼ੂ ਅੰਬਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਉਹ ਅਸਲ ਵਿੱਚ ਮੁੱਦਾ ਹੈ ਹੀ ਨਹੀਂ ਕਿਉਂਕਿ ਜਿਸ ਵਿਅਕਤੀ ਦੀ ਸੋਸ਼ਲ ਮੀਡੀਆ 'ਤੇ ਪੋਸਟ ਸ਼ੇਅਰ ਕੀਤੀ ਗਈ ਹੈ ਉਸ ਉਪਰ ਕੋਈ ਵੀ ਪਰਚਾ ਦਰਜ ਨਹੀਂ ਹੈ।ਆਸ਼ੂ ਅੰਬਾ ਆਪਣੇ ਨਿੱਜੀ ਮੋਬਾਇਲ ਨੰਬਰ ਤੋਂ ਪਾਰਟੀ ਦੇ ਅਹੁਦੇਦਾਰਾਂ ਦੇ ਖਿਲਾਫ ਪੋਸਟਾਂ ਪਾ ਰਿਹਾ ਹੈ ਜੋ ਬਰਦਾਸ਼ਤ ਤੋਂ ਬਾਹਰ ਹਨ।ਮੰਨਾ ਨੇ ਕਿਹਾ ਕਿ ਉਨਾਂ ਨੇ ਭਾਜਪਾ ਦੀ ਜ਼ਿਲਾ ਇਕਾਈ ਵੱਲੋਂ ਆਸ਼ੂ ਅੰਬਾ ਨੂੰ ਕਾਰਨ ਦੱਸੋ ਨੋਟਿਸ ਭੇਜਿਆ ਗਿਆ ਹੈ ਅਤੇ 7 ਦਿਨ ਦੇ ਵਿੱਚ-ਵਿੱਚ ਆਪਣਾ ਸਪੱਸ਼ਟੀਕਰਨ ਦੇਣ ਲਈ ਆਖਿਆ ਗਿਆ ਹੈ।ਸਪੱਸ਼ਟੀਕਰਨ ਤੋਂ ਬਾਅਦ ਪਾਰਟੀ ਆਪਣਾ ਅਗਲਾ ਫੈਸਲਾ ਲਵੇਗੀ।ਜ਼ਿਕਰਯੋਗ ਹੈ ਕਿ ਕੁਲਬੀਰ ਸਿੰਘ ਆਸ਼ੂ ਅੰਬਾ ਵੱਲੋਂ ਸੋਸ਼ਲ ਮੀਡੀਆ 'ਤੇ ਵਿਵਾਦਤ ਪੋਸਟ ਕਰਕੇ ਭਾਜਪਾ ਦੇ ਐੱਸ. ਸੀ. ਮੋਰਚਾ ਦੇ ਸੂਬਾ ਜਨਰਲ ਸਕੱਤਰ ਹਰਦੀਪ ਸਿੰਘ ਗਿੱਲ ਵੱਲੋਂ ਕਾਨੂੰਨੀ ਨੋਟਿਸ ਵੀ ਭੇਜਿਆ ਗਿਆ ਹੈ।

# ਰੋਟਰੀ ਕਲੱਬ ਮੇਨ ਵੱਲੋਂ ਹਰਿਆਲੀ ਤੀਜ ਉਤਸਵ ਮੌਕੇ ਸਮਾਗਮ



**ਅੰਮ੍ਰਿਤਸਰ (ਅਰੋੜਾ)**

ਰੋਟਰੀ ਕਲੱਬ ਅੰਮ੍ਰਿਤਸਰ ਮੇਨ ਵੱਲੋਂ ਕਲੱਬ ਦੇ ਪ੍ਰਧਾਨ ਪੰਡਿਤ ਮਹਿੰਦਰ ਪਾਲ ਸ਼ਰਮਾ, ਸਕੱਤਰ ਇੰਜੀ. ਮਨਜੀਤ ਸਿੰਘ, ਪ੍ਰਾਜੈਕਟ ਚੇਅਰਮੈਨ ਨਿਰਮਲ ਸਿੰਘ ਆਨੰਦ ਦੀ ਪ੍ਰਧਾਨਗੀ ਵਿੱਚ ਈਨਰ ਵਹੀਲ ਕਲੱਬ ਦੇ ਨਾਲ ਮਿਲ ਕੇ ਪੂਰੇ ਸੰਸਾਰ ਵਿੱਚ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਰੋਟਰੀ ਇੰਟਰਨੈਸ਼ਨਲ ਵੱਲੋਂ ਚਲਾਏ ਜਾ ਰਹੇ ਅਭਿਆਨ ਦੇ ਤਹਿਤ ਗੁਰੂ ਕੀ ਨਗਰੀ ਨੂੰ ਸਾਫ਼ ਸੁਥਰਾ ਪ੍ਰਦੂਸ਼ਣ ਰਹਿਤ ਬਣਾਉਣ ਲਈ ਹਰਿਆਲੀ ਤੀਜ ਮਹਾ ਉਤਸਵ ਦਾ ਆਯੋਜਨ ਕੀਤਾ ਗਿਆ।ਸਭ ਤੋਂ ਪਹਿਲਾਂ ਸਾਰੇ ਮੈਂਬਰਾਂ ਨੇ ਸਾਉਣ ਮਹੀਨੇ ਵਿੱਚ ਖਾਏ ਜਾਣ ਵਾਲੇ ਖੀਰ ਪੂੜੇ ਆਦਿ ਦਾ ਪ੍ਰਸ਼ਾਦ ਵੰਡਿਆ। ਉਸ ਤੋਂ ਬਾਅਦ ਸਾਰੇ ਮੈਂਬਰਾਂ ਨੇ ਮਿਲ ਕੇ ਗੁਰੂ ਕੀ ਨਗਰੀ ਪਾਸ਼ ਖੇਤਰ ਕਨਾਲ ਕਲੋਨੀ ਵਿਖੇ ਰੁੱਖ ਲਗਾਉਣ ਦੀ ਰਸਮ ਨਿਭਾਈ।ਸਾਰੇ ਮੈਂਬਰਾਂ ਨੇ ਪ੍ਰਣ ਲਿਆ ਕਿ ਅੱਜ ਉਹ ਜੋ ਰੁੱਖ ਲਗਾ ਰਹੇ ਹਨ ਉਨ੍ਹਾਂ ਦੀ ਦੇਖਭਾਲ ਪੂਰੀ ਜ਼ਿੰਮੇਦਾਰੀ ਨਾਲ ਨਿਭਾਉਣਗੇ ਅਤੇ ਵਾਤਾਵਰਨ ਨੂੰ ਸਵੱਛ ਅਤੇ ਸ਼ੁੱਧ ਬਣਾਉਣ ਲਈ ਇੱਕ ਚੰਗੇ ਨਾਗਰਿਕ ਹੋਣ ਦਾ ਸਬੂਤ ਦੇਣਗੇ।ਸਾਰੇ ਮੈਂਬਰਾਂ ਨੇ ਪੰਡਤ ਮਹਿੰਦਰ ਪਾਲ ਸ਼ਰਮਾ ਅਤੇ ਇੰਜੀ. ਮਨਜੀਤ ਸਿੰਘ ਨੂੰ ਆਪਣਾ ਸਹਿਯੋਗ ਦੇਣ ਦਾ ਵਿਸ਼ਵਾਸ ਦਿੱਤਾ। ਇਸ ਮੌਕੇ ਪਹਿਲੀ ਮਹਿਲਾ ਅਨੂ ਸ਼ਰਮਾ, ਜਸਮੀਤ ਵਾਲੀਆ, ਸਾਬਕਾ ਪ੍ਰਧਾਨ ਸੁਰਿੰਦਰ ਸਿੰਘ, ਸੀ. ਏ. ਵਿਕਾਸ ਕੁਮਾਰ, ਆਉਣ ਵਾਲੇ ਪ੍ਰਧਾਨ ਦਲਜੀਤ ਸਿੰਘ ਅਰੋੜਾ, ਨੀਲਮ, ਦਲਬੀਰ ਸਿੰਘ, ਪਰਮਿੰਦਰਜੀਤ ਕੌਰ, ਸਾਬਕਾ ਪ੍ਰਧਾਨ ਰੀਟਾ ਸ਼ਰਮਾ, ਇੰਦੂ ਗੁਪਤਾ, ਗੁਰਿੰਦਰਪਾਲ ਕੌਰ, ਰਾਜੀਵ ਖੰਨਾ, ਅੰਜੂ ਖੰਨਾ, ਵਿਜੇ ਨਈਰ, ਇੰਜੀ. ਬੀ. ਐੱਮ. ਸਿੰਘ, ਸੁਦਰਸ਼ਨ ਵਾਲੀਆ, ਡਾ. ਪ੍ਰਤਾਪ ਸਿੰਘ ਮਲਹੋਤਰਾ, ਇਕਬਾਲ ਸਿੰਘ ਸ਼ੈਰੀ, ਈਨਰ ਵਹੀਲ ਕਲੱਬ ਦੀਆਂ ਮਹਿਲਾਵਾਂ ਤਰਨਜੀਤ ਕੌਰ, ਬਿੰਦੂ ਮੱਗੂ, ਗੁਰਜੀਤ ਕੌਰ, ਰੋਸ਼ਨੀ ਅਦਲੱਖਾ, ਜਸਕਿਰਨ ਗਿੱਲ ਸਹਿਤ ਰੋਟਰੀ ਮੇਨ ਅਤੇ ਈਨਰ ਵਹੀਲ ਕਲੱਬ ਦੇ ਸਾਰੇ ਮੈਂਬਰ ਮੌਜੂਦ ਸਨ।

# ਕੰਬੋਜ਼ ਭਾਈਚਾਰੇ ਦੀ ਹਾਕੀ ਨੂੰ ਪ੍ਰਮੋਟ ਕਰਨ ਵਾਲੀ ਪ੍ਰਮੁੱਖ ਸ਼ਖਸੀਅਤ ਸ. ਸੁਖਦੇਵ ਸਿੰਘ ਥਿੰਦ (ਦਿੱਲੀ) ਜਿਨ੍ਹਾਂ 'ਤੇ ਕੰਬੋਜ਼ ਭਾਈਚਾਰੇ ਨੂੰ ਮਾਣ ਹੈ



ਹਾਕੀ ਨੂੰ ਪ੍ਰਮੋਟ ਕਰਨ ਵਾਲੀ ਪ੍ਰਮੁੱਖ ਸ਼ਖ਼ਸੀਅਤ ਸ. ਸੁਖਦੇਵ ਸਿੰਘ ਥਿੰਦ (ਦਿੱਲੀ) ਕਿਸੇ ਜਾਣ-ਪਹਿਚਾਣ ਦੀ ਮੁਹਤਾਜ਼ ਨਹੀਂ। ਸੰਨ 1968 ਵਿੱਚ ਉਨ੍ਹਾਂ ਨੇ ਗੋਰਮਿੰਟ ਕਾਲਜ ਕਪੂਰਥਲਾ ਤੋਂ ਗਰੈਜੂਏਸ਼ਨ ਕੀਤੀ, ਜਿੱਥੇ ਉਹ ਹਾਕੀ ਵੀ ਖੇਡਦੇ ਸੀ, ਬਦਕਿਸਮਤੀ ਨਾਲ ਗੰਭੀਰ ਸੱਟ ਲੱਗਣ ਕਾਰਨ ਉਨ੍ਹਾਂ ਨੂੰ ਹਾਕੀ ਦੀ ਖੇਡ ਛੱਡਣੀ ਪਈ। ਬਾਅਦ ਵਿਚ ਗੋਰਮਿੰਟ ਕਾਲਜ ਲੁਧਿਆਣਾ ਤੋਂ ਉਨ੍ਹਾਂ ਭੂਗੋਲ ਵਿਸ਼ੇ ਦੀ ਪੋਸਟ-ਗਰੈਜੂਏਸ਼ਨ ਕੀਤੀ ਅਤੇ ਚੰਡੀਗੜ੍ਹ ਦੇ ਇਕ ਪ੍ਰਾਈਵੇਟ ਕਾਲਜ ਵਿਚ ਪੜ੍ਹਾਇਆ। ਸੰਨ 1975 ਵਿਚ ਦਿੱਲੀ ਵਿਖੇ ਉਨ੍ਹਾਂ ਨੇ ਭਾਰਤੀ ਰਿਜ਼ਰਵ ਬੈਂਕ ਦੀ ਨੌਕਰੀ ਕਰ ਲਈ ਅਤੇ ਸੰਨ 2009 ਵਿਚ ਉਥੋਂ ਕਲਾਸ-1 ਅਫਸਰ ਰਿਟਾਇਰ ਹੋਏ।

ਉਨ੍ਹਾਂ ਦੇ ਪਿਤਾ ਜੀ 1946 ਵਿਚ ਭਾਰਤੀ ਫੌਜ ਵਿਚੋਂ ਜੂਨੀਅਰ ਕਮਿਸ਼ਨਡ ਅਫਸਰ ਦੇ ਅਹੁਦੇ ਤੋਂ ਰਿਟਾਇਰ ਹੋਏ। 1950 ਵਿਚ ਉਨ੍ਹਾਂ ਦਾ ਪਰਿਵਾਰ ਪਿੰਡ ਛੱਡ ਕੇ ਕਪੂਰਥਲਾ ਸ਼ਹਿਰ ਵਿੱਚ ਵੱਸ ਗਿਆ। 2006 ਵਿਚ ਉਨ੍ਹਾਂ ਦੇ ਪਿਤਾ ਜੀ ਸੋ ਸਾਲ ਤੋਂ ਵੱਧ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਮਾਤਾ ਜੀ ਧਾਰਮਿਕ ਖਿਆਲਾਂ ਦੇ ਸਨ ਅਤੇ 2008 ਵਿਚ 96 ਸਾਲ ਦੀ ਉਮਰ ਵਿਚ ਸੁਰਗਵਾਸ ਹੋ ਗਏ। ਉਨ੍ਹਾਂ ਦੀ ਪਤਨੀ ਰਿਟਾਇਰਡ ਆਈ.ਆਰ.ਐੱਸ ਹਨ। ਉਨ੍ਹਾਂ ਦਾ ਪੁੱਤਰ ਨੋਇਡਾ ਵਿਖੇ ਇਕ ਕੰਪਨੀ ਦਾ ਮੁੱਖੀ ਹੈ ਅਤੇ ਉਨ੍ਹਾਂ ਦੀ ਧੀ ਸਕੂਲ ਅਧਿਆਪਿਕਾ ਹੈ। ਰਿਟਾਇਰਮੈਂਟ ਤੋਂ ਬਾਅਦ ਆਰ.ਐੱਸ. ਸੋਢੀ ਪਾਲਾ ਰਾਮ ਸਹਿਗਲ (ਕੌਮਾਂਤਰੀ ਹਾਕੀ ਖਿਡਾਰੀ) ਸਮੇਤ ਉਨ੍ਹਾਂ ਦੇ, ਮਿੱਤਰਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਆਪਣੀ ਖੇਡ ਹਾਕੀ ਅਤੇ ਪੁਰਾਣੇ ਹਾਕੀ ਖਿਡਰੀਆਂ ਬਾਰੇ ਲਿਖਣ ਲਈ ਪ੍ਰੇਰਿਆ। ਉਨ੍ਹਾਂ ਨੂੰ ਸਨਮਾਨਿਤ ਕਰਨ ਵਾਲਿਆਂ ਵਿਚ ਮੀਡੀਆ, ਸ਼ਾਹਬਾਦ ਹਾਕੀ ਅਕੈਡਮੀ ਅਤੇ ਜਵਾਹਰ ਲਾਲ ਨਹਿਰੂ ਹਾਕੀ ਸੁਸਾਇਟੀ ਸ਼ਾਮਿਲ ਹਨ। ਨਹਿਰੂ ਹਾਕੀ ਸੁਸਾਇਟੀ ਵਲੋਂ ਨਵੰਬਰ ਵਿਚ ਹੋਣ ਵਾਲੀ ਸੀਨੀਅਰ ਹਾਕੀ ਮੁਕਾਬਲਿਆਂ ਸਮੇਂ ਉਨ੍ਹਾਂ ਨੂੰ ਫਿਰ ਸਨਮਾਨ ਕਰਨ ਲਈ ਚੁਣਿਆ ਹੈ। ਹੁਣ ਤੱਕ ਉਹ ਭਾਰਤ, ਕੈਨੇਡਾ, ਮਲੇਸ਼ੀਆ ਅਤੇ ਕੀਨੀਆਂ ਦੇ ਹਾਕੀ ਖਿਡਾਰੀਆਂ ਬਾਬਤ ਲਿਖ ਚੁੱਕੇ ਹਨ। ਉਨ੍ਹਾਂ ਦੀਆਂ 2000 ਦੇ ਕਰੀਬ ਲਿਖਤਾਂ ਹਨ। ਵਿਵਾਦਾਂ ਤੋਂ ਬਚਣ ਲਈ ਉਹ ਸਿਰਫ ਫੇਸ ਬੁੱਕ ਪੇਜ 'ਤੇ ਹੀ ਲਿਖਦੇ ਹਨ। ਉਨ੍ਹਾਂ ਦੇ ਫੇਸ ਬੁੱਕ ਉਪਰ ਵੱਖ-ਵੱਖ ਦੇਸ਼ਾਂ ਤੋਂ ਮੁੰਡੇ 5000 ਦੇ ਕਰੀਬ ਮਿੱਤਰ ਹਨ। ਉਹ ਸ਼ਹੀਦ ਭਗਤ ਸਿੰਘ ਸੇਵਾ ਦਲ ਨਾਲ ਜੁੜੇ ਹੋਏ ਹਨ, ਇਸ ਐੱਨ.ਜੀ.ਓ. ਨੇ ਕਰੋਨਾ ਸੰਕਟ ਸਮੇਂ 4000 ਤੋਂ ਵੱਧ ਮ੍ਰਿਤਕ ਦੇਹਾਂ ਦਾ ਅੰਤਿਮ ਸਸਕਾਰ ਕੀਤਾ ਸੀ। ਆਸ ਕਰਦੇ ਹਾਂ ਕਿ ਹਾਕੀ ਨੂੰ ਪ੍ਰਫੁੱਲਿਤ ਕਰਨ ਲਈ ਉਹ ਆਖਰੀ ਸਾਹਾਂ ਤਕ ਲਿਖਦੇ ਰਹਿਣਗੇ।

–ਰਾਜਿੰਦਰ ਸਿੰਘ ਥਿੰਦ, ਜਨਰਲਿਸਟ
M. 98726-52156

## ਸੰਦੇਸ਼

ਕੰਬੋਜ਼ ਭਾਈਚਾਰੇ ਦੇ ਨਿਡਰ, ਸੂਰਬੀਰ ਯੋਧੇ, ਸ਼੍ਰੋਮਣੀ ਸ਼ਹੀਦ ਊਧਮ ਸਿੰਘ ਸੁਨਾਮ ਜਿਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਦਾ ਬਦਲਾ ਜਨਰਲ ਮਾਈਕਲ ਉਡਵਾਈਰ ਨੂੰ ਗੋਲੀ ਨਾਲ ਉਡਾ ਕੇ ਕੌਮ, ਦੇਸ਼ ਅਤੇ ਕੰਬੋਜ਼ ਬਿਰਾਦਰੀ ਦਾ ਨਾਂ ਦੁਨੀਆਂ ਵਿਚ ਉੱਚਾ ਕੀਤਾ। ਸ਼ਹੀਦ ਦੇ 85ਵੇਂ ਜਨਮ ਦਿਹਾੜੇ 'ਤੇ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।


ਜੈ ਬਾਬਾ ਸ਼ੰਕਰ ਗਿਰ ਔਲਿਆ ਜੀ

**ਸੰਦੇਸ਼**

ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਸੂਰਬੀਰ ਯੋਧਿਆਂ ਦੀ ਕਤਾਰ ਵਿਚ ਸ਼੍ਰੋਮਣੀ ਸ਼ਹੀਦ ਊਧਮ ਸਿੰਘ ਕੰਬੋਜ਼ ਦਾ ਨਾਂ ਪਹਿਲੇ ਨੰਬਰ 'ਤੇ ਆਉਂਦਾ ਹੈ। ਕੰਬੋਜ਼ ਭਾਈਚਾਰੇ ਨੂੰ ਇਸ ਸ਼੍ਰੋਮਣੀ ਸ਼ਹੀਦ ਵੱਲੋਂ ਦਿੱਤੀ ਨਿਸ਼ਾਨੀ ਕੁਰਬਾਨੀ 'ਤੇ ਸਦਾ ਨਾਜ਼ ਰਹੇਗਾ। ਕੰਬੋਜ਼ ਮਹਾਂਸਭਾ ਬਲਾਕ ਭੁਨਰਹੇੜੀ ਵੱਲੋਂ ਦੇਸ਼ ਕੌਮ ਦੇ ਸ਼ਹੀਦ ਊਧਮ ਸਿੰਘ ਕੰਬੋਜ਼ ਦੇ ਮਨਾਏ ਜਾ ਰਹੇ 85ਵੇਂ ਸ਼ਹੀਦੀ ਦਿਹਾੜੇ ਮੌਕੇ ਮੈਂ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।


ਜਸਵਿੰਦਰ ਸਿੰਘ ਜੱਸੀ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਨੂੜ — ਸੁਖਦੇਵ ਸਿੰਘ ਚੰਗੇਰਾ, ਬਨੂੜ


ਹਰਜਸ਼ਨ ਸਿੰਘ ਪਠਾਣਮਾਜਰਾ, ਸੀਨੀਅਰ ਯੂਥ ਆਗੂ 'ਆਪ' — ਗੁਰਪ੍ਰੀਤ ਸਿੰਘ ਗੁਰੀ, ਰਾਜਸੀ ਸਕੱਤਰ, ਸ. ਪਠਾਣਮਾਜਰਾ — ਬਲਜੀਤ ਸਿੰਘ, ਓ.ਐਸ.ਡੀ., ਸ. ਪਠਾਣਮਾਜਰਾ — ਜੀਤ ਸਿੰਘ ਮੀਰਾਂਪੁਰ, ਖਜ਼ਾਨਚੀ, ਕੰਬੋਜ਼ ਮਹਾਂ ਸਭਾ — ਦਵਿੰਦਰ ਸਿੰਘ ਮਾੜੂ, ਜਨਰਲ ਸਕੱਤਰ, ਕੰਬੋਜ਼ ਮਹਾਂ ਸਭਾ — ਇੰਜ: ਹਰਮਨਜੀਤ ਸਿੰਘ, M.D., Kay Jay School — ਮਨਿੰਦਰ ਫਰਾਂਸਵਾਲਾ, ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ

**ਸੰਦੇਸ਼**

ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਸੂਰਬੀਰ ਯੋਧਿਆਂ ਦੀ ਕਤਾਰ ਵਿਚ ਸ਼੍ਰੋਮਣੀ ਸ਼ਹੀਦ ਊਧਮ ਸਿੰਘ ਕੰਬੋਜ਼ ਦਾ ਨਾਂ ਪਹਿਲੇ ਨੰਬਰ 'ਤੇ ਆਉਂਦਾ ਹੈ। ਕੰਬੋਜ਼ ਮਹਾਂਸਭਾ ਬਲਾਕ ਭੁਨਰਹੇੜੀ ਵੱਲੋਂ ਦੇਸ਼ ਕੌਮ ਦੇ ਸ਼ਹੀਦ ਊਧਮ ਸਿੰਘ ਕੰਬੋਜ਼ ਦੇ ਮਨਾਏ ਜਾ ਰਹੇ 85ਵੇਂ ਸ਼ਹੀਦੀ ਦਿਹਾੜੇ ਮੌਕੇ ਮੈਂ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।


**ਜਰਨੈਲ ਸਿੰਘ ਕਰਤਾਰਪੁਰ**
ਮੈਂਬਰ ਐਸ.ਜੀ.ਪੀ.ਸੀ.

**ਸੰਦੇਸ਼**

ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।


**ਮਨਦੀਪ ਸਿੰਘ ਜੋਸਨ**
ਬਿਊਰੋ ਚੀਫ, ਜਗ ਬਾਣੀ/ਪੰਜਾਬ ਕੇਸਰੀ


ਜੋਗਿੰਦਰ ਕਾਕੜਾ, ਕੋਆਰਡੀਨੇਟਰ, ਹਲਕਾ ਨਾਭਾ, ਸੀਨੀਅਰ ਕਾਂਗਰਸੀ ਆਗੂ — ਕ੍ਰਿਸ਼ਨ ਸਿੰਘ ਸਨੌਰ, ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ (ਬ) — ਗੁਰਬਚਨ ਸਿੰਘ ਵਿਰਕ, ਸਾਬਕਾ ਪ੍ਰਧਾਨ ਟਰੱਕ ਯੂਨੀਅਨ ਦੇਵੀਗੜ੍ਹ — ਬੂਟਾ ਸਿੰਘ ਸ਼ਾਦੀਪੁਰ, ਪ੍ਰਧਾਨ ਕਿਸਾਨ ਯੂਨੀਅਨ ਸ਼ਾਦੀਪੁਰ — ਬਲਦੇਵ ਸਿੰਘ, ਚੇਅਰਮੈਨ, ਮਾਰਕਿਟ ਕਮੇਟੀ ਦੁੱਧਨ ਸਾਧਾਂ — ਲਖਵਿੰਦਰ ਸਿੰਘ ਥਿੰਦ ਹਡਾਣਾ, ਰੀਅਲ ਅਸਟੇਟ ਪਟਿ: — ਕਾਮਰੇਡ ਰਮੇਸ਼ ਅਜ਼ਾਦ, Director, Australian Forklift Training & Driving School — ਪ੍ਰਿਥੀਪਾਲ ਸਿੰਘ, ਪ੍ਰਧਾਨ, ਆੜ੍ਹਤੀ ਐਸੋ: ਭੁਨਰਹੇੜੀ

**ਸੰਦੇਸ਼**

ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।


**ਰਾਜੂ ਤ੍ਰੇਹਣ**
Ex. ਬਿਊਰੋ ਚੀਫ, ਪੰਜਾਬ ਕੇਸਰੀ ਗਰੁੱਪ

**ਸੰਦੇਸ਼**

ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।


**ਗੌਰਵ ਸੰਧੂ**
ਸੀਨੀਅਰ ਕਾਂਗਰਸੀ ਆਗੂ ਅਤੇ ਜਨਰਲ ਸਕੱਤਰ ਆਲ ਇੰਡੀਆ ਕਿਸਾਨ ਸੈੱਲ


ਸ਼ਵਿੰਦਰ ਕੌਰ ਧੰਜੂ, ਪ੍ਰਧਾਨ ਨਗਰ ਪੰਚਾਇਤ, ਦੇਵੀਗੜ੍ਹ — ਬਲਵੰਤ ਸਿੰਘ ਜੋਸ਼ਨ, ਸਾ. ਸਰਪੰਚ ਮਹਿਮੂਦਪੁਰ ਜੱਟਾਂ — ਗੁਰਵਿੰਦਰ ਸਿੰਘ ਧੰਜੂ ਟਿਵਾਣਾ — ਨਵਦੀਪ ਸਿੰਘ ਬਿੱਟੂ, ਨਵਦੀਪ ਅਸਟੇਟ ਪਟਿ: — ਬਲਵਿੰਦਰ ਸਿੰਘ, ਭਾਂਖਰ ਫਿਲਿੰਗ ਸਟੇਸ਼ਨ — ਕਮਲਜੀਤ ਸਿੰਘ ਖੱਸੀਆਂ, ਡਾਇਰੈਕਟਰ, ਕੋਆ: ਬੈਂਕ — ਸੁਖਜੀਤ ਸਿੰਘ, ਗਗਨ ਫਿਲਿੰਗ ਸਟੇਸ਼ਨ — ਪ੍ਰੀਤਮ ਸਿੰਘ ਸਨੌਰ, ਸੀਨੀ: ਆਗੂ ਅਕਾਲੀ ਦਲ (ਬ)







ਗੁਰਮੇਲ ਸਿੰਘ, ਜਨਰਲ ਸਕੱਤਰ ਆੜ੍ਹਤੀ ਐਸੋ: ਬਲਬੇੜਾ — ਕਰਮਜੀਤ ਸਿੰਘ, ਪ੍ਰਧਾਨ, ਆੜ੍ਹਤੀ ਐਸੋ: ਬਲਬੇੜਾ — ਹਰਲਾਲ ਸਿੰਘ, ਸਰਪੰਚ, ਕਾਠਗੜ੍ਹ — ਮੋਹਨ ਸਿੰਘ ਬਹਿਲ, ਪ੍ਰਧਾਨ, ਕੋਆਪ੍ਰੇਟਿਵ ਸੁਸਾਇਟੀ — ਮੁਖਤਿਆਰ ਸਿੰਘ ਨੌਗਾਵਾਂ, ਪੱਤਰਕਾਰ — ਦੀਪਾਂਸ਼ੂ ਸਨੌਰ, ਯੂਥ ਆਗੂ 'ਆਪ'


**ਐਡਵੋਕੇਟ ਦਲਵਿੰਦਰ ਸਿੰਘ**

**ਸੰਦੇਸ਼**

ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।


**ਗੱਜਣ ਸਿੰਘ**
ਮੀਡੀਆ ਇੰਚਾਰਜ, ਸ. ਬਲਬੀਰ ਸਿੰਘ ਸਿਹਤ ਮੰਤਰੀ ਅਤੇ ਜ਼ਿਲ੍ਹਾ ਮੀਡੀਆ ਸਪੋਕਸਮੈਨ 'ਆਪ'


ਗੁਰਜੀਤ ਸਿੰਘ, ਪੱਤਰਕਾਰ — ਯਾਦਵਿੰਦਰ ਸਿੰਘ ਧੰਜੂ, ਸੀਨੀਅਰ ਆਗੂ 'ਆਪ' — ਸੁਰਿੰਦਰ ਸਿੰਘ ਲਾਡੀ, ਦੇਵੀਗੜ੍ਹ — ਬੂਟਾ ਸਿੰਘ ਥਿੰਦ, ਐਮ.ਸੀ., ਦੇਵੀਗੜ੍ਹ — ਰਾਜਪਾਲ ਸਿੰਘ ਜੋਸਨ, ਦੇਵੀਗੜ੍ਹ — ਬਿਰਾਜ ਸਿੰਘ ਥਿੰਦ

## ਕੰਬੋਜ਼ ਮਹਾ ਸਭਾ ਭੁਨਰਹੇੜੀ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਸੰਗਮ ਪੈਲੇਸ, ਗੁੱਥਮੜਾ ਦੇਵੀਗੜ੍ਹ ਵਿਖੇ ਫ੍ਰੀ ਕੈਂਸਰ ਜਾਂਚ ਮੈਡੀਕਲ ਕੈਂਪ ਅੱਜ









ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।


ਪ੍ਰਤਾਪ ਸਿੰਘ ਬਾਜਵਾ, ਨੇਤਾ ਵਿਰੋਧੀ ਧਿਰ — ਹਰਿੰਦਰਪਾਲ ਸਿੰਘ ਹੈਰੀਮਾਨ, ਹਲਕਾ ਇੰਚਾਰਜ, ਸਨੌਰ — ਜੋਗਿੰਦਰ ਸਿੰਘ ਕਾਕੜਾ, ਕੋਆਰਡੀਨੇਟਰ, ਹਲਕਾ ਨਾਭਾ — ਪ੍ਰਭਜਿੰਦਰ ਸਿੰਘ ਬਾਹੀ (ਸਰਪੰਚ), ਯੂ.ਕੇ.


'ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ'

ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।

**ਗੁਰਦੀਪ ਸਿੰਘ ਚੀਮਾ**
ਸੂਬਾ ਜਨਰਲ ਸਕੱਤਰ ਅਤੇ ਜ਼ਿਲ੍ਹਾ ਪ੍ਰਧਾਨ ਰਾਇਸ ਮਿਲਰਜ਼ ਐਸੋ:




# ਆਦਿਵਾਸੀਆਂ ਉੱਪਰ ਜਬਰ ਖ਼ਿਲਾਫ਼ ਮੋਗਾ ਵਿਖੇ ਸੂਬਾਈ ਰੈਲੀ ਤੇ ਵਿਖਾਵਾ 8 ਨੂੰ

ਜਲੰਧਰ, 28 ਜੁਲਾਈ: (ਨਵਾਂ ਜ਼ਮਾਨਾ ਸਰਵਿਸ)- ਪੰਜਾਬ ਭਰ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਦੀ ਸੂਬਾਈ ਮੀਟਿੰਗ ਵਿੱਚ ਆਦਿਵਾਸੀ ਖੇਤਰਾਂ ਦੇ ਕਿਸਾਨਾ, ਮਜ਼ਦੂਰਾਂ ਅਤੇ ਸਮੂਹ ਮਿਹਨਤਕਸ਼ ਲੋਕਾਂ 'ਤੇ ਕੀਤੇ ਜਾ ਰਹੇ ਅੰਨ੍ਹੇ ਜਬਰ ਖ਼ਿਲਾਫ਼ 8 ਅਗਸਤ ਨੂੰ ਦਾਣਾ ਮੰਡੀ ਮੋਗਾ ਵਿਖੇ ਸੂਬਾਈ ਰੈਲੀ ਅਤੇ ਵਿਖਾਵੇ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ।ਪ੍ਰੋ. ਜਗਮੋਹਨ ਸਿੰਘ, ਝੰਡਾ ਸਿੰਘ ਜੇਠੂਕੇ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਪ੍ਰੈਸ ਨਾਲ ਲੁਧਿਆਣਾ ਮੀਟਿੰਗ ਦੇ ਫੈਸਲਿਆਂ ਨੂੰ ਨੇਪਰੇ ਚਾੜ੍ਹਨ ਦੀ ਮੁਹਿਮ ਵਿੱਚ ਜੁਟੀਆਂ ਪੰਜਾਬ ਦੀਆਂ ਸਮੂਹ ਜੱਥੇਬੰਦੀਆਂ ਵੱਲੋਂ ਮਿਲੀ ਠੋਸ ਜਾਣਕਾਰੀ ਦੇ ਆਧਾਰ ਤੇ ਉਹਨਾਂ ਪ੍ਰੈਸ ਨੂੰ ਦੱਸਿਆ ਕਿ ਮੋਗਾ ਦਾਣਾ ਮੰਡੀ ਵਿੱਚ ਹੋ ਰਹੀ ਇਸ ਲਾਮਿਸਾਲ ਰੈਲੀ ਵਿਚ ਹਜ਼ਾਰਾਂ ਮਰਦ ਔਰਤਾਂ ਕਾਫ਼ਲੇ ਬੰਨ੍ਹ ਕੇ ਸ਼ਾਮਲ ਹੋਣਗੀ।ਇਸ ਰੈਲੀ ਅਤੇ ਵਿਖਾਵੇ ਦੀ ਤਿਆਰੀ ਵਿਚ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ), ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੀ.ਐੱਸ.ਯੂ .(ਸ਼ਹੀਦ ਰੰਧਾਵਾ), ਇਫਟੂ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਪੰਜਾਬ ਸਟੂਡੈਂਟਸ ਯੂਨੀਅਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਸੰਜੀਵ ਮਿੰਟੂ), ਭਾਰਤੀ ਕਿਸਾਨ ਯੂਨੀਅਨ (ਡਕੌਂਦਾ) (ਬੂਟਾ ਸਿੰਘ ਬੁਰਜ ਗਿੱਲ), ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ), (ਮਨਜੀਤ ਧਨੇਰ), ਕਾਰਖ਼ਾਨਾ ਮਜ਼ਦੂਰ ਯੂਨੀਅਨ, ਇਨਕਲਾਬੀ ਮਜ਼ਦੂਰ ਕੇਂਦਰ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਜਮਹੂਰੀ ਅਧਿਕਾਰ ਸਭਾ ਪੰਜਾਬ, ਪਲਸ ਮੰਚ, ਤਰਕਸ਼ੀਲ ਸੁਸਾਇਟੀ ਪੰਜਾਬ, ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ, ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ), ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਪੰਜਾਬ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ), ਜਮਹੂਰੀ ਕਿਸਾਨ ਸਭਾ, ਦਿਹਾਤੀ ਮਜ਼ਦੂਰ ਸਭਾ, ਮੈਡੀਕਲ



ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ, ਵਰਗ ਚੇਤਨਾ, ਡੈਮੋਕ੍ਰੇਟਿਕ ਡਿਸਕਸ਼ਨ ਫੋਰਮ ਪਟਿਆਲਾ, ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ ਸਮੇਤ ਦਰਜਨਾਂ ਸੰਸਥਾਵਾਂ ਜੁਟੀਆਂ ਹੋਈਆਂ ਹਨ।ਸਿਰ ਜੋੜਕੇ ਡਟੀਆਂ ਇਹਨਾਂ ਜੱਥੇਬੰਦੀਆਂ ਦੇ ਹਾਜ਼ਰ ਪ੍ਰਤੀਨਿਧਾਂ ਦੇ ਦਸਤਖ਼ਤਾਂ ਦੀ ਪੁਖ਼ਤਾ ਜਾਣਕਾਰੀ ਦੇ ਆਧਾਰ ਤੇ ਇਸ ਯਾਦਗਾਰੀ ਇਕੱਤਰਤਾ ਦਾ ਨਿਸ਼ਾਨਾ ਬਹੁਤ ਹੀ ਸਾਫ਼ ਅਤੇ ਸਪੱਸ਼ਟ ਹੈ ਕਿ ਇਹ ਇਤਿਹਾਸਕ ਇਕੱਠ ਬੁਲੰਦ ਆਵਾਜ਼ ਵਿੱਚ ਮੰਗ ਕਰੇਗਾ ਕਿ ਆਦਿਵਾਸੀ ਖੇਤਰਾਂ 'ਚ 'ਓਪਰੇਸ਼ਨ ਕਗਾਰ' ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਸ ਮੁਕਾਬਲੇ ਤੇ ਹਰ ਤਰ੍ਹਾਂ ਦੇ ਜਬਰ ਦੇ ਕਦਮ ਫੌਰੀ ਰੋਕੇ ਜਾਣ, ਇਹਨਾਂ ਇਲਾਕਿਆਂ ਚੋਂ ਸਾਰੇ ਪੁਲਿਸ ਕੈਂਪਾਂ ਨੂੰ ਹਟਾਇਆ ਜਾਵੇ, ਪੁਲਸ ਤੇ ਸਾਰੇ ਅਰਧ ਸੈਨਿਕ ਬਲਾਂ ਨੂੰ ਵਾਪਸ ਬੁਲਾਇਆ ਜਾਵੇ,ਜਲ਼ ਜੰਗਲ ,ਜ਼ਮੀਨਾਂ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ, ਆਦਿਵਾਸੀਆਂ ਦੇ ਟਾਕਰੇ ਖ਼ਿਲਾਫ਼ ਡਰੋਨਾਂ ਤੇ ਹੈਲੀਕਾਪਟਰਾਂ ਰਾਹੀਂ ਬੰਬਾਰੀ ਬੰਦ ਕੀਤੀ, ਯੂਏਪੀਏ, ਅਫਸਪਾ ਤੇ ਐਨਐਸਏ ਵਰਗੇ ਕਾਲੇ ਕਾਨੂੰਨ ਰੱਦ ਕੀਤੇ, ਕੌਮੀ ਜਾਂਚ ਏਜੰਸੀ ਨੂੰ ਭੰਗ ਕੀਤਾ ਜਾਵੇ, ਲੋਕਾਂ ਦੀਆਂ ਜਥੇਬੰਦੀਆਂ ਅਤੇ ਸੰਘਰਸ਼ਾਂ 'ਤੇ ਲਾਈਆਂ ਪਬੰਦੀਆਂ ਖ਼ਤਮ ਕੀਤੀਆਂ ਜਾਣ , ਗ੍ਰਿਫ਼ਤਾਰ ਕੀਤੇ ਗਏ ਜਮਹੂਰੀ ਹੱਕਾਂ ਦੇ ਕਾਰਕੁਨ ਰਿਹਾਅ ਕੀਤੇ ਜਾਣ ਤੇ ਸੰਘਰਸ਼ ਕਰਨ ਦੇ ਅਧਿਕਾਰ ਦੀ ਜ਼ਾਮਨੀ ਕੀਤੀ ਜਾਵੇ।

ਮੀਟਿੰਗ 'ਚ ਵਿਸਥਾਰੀ ਚਰਚਾ ਦਾ ਸਾਰ ਤੱਤ ਪ੍ਰੈਸ ਨਾਲ ਸਾਂਝਾ ਕਰਦਿਆਂ ਪ੍ਰੈਸ ਦੱਸਿਆ ਕਿ ਆਦਿਵਾਸੀ ਖੇਤਰ ਵਿਚ ਫਾਸ਼ੀ ਕਹਿਰ ਢਾਹੁਣ ਦਾ ਇਹ ਸਿਲਸਿਲਾ ਪੰਜਾਬ ਅੰਦਰ ਵੀ ਇਸੇ ਕਾਰਪੋਰੇਟ ਜਗਤ ਦੀ ਸੇਵਾ ਲਈ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ ਕਰ ਰਿਹਾ ਹੈ ਤੇ ਲੋਕਾਂ ਦੇ ਸੰਘਰਸ਼ ਕਰਨ ਦੇ ਅਧਿਕਾਰ ਤੇ ਪਾਬੰਦੀਆਂ ਮੜ੍ਹੀਆਂ ਜਾ ਰਹੀਆਂ ਹਨ।

ਲੋਕ ਸੰਘਰਸ਼ਾਂ ਦੇ ਅੱਗੇ ਵਧਣ ਨਾਲ ਪੰਜਾਬ ਅੰਦਰ ਵੀ ਇਹਨਾਂ ਪਾਬੰਦੀਆਂ ਨੇ ਹੋਰ ਤਿੱਖੇ ਜਬਰ ਦਾ ਰੂਪ ਧਾਰਨ ਕਰਨਾ ਹੈ।ਇਸ ਲਈ ਆਦਿਵਾਸੀ ਖੇਤਰਾਂ ਦੇ ਲੋਕਾਂ ਦੇ ਹੱਕ 'ਚ ਆਵਾਜ਼ ਉਠਾਉਣੀ ਪੰਜਾਬ ਦੀ ਜਨਤਕ ਜਮਹੂਰੀ ਲਹਿਰ ਦੇ ਮਹਿਜ਼ ਜਮਹੂਰੀ ਸਰੋਕਾਰਾਂ ਦਾ ਹੀ ਮਸਲਾ ਨਹੀਂ ਹੈ ਸਗੋਂ ਉਸ ਤੋਂ ਅੱਗੇ ਇਹ ਮੁਲਕ ਪੱਧਰ ਤੇ ਸੰਸਾਰ ਕਾਰਪੋਰੇਟ ਜਗਤ ਦੇ ਧਾਵੇ ਖ਼ਿਲਾਫ਼ ਸਾਂਝੀ ਲੜਾਈ ਉਸਾਰਨ ਦੇ ਸਰੋਕਾਰਾਂ ਦਾ ਵੀ ਮੁੱਦਾ ਹੈ। ਆਦਿਵਾਸੀ ਕਿਸਾਨਾਂ ਮਜ਼ਦੂਰਾਂ ਸਮੂਹ ਮਿਹਨਤਕਸ਼ ਲੋਕਾਂ 'ਤੇ ਜਬਰ ਖ਼ਿਲਾਫ਼ ਉੱਠ ਰਹੀ ਆਵਾਜ਼ ਪੰਜਾਬ ਦੀ ਸਾਂਝੀ ਵਿਸ਼ਾਲ ਲੋਕ ਸ਼ਕਤੀ ਅਤੇ ਲੋਕ ਲਹਿਰ ਨੂੰ ਜਰਬਾਂ ਦੇਵੇਗੀ।

# ਸਿਵਲ ਹਸਪਤਾਲ ਵਿਖੇ ਆਈ ਸੀ ਯੂ 'ਚ ਹੋਈਆਂ ਮੌਤਾਂ ਦੀ ਜਾਂਚ ਦੇ ਹੁਕਮ

ਜਲੰਧਰ ( ਸ਼ੈਲੀ ਐਲਬਰਟ)-ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ, ਜਲੰਧਰ ਵਿਖੇ ਤਿੰਨ ਆਈ.ਸੀ.ਯੂ. ਮਰੀਜ਼ਾਂ ਦੀ ਮੌਤ ਦੀ ਵਿਸਥਾਰਤ ਜਾਂਚ ਦੇ ਹੁਕਮ ਦਿੱਤੇ ਹਨ। ਆਕਸੀਜਨ ਦੀ ਉਚਿਤ ਸਪਲਾਈ ਨਾ ਹੋਣ ਦੀਆਂ ਰਿਪੋਰਟਾਂ ਮਿਲਣ ਉਪਰੰਤ ਮੰਤਰੀ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਨਾਲ ਹਸਪਤਾਲ ਦਾ ਅਚਨਚੇਤ ਦੌਰਾ ਕੀਤਾ।ਮੀਡੀਆ ਨਾਲ ਗੱਲ ਕਰਦਿਆਂ ਡਾ. ਸਿੰਘ ਨੇ ਸਪੱਸ਼ਟ ਕੀਤਾ ਕਿ ਤਕਨੀਕੀ ਖਰਾਬੀ ਕਾਰਨ ਆਕਸੀਜਨ ਪਲਾਂਟ 'ਚ ਦਬਾਅ ਘਟਣ ਦੀ ਸਮੱਸਿਆ ਆਈ, ਜਿਸ ਨੂੰ ਤੁਰੰਤ ਬੈਕਅੱਪ ਸਿਸਟਮ ਨਾਲ ਬਹਾਲ ਕੀਤਾ ਗਿਆ ਤੇ ਪਲਾਂਟ ਆਪਰੇਟਰ ਨਾਲ ਤੁਰੰਤ ਸਮੁੱਚੇ ਸਿਸਟਮ ਨੂੰ ਇੱਕ ਵਿਕਲਪਿਕ ਕੰਪ੍ਰੈਸਰ 'ਤੇ ਬਦਲ ਦਿੱਤਾ ਗਿਆ।ਦੱਸਣਯੋਗ ਹੈ ਕਿ ਇਸ ਮਾਮਲੇ ਸਬੰਧੀ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਇੱਕ ਉੱਚ ਪੱਧਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ 48 ਘੰਟਿਆਂ ਦੇ ਅੰਦਰ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਡਾ. ਸਿੰਘ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟਾਇਆ ਅਤੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਦੁਖੀ ਪਰਵਾਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਮਰਨ ਵਾਲੇ ਮਰੀਜ਼ ਪਹਿਲਾਂ ਹੀ ਗੰਭੀਰ ਹਾਲਤ ਵਿੱਚ ਸਨ। ਇੱਕ ਮਰੀਜ਼ ਦੇ ਕਈ ਅੰਗ ਪਹਿਲਾਂ ਤੋਂ ਹੀ ਕੰਮ ਨਹੀਂ ਕਰ ਰਹੇ ਸਨ ਅਤੇ ਦੂਜਾ ਮਰੀਜ਼ ਪੁਰਾਣੀ ਬਿਮਾਰੀ ਤੋਂ ਪੀੜਤ ਸੀ। ਉਨ੍ਹਾਂ ਅੱਗੇ ਦੱਸਿਆ ਕਿ ਮਰੀਜ਼ਾਂ ਦੀ ਦੇਖਭਾਲ ਨੂੰ ਯਕੀਨੀ ਬਣਾਉਣ ਲਈ 46 ਇੰਟਰਨ, 14 ਹਾਊਸ ਸਰਜਨ ਅਤੇ ਡੀਐਨਬੀ ਵਿਦਿਆਰਥੀ ਤਾਇਨਾਤ ਕੀਤੇ ਗਏ ਸਨ।ਇਸ ਮਾਮਲੇ ਦੀ ਜਵਾਬਦੇਹੀ ਲਈ ਜ਼ੋਰ ਦਿੰਦਿਆਂ ਮੰਤਰੀ ਨੇ ਕਿਹਾ ਕਿ ਜੇਕਰ ਹਸਪਤਾਲ ਸਟਾਫ ਵੱਲੋਂ ਕੋਈ ਵੀ ਗਲਤੀ ਜਾਂ ਲਾਪਰਵਾਹੀ ਪਾਈ ਗਈ ਤਾਂ ਉਸ ਖਿਲਾਫ਼ ਬਣਦੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਸਰਕਾਰੀ ਜਾਂਚ ਰਿਪੋਰਟ ਵਿੱਚ ਉਜਾਗਰ ਕੀਤੀ ਹਰ ਕਿਸਮ ਦੀ ਕਮੀ ਨੂੰ ਦੂਰ ਕਰਨ ਦਾ ਭਰੋਸਾ ਵੀ ਦਿੱਤਾ



ਅਤੇ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਉਪਾਅ ਕੀਤੇ ਜਾਣਗੇ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਵੀ ਦੁੱਖ ਪ੍ਰਗਟ ਕੀਤਾ ਅਤੇ ਦੁਹਰਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਪ੍ਰਭਾਵਿਤ ਪਰਵਾਰਾਂ ਦੇ ਨਾਲ ਖੜ੍ਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਜੇਕਰ ਕਿਸੇ ਸਟਾਫ ਦੀ ਗਲਤੀ ਪਾਈ ਜਾਂਦੀ ਹੈ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਜਾਂਚ ਰਿਪੋਰਟ ਵਿੱਚ ਸਪੱਸ਼ਟ ਹੋਵੇਗਾ ਕਿ ਮੌਤਾਂ ਆਕਸੀਜਨ ਦੇ ਮੁੱਦਿਆਂ ਕਾਰਨ ਜਾਂ ਹੋਰ ਡਾਕਟਰੀ ਪੇਚੀਦਗੀਆਂ ਕਾਰਨ ਹੋਈਆਂ ਹਨ।

# ਮਹਿੰਦਰ ਭਗਤ ਦੀ ਰਿਹਾਇਸ਼ ਅੱਗੇ ਮਜ਼ਦੂਰ ਲਾਉਣਗੇ ਧਰਨਾ

**ਜਲੰਧਰ (ਗਿਆਨ ਸੈਦਪੁਰੀ)** -ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਪੰਜਾਬ ਭਰ ਵਿੱਚ ਆਮ ਆਦਮੀ ਪਾਰਟੀ ਦੇ ਪੰਜ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਲਾਏ ਜਾ ਰਹੇ ਧਰਨਿਆਂ ਤਹਿਤ ਦੋਆਬਾ ਜੋਨ ਦੀਆਂ ਜਥੇਬੰਦੀਆਂ, ਕੈਬਨਿਟ ਮੰਤਰੀ ਮਹਿੰਦਰ ਭਗਤ ਦੀ ਜਲੰਧਰ ਸਥਿਤ ਰਿਹਾਇਸ਼ ਅੱਗੇ 4 ਅਗਸਤ ਨੂੰ ਇਕ ਦਿਨਾ ਧਰਨਾ ਲਾਉਣਗੀਆਂ। ਇਥੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜਥੇਬੰਦੀਆਂ ਦੀ ਮੀਟਿੰਗ , ਸਾਂਝੇ ਮੋਰਚੇ ਦੇ ਆਗੂ ਅਤੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਗੁਰਮੇਸ਼ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਉਕਤ ਧਰਨੇ ਦੇ ਪ੍ਰਬੰਧਾਂ ਅਤੇ ਤਿਆਰੀ ਸਬੰਧੀ ਜਾਇਜ਼ਾ ਲਿਆ ਗਿਆ, ਮੀਟਿੰਗ ਵਿੱਚ ,ਮਜ਼ਦੂਰ ਆਗੂਆਂ ਸਰਵਸਾਥੀ ਸਾਥੀ ਦਰਸ਼ਨ ਨਾਹਰ, ਹਰਮੇਸ਼ ਮਾਲੜੀ ਅਤੇ ਹੰਸਰਾਜ ਪੱਬਵਾ ਨੇ ਕਿਹਾ ਕਿ ਮਜ਼ਦੂਰ ਵਰਗ ਦੀਆਂ ਹੱਕੀ ਮੰਗਾਂ ਪ੍ਰਤੀ ਸਰਕਾਰੀ ਰਵੱਈਆ ਅਤੀ ਨਿੰਦਣਯੋਗ ਹੈ ਜਦਕਿ ਹੱਕ ਮੰਗਦੇ ਮਜ਼ਦੂਰਾਂ ਸਮੇਤ ਹੋਰਨਾਂ ਮਿਹਨਤਕਸ਼ ਲੋਕਾਂ 'ਤੇ ਸਰਕਾਰ ਜਬਰ ਕਰ ਰਹੀ ਹੈ। ਉਨਾਂ ਕਿਹਾ ਕਿ ਔਰਤਾਂ ਦੇ ਖਾਤੇ ਵਿੱਚ ਪ੍ਰਤੀ ਮਹੀਨਾ ਇਕ ਹਜ਼ਾਰ ਰੁਪਏ ਪਾਉਣ ਦੀ ਗਰੰਟੀ ਕਰਨ ਵਾਲੀ ਸਰਕਾਰ ਆਪਣੇ ਵਾਅਦੇ ਤੋਂ ਮੁਕਰ ਗਈ ਹੈ। ਉਨਾਂ ਕਿਹਾ ਮਜ਼ਦੂਰ ਵਰਗ ਵਧਦੀ ਮਹਿੰਗਾਈ ਅਤੇ ਰੁਜ਼ਗਾਰ ਦੀ ਥੁੜ ਕਾਰਨ ਪ੍ਰੇਸ਼ਾਨ ਹੈ, ਨਸ਼ਿਆਂ ਦੀ ਮਹਾਂਮਾਰੀ ਅਤੇ ਲੁੱਟਾਂ ਖੋਹਾਂ ਵਰਗੇ ਵਰਤਾਰਿਆਂ ਦਾ ਸਭ ਤੋਂ ਵੱਧ ਅਸਰ ਗਰੀਬ ਤਬਕੇ 'ਤੇ ਹੀ ਪੈ ਰਿਹਾ ਹੈ ਪਰ ਸਰਕਾਰ ਫੋਕੇ ਲਾਰਿਆਂ ਨਾਲ ਡੰਗ ਸਾਰ ਰਹੀ ਹੈ। ਉਨਾਂ ਕਿਹਾ ਸਰਕਾਰ ਦੀ ਬੇਰੁਖੀ ਕਾਰਨ ਮਜ਼ਦੂਰ ਧਰਨੇ ਲਾਉਣ ਲਈ ਮਜਬੂਰ ਹਨ। ਉਨਾਂ ਜਿਥੇ ਸਰਕਾਰ ਦੀ



ਲੈਂਡ ਪੂਲਿੰਗ ਨੀਤੀ ਨੂੰ ਕਿਸਾਨਾਂ ਵਿਰੋਧੀ ਦੱਸਿਆ ਉਥੇ ਉਨ੍ਹਾਂ ਕਿਹਾ ਕਿ ਇਸ ਦਾ ਸਭ ਤੋਂ ਵੱਧ ਅਸਰ ਬੇਜ਼ਮੀਨੇ ਮਜ਼ਦੂਰਾਂ 'ਤੇ ਪਵੇਗਾ। ਉਨ੍ਹਾਂ ਕਿਹਾ ਪਿੰਡ ਉਜੜਨ ਨਾਲ ਜਿੱਥੇ ਮਜ਼ਦੂਰਾਂ ਦੀ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ 'ਚੋਂ ਹਿੱਸੇਦਾਰੀ ਮੁੱਕ ਜਾਵੇਗੀ ਉਥੇ ਮਨਰੇਗਾ ਤਹਿਤ ਮਿਲਣ ਵਾਲਾ ਨਿਗੂਣਾ ਕੰਮ ਵੀ ਮੁੱਕ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਤਰੁੰਤ ਇਹ ਨੀਤੀ ਰੱਦ ਕਰਕੇ, ਜ਼ਮੀਨ ਹੱਦ ਬੰਦੀ ਕਾਨੂੰਨ ਲਾਗੂ ਕੀਤਾ ਜਾਵੇ ਅਤੇ ਵਾਧੂ ਨਿਕਲਦੀਆਂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਅਤੇ ਥੁੜ ਜ਼ਮੀਨੇ ਕਿਸਾਨਾਂ ਵਿਚ ਵੰਡੀਆਂ ਜਾਣ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਵਸਾਥੀ ਕਸ਼ਮੀਰ ਘੁਗਸ਼ੋਰ, ਪਰਮਜੀਤ ਰੰਧਾਵਾ, ਸੋਢੀ ਰਾਮ ਅਤੇ ਦਲਵੀਰ ਸਹੋਤਾ ਵੀ ਹਾਜ਼ਰ ਸਨ।

# ਉਹ ਦਿਨ ਦੂਰ ਨਹੀਂ ਜਦੋਂ ਨਸ਼ਾ ਪੀੜਤ ਤੇ ਨਸ਼ਾ ਤਸਕਰ ਮੁੱਖ ਧਾਰਾ 'ਚ ਪਰਤ ਆਉਣਗੇ: ਧਾਲੀਵਾਲ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕੋਟਲੀ ਸੱਕਿਆਂ ਵਾਲੀ, ਝੰਡੇਰ, ਲਸ਼ਕਰੀ ਨੰਗਲ ਅਤੇ ਮਾਛੀ ਨੰਗਲ ਵਿਖੇ ਨਸ਼ਾ ਮੁਕਤੀ ਯਾਤਰਾਵਾਂ 'ਚ ਸ਼ਾਮਲ ਹੋ ਕੇ ਜਾਗਰੂਕਤਾ ਰੈਲੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨਸ਼ਾ ਮੁਕਤੀ ਯਾਤਰਾਵਾਂ 'ਚ ਸਾਮਲ ਹੋਏ ਹਰੇਕ ਵਿਅਕਤੀ, ਔਰਤ, ਨੌਜੁਆਨ ਅਤੇ ਬੱਚੇ ਨੂੰ ਪਿੰਡਾਂ ਨੂੰ ਨਸ਼ਾ ਮੁਕਤ ਰੱਖਣ ਲਈ ਸਮੂਹਿਕ ਹਲਫ ਦਿਵਾਇਆ। ਜਾਗਰੂਕਤਾ ਰੈਲੀਆਂ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਸਾਬਕਾ ਅਕਾਲੀ ਭਾਜਪਾ ਗਠਜੋੜ ਤੇ ਕਾਂਗਰਸ ਸਰਕਾਰਾਂ ਵੱਲੋਂ ਆਪਣੇ ਕਥਿਤ ਵੋਟ ਦੇ ਸਿਆਸੀ ਹਿੱਤਾਂ ਅਤੇ ਪੈਸੇ ਦੇ ਅੰਨ੍ਹੇ ਲਾਲਚ ਦੀ ਪੂਰਤੀ 'ਚ ਸੋਨੇ ਦੀ ਚਿੜੀ ਅਖਵਾਉਣ ਵਾਲੇ ਰੰਗਲੇ ਪੰਜਾਬ ਦੀ ਸ਼ਾਨ ਨੂੰ ਨਸ਼ਿਆਂ ਦੇ ਜ਼ਹਿਰ 'ਚ ਰੋਲ ਕੇ ਰੱਖ ਦਿੱਤਾ, ਪਰ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਨੇ ਨਸ਼ਿਆਂ ਦੇ ਖਿਲਾਫ ਰਣਨੀਤਕ ਜੇਹਾਦ ਛੇੜ ਕੇ ਕਾਫੀ ਹੱਦ ਤੱਕ ਸਫਲਤਾ ਪਾ ਲਈ ਹੈ। ਨਸ਼ਾ ਪੀੜਤਾਂ ਨੂੰ ਨਸ਼ਿਆਂ ਦੇ ਇਲਾਜ ਲਈ ਸਰਕਾਰ ਵੱਲੋਂ ਸੰਚਾਲਿਤ ਮੁਫਤ ਨਸ਼ਾ ਛੁਡਾਊ ਕੇਂਦਰਾਂ 'ਚ ਭਰਤੀ ਕੀਤਾ ਜਾ ਰਿਹਾ ਹੈ, ਜਿਸ ਕਰਕੇ ਨਸ਼ੇ ਦੇ ਸਮੱਗਲਰ ਅਤੇ ਨਸ਼ਾ ਪੀੜਤ ਮੁੱਖਧਾਰਾ ਵਿੱਚ ਪਰਤਣ ਰਹੇ ਹਨ ਅਤੇ ਹੁਣ ਉਹ ਦਿਨ ਦੂਰ ਨਹੀਂ ਜਦੋਂ ਨਸ਼ਿਆਂ ਦੇ ਕਾਲੇ ਧੰਦੇ ਤੋਂ ਨਸ਼ਾ ਤਸਕਰ ਤੌਬਾ ਕਰਕੇ ਅਤੇ ਨਸ਼ਾ ਪੀੜਤ ਇਲਾਜ ਪਿੱਛੋਂ ਪੰਜਾਬ ਦੇ ਵਿਕਾਸ ਦਾ ਇੰਜਣ ਬਣਨਗੇ। ਉਨ੍ਹਾਂ ਕਾਂਗਰਸ, ਅਕਾਲੀਆਂ ਤੇ ਭਾਜਪਾ ਦੀ ਘੇਰਾਬੰਦੀ ਕਰਦਿਆਂ



ਕਿਹਾ ਕਿ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਪੰਜਾਬ, ਪੰਜਾਬੀ, ਪੰਜਾਬੀਅਤ ਵਿਰੋਧੀ ਨੀਤੀਆਂ ਦੇ ਮੱਦੇਨਜ਼ਰ ਪਹਿਲਾਂ ਹੀ ਵੋਟਾਂ 'ਚ ਨਕਾਰ ਕੇ ਪੰਜਾਬ ਦੀ ਸਿਆਸਤ ਤੋਂ ਪੰਜਾਬ ਵਾਸੀਆਂ ਨੇ ਬਾਹਰ ਕੀਤਾ ਹੋਇਆ ਹੈ ਅਤੇ ਹੁਣ ਅਸਿੱਧੇ ਤੇ ਸਿੱਧੇ ਰੂਪ 'ਚ ਮਾਨ ਸਰਕਾਰ ਵੱਲੋਂ ਛੇੜੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਖਿਲਾਫ ਭੁਗਤਣ ਕਾਰਣ ਲੋਕਾਂ 'ਚੋਂ ਬੁਰੀ ਤਰ੍ਹਾਂ ਰਾਜਸੀ ਤੌਰ 'ਤੇ ਪੱਛੜੀਆਂ ਹੋਈਆਂ ਹਨ। ਸ਼੍ਰੀ ਧਾਲੀਵਾਲ ਨੇ ਐਲਾਨ ਕੀਤਾ ਭਗਵੰਤ ਮਾਨ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਜੰਗ ਨਸ਼ਿਆਂ ਦੇ ਖਾਤਮੇ ਤੱਕ ਜਾਰੀ ਰਹੇਗੀ।

# 19ਵਾਂ ਬੂਟਿਆਂ ਦਾ ਲੰਗਰ 30 ਨੂੰ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ )- ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ, ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਜੀ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਦੇ ਸਹਿਯੋਗ ਨਾਲ "ਗਰੀਬ ਦਾ ਮੂੰਹ,ਗੁਰੂ ਦੀ ਗੋਲਕ" ਸੰਸਥਾ (ਰਜਿ.) ਅਜਨੋਹਾ ਵਲੋਂ 19 ਵਾਂ ਬੂਟਿਆਂ ਦਾ ਲੰਗਰ ਪਿੰਡ ਭਾਮ ਵਿਖੇ ਮਾਂ ਭਾਮੇਸਵਰੀ



ਜੀ ਦੇ 71 ਵੇਂ ਸਾਲਾਨਾ ਮੇਲੇ ਤੇ ਸਾਮ 3 ਵਜੇ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਗੁਰਪ੍ਰੀਤ ਸਿੰਘ ਗੁਗਲੀ ਖਾਲਸਾ ਅਜਨੋਹਾ, ਦਲਜੀਤ ਸਿੰਘ ਠੱਕਰਵਾਲ, ਸੁਮੀਤ ਪਾਲ ਸਿੰਘ, ਮਨਪ੍ਰੀਤ ਸਿੰਘ ਅਜਨੋਹਾ, ਦਰਬਾਰਾ ਸਿੰਘ ਖਾਲਸਾ ਅਜਨੋਹਾ, ਗੁਰਬਖਸ ਲਾਲ ਪਾਸਟਾ, ਹਰਮਨ ਸਿੰਘ ਖਾਲਸਾ ਨਡਾਲੋਂ, ਕਮਲਜੀਤ ਸਿੰਘ ਰਾਣਾ ਅਜਨੋਹਾ, ਦਵਿੰਦਰ ਸਿੰਘ ਅਤੇ ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਮੰਗਾਂ ਨੂੰ ਲੈ ਕੇ ਮਨਰੇਗਾ ਵਰਕਰਜ਼ ਯੂਨੀਅਨ ਦਾ ਵਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਮਨਰੇਗਾ ਵਰਕਰਜ਼ ਯੂਨੀਅਨ ਦਾ ਵਫਦ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਮਨਰੇਗਾ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਮਿਲਿਆ ਜਿਸ ਦੀ ਅਗਵਾਈ ਯੂਨੀਅਨ ਦੇ ਜ਼ਿਲਾ ਸਕੱਤਰ ਬਲਦੇਵ ਸਿੰਘ ਪੰਡੋਰੀ, ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਰਟੌਲ, ਕਰਮ ਸਿੰਘ ਪੰਡੋਰੀ, ਅਮਰਜੀਤ ਸਿੰਘ ਕੋਟਲੀ ਨੇ ਕੀਤੀ।ਵਫਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਨਰੇਗਾ ਵਰਕਰਾਂ ਦਾ ਕਾਫੀ ਲੰਮੇ ਸਮੇਂ ਤੋਂ ਮਿਹਨਤਾਨਾ ਨਹੀਂ ਮਿਲ ਰਿਹਾ ਅਤੇ ਨਾ ਹੀ ਵਰਕਰਾਂ ਨੂੰ ਕੰਮ ਮਿਲ ਰਿਹਾ ਹੈ ਜਿਸ ਕਾਰਨ ਵਰਕਰ ਕੰਮ ਤੋਂ ਵਿਹਲੇ ਫਿਰ ਰਹੇ ਹਨ।ਇਨ੍ਹਾਂ ਆਗੂਆਂ ਨੇ ਇਹ ਵੀ ਦੱਸਿਆ ਕਿ ਬਲਾਕ ਦੇ ਅਧਿਕਾਰੀਆਂ ਵੱਲੋਂ ਮਨਰੇਗਾ ਵਰਕਰਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ ਅਤੇ ਰਾਜ ਕਰਦੀ ਧਿਰ ਦੇ ਕਹਿਣ ਤੇ ਉਨ੍ਹਾਂ ਦੇ ਚਹੇਤਿਆਂ ਨੂੰ ਕੰਮ ਦਿੱਤਾ ਜਾ ਰਿਹਾ ਹੈ।ਵਫਦ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ 100 ਦਿਨ ਦੀ ਗਰੰਟੀ ਵਾਲਾ ਕਾਨੂੰਨ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਹੋ ਰਿਹਾ, ਕੰਮ ਮੰਗਦੇ ਵਰਕਰ ਨੂੰ 100 ਦਿਨ ਕੰਮ ਨਹੀਂ ਦਿੱਤਾ ਜਾ ਰਿਹਾ ਅਤੇ ਨਾ ਹੀ ਸਮੇਂ ਸਿਰ ਮਿਹਨਤਾਨਾ ਦਿੱਤਾ ਜਾ ਰਿਹਾ।ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਮਨਰੇਗਾ ਵਰਕਰਾਂ ਦੇ ਪਿਛਲੇ ਬਕਾਏ ਤੁਰੰਤ ਪਾਏ ਜਾਣ ਅਤੇ ਕੰਮ ਮੰਗਦੇ ਵਰਕਰ ਨੂੰ ਕੰਮ ਦਿੱਤਾ ਜਾਵੇ।ਸਾਰੇ ਪਰਿਵਾਰ ਨੂੰ ਕੰਮ ਦਿੱਤਾ



ਜਾਵੇ ਅਤੇ ਘੱਟੋ ਘੱਟ ਮਿਹਨਤਾਨਾ 700 ਰੁਪਏ ਪ੍ਰਤੀ ਦਿਨ ਦਿੱਤਾ ਜਾਵੇ।ਜੌਬ ਕਾਰਡ ਬਣਾਏ ਜਾਣ ਅਤੇ ਹਾਜ਼ਰੀ ਜੌਬ ਕਾਰਡਾਂ 'ਤੇ ਲਾਈ ਜਾਵੇ।ਆਗੂਆਂ ਨੇ ਕਿਹਾ ਕਿ ਜੇਕਰ ਮਨਰੇਗਾ ਵਰਕਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ 12 ਅਗਸਤ ਨੂੰ ਦਫਤਰ ਡਿਪਟੀ ਕਮਿਸ਼ਨਰ ਅੱਗੇ ਰੋਸ ਵਿਖਾਵਾ ਕੀਤਾ ਜਾਵੇਗਾ।ਇਸ ਮੌਕੇ ਬਲਵਿੰਦਰ ਸਿੰਘ ਮੱਜੂਪੁਰ, ਅਵਤਾਰ ਸਿੰਘ ਰਟੌਲ, ਗੁਰਮੀਤ ਸਿੰਘ ਕੈਰੋਂਵਾਲ, ਹਰਬੰਸ ਸਿੰਘ ਕੈਰੋਂਵਾਲ, ਕੁਲਦੀਪ ਸਿੰਘ ਸਾਬਕਾ ਸਰਪੰਚ ਭੁੱਲਰ ਅਤੇ ਮਨਦੀਪ ਸਿੰਘ ਭੁੱਲਰ ਆਦਿ ਹਾਜ਼ਰ ਸਨ।

# ਚਵਿੰਡਾ ਦੇਵੀ 'ਚ ਦਿਨ-ਦਿਹਾੜੇ ਮੰਦਰ 'ਚੋਂ ਟੂਟੀਆਂ ਚੋਰੀ

ਮਜੀਠਾ (ਸੋਇਮ ਆਨੰਦ)-ਇਤਿਹਾਸਕ ਕਸਬਾ ਚਵਿੰਡਾ ਦੇਵੀ ਦੇ ਮਾਤਾ ਚਾਮੁੰਡਾ ਦੇਵੀ ਮੰਦਰ 'ਚ ਦਿਨ-ਦਿਹਾੜੇ ਸਵੇਰੇ 9 ਵਜੇ ਦੇ ਕਰੀਬ ਚੋਰਾਂ ਵੱਲੋਂ 16 ਟੂਟੀਆਂ ਚੋਰੀ ਕਰਕੇ ਲੈ ਜਾਣ ਦਾ ਸਾਹਮਣੇ ਆਇਆ ਹੈ।ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਮੰਦਰ ਦੇ ਮੈਨੇਜਰ ਲਵ ਨੇ



ਜਾਣਕਾਰੀ ਦਿੰਦਿਆਂ ਦੱਸਿਆ ਕਿ ਮੰਦਰ ਵਿੱਚ ਟੂਟੀਆਂ ਚੋਰੀ ਕਰਨ ਵਾਲੇ ਵਿਅਕਤੀਆਂ ਵੱਲੋਂ ਪਹਿਲਾਂ ਸੇਵਾ ਕੀਤੀ ਗਈ ਅਤੇ ਬਾਅਦ 'ਚ ਭੁਲੇਖਾ ਪਾ ਕੇ 16 ਟੂਟੀਆਂ ਚੋਰੀ ਕਰ ਲਈਆਂ ਗਈਆਂ।ਇਹ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਚੁੱਕੀ ਹੈ।ਉਨ੍ਹਾਂ ਕਿਹਾ ਕਿ ਚੋਰਾਂ ਨੂੰ ਫੜਨ ਲਈ ਪੁਲਸ ਦਾ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਚੇਅਰਮੈਨ ਬਲਵਿੰਦਰ ਸ਼ਰਮਾ ਅਤੇ ਮੀਤ ਪ੍ਰਧਾਨ ਹਰਜਿੰਦਰ ਸਰੀਨ ਨੇ ਇਸ ਘਟਨਾ ਦੀ ਸਖਤ ਨਿੰਦਾ ਕੀਤੀ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਕਤ ਚੋਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਇਸ ਸਬੰਧੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਐੱਸਡੀਐੱਮ ਮਜੀਠਾ ਤੇ ਪੁਲਸ ਦੇ ਉਚ ਅਧਿਕਾਰੀਆਂ ਨੂੰ ਵੀ ਮਿਲਣਗੇ।ਚੇਤੇ ਰਹੇ ਕਿ ਕੁਝ ਦਿਨ ਪਹਿਲਾਂ ਹੀ ਚੋਰਾਂ ਵੱਲੋਂ ਥਾਣਾ ਕੱਥੂਨੰਗਲ ਦੇ ਨਜ਼ਦੀਕ ਪੈਂਦੀ ਪੰਜਾਬ ਨੈਸ਼ਨਲ ਬੈਂਕ ਦੀ ਕੱਥੂਨੰਗਲ ਸ਼ਾਖਾ ਵਿਖੇ ਏਸੀ ਦੇ ਆਊਟ ਡੋਰ ਯੂਨਿਟਾਂ 'ਤੇ ਵੀ ਹੱਥ ਸਾਫ਼ ਕੀਤਾ ਗਿਆ ਸੀ ।

# ਕਟਾਰੂਚੱਕ ਨੇ ਹੈਬਤ ਪਿੰਡੀ 'ਚ 25 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਨੇਚਰ ਪਾਰਕ ਦਾ ਨੀਂਹ ਪੱਥਰ ਰੱਖਿਆ

**ਪਠਾਨਕੋਟ, (ਦਵਿੰਦਰ ਸਿੰਘ)**-ਵਿਧਾਨ ਸਭਾ ਹਲਕਾ ਭੋਆ ਦੇ ਬਲਾਕ ਨਰੋਟ ਜੈਮਲ ਸਿੰਘ ਦੇ ਪਿੰਡ ਹੈਬਤਪਿੰਡੀ ਵਿਖੇ 25 ਲੱਖ ਰੁਪਏ ਖਰਚ ਕਰਕੇ ਇੱਕ ਨੇਚਰ ਪਾਰਕ ਬਣਾਈ ਜਾਵੇਗੀ ਅਤੇ ਜਲਦੀ ਹੀ ਇਸ ਪਾਰਕ ਦਾ ਕੰਮ ਮੁਕੰਮਲ ਕਰਕੇ ਪਾਰਕ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਹੈਬਤ ਪਿੰਡੀ ਵਿਖੇ ਨੇਚਰ ਪਾਰਕ ਦਾ ਨੀਂਹ ਪੱਥਰ ਰੱਖਣ ਮਗਰੋਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਧਰਮਵੀਰ ਵਣ ਮੰਡਲ ਅਫਸਰ ਪਠਾਨਕੋਟ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ ਜ਼ਿਲ੍ਹਾ ਪਠਾਨਕੋਟ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸਰਪੰਚ ਰਾਜ ਕੁਮਾਰੀ, ਖੁਸ਼ਬੀਰ ਕਾਟਲ, ਭੁਪਿੰਦਰ ਸਿੰਘ ਮੁੰਨਾ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਵੀ ਹਾਜ਼ਰ ਸਨ।ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਵਿਧਾਨ ਸਭਾ ਹਲਕਾ ਭੋਆ ਅੰਦਰ ਕਰੋੜਾਂ ਰੁਪਏ ਦੇ ਖਰਚ ਨਾਲ ਵਿਕਾਸ ਦੀ ਲਹਿਰ ਚਲਾਈ ਜਾ ਰਹੀ ਹੈ।ਬਹੁਤ ਸਾਰੇ ਪਿੰਡਾਂ ਅੰਦਰ ਵਿਕਾਸ ਕਾਰਜ ਚਲ ਰਹੇ ਹਨ, ਸੜਕਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਪਿੰਡਾਂ ਅੰਦਰ ਖੇਡ ਗਰਾਊਂਡ, ਪਾਰਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਹੋਰ ਵਿਕਾਸ ਕਾਰਜ ਜੋ ਬਹੁਤ ਲੰਮੇ ਸਮੇਂ ਤੋਂ ਨਹੀਂ ਹੋਏ ਸਨ ਉਹ ਪਹਿਲ ਦੇ ਆਧਾਰ 'ਤੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪਿੰਡ ਹੈਬਤ ਪਿੰਡੀ ਦੇ ਲੋਕਾਂ ਲਈ ਜਿੱਥੇ ਪਿਛਲੇ ਦਿਨਾਂ ਦੌਰਾਨ 70 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਬਣਾ ਕੇ ਲੋਕਾਂ ਨੂੰ ਸਮਰਪਿਤ ਕੀਤੀ ਗਈ ਸੀ ਅਤੇ ਹੁਣ 25 ਲੱਖ ਰੁਪਏ ਦੀ ਲਾਗਤ ਨਾਲ ਨੇਚਰ ਪਾਰਕ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ ਹੈ।ਇਸ ਪਾਰਕ ਦੇ ਅੰਦਰ ਬਹੁਤ ਹੀ ਖੂਬਸੂਰਤ ਪੌਦੇ ਲਗਾਏ ਜਾਣਗੇ, ਇੱਕ ਕਿਲੋਮੀਟਰ ਦੀ ਲੰਬਾਈ ਵਾਲਾ 6 ਫੁੱਟ ਚੌੜਾਈ



ਵਾਲਾ ਇੱਕ ਵਾਕ ਟਰੈਕ ਬਣਾਇਆ ਜਾਵੇਗਾ, ਇੱਕ ਓਪਨ ਜਿੰਮ ਪੁਰਸ਼ਾਂ ਲਈ ਵੱਖਰੀ ਅਤੇ ਮਹਿਲਾਵਾਂ ਦੇ ਲਈ ਵੱਖਰੇ ਤੌਰ 'ਤੇ, ਇੱਕ ਗਜੀਬੋ ਬਣਾਇਆ ਜਾਵੇਗਾ ਜਿੱਥੇ ਬੈਠ ਕੇ ਲੋਕ ਯੋਗਾ ਕਰ ਸਕਦੇ ਹਨ।ਜ਼ਿਕਰਯੋਗ ਹੈ ਕਿ ਨੀਂਹ ਪੱਥਰ ਰੱਖਣ ਦੇ ਨਾਲ-ਨਾਲ ਕਟਾਰੂਚੱਕ ਵੱਲੋਂ ਪੌਦੇ ਵੀ ਲਗਾਏ ਗਏ ਅਤੇ ਮਾਨਵਤਾ ਦੇ ਨਾਂਅ ਸੰਦੇਸ਼ ਵੀ ਦਿੱਤਾ ਗਿਆ ਕਿ ਕੁਦਰਤ ਦੇ ਪ੍ਰਤੀ ਅਪਣੀ ਜ਼ਿੰਮੇਵਾਰੀ ਸਮਝਦੇ ਹੋਏ ਜ਼ਿਆਦਾ ਤੋਂ ਜ਼ਿਆਦਾ ਪੌਦੇ ਲਗਾਏ ਜਾਣ। ਉਨ੍ਹਾਂ ਵਣ ਮੰਡਲ ਅਧਿਕਾਰੀ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਲਦੀ ਤੋਂ ਜਲਦੀ ਇਸ ਪਾਰਕ ਦਾ ਨਿਰਮਾਣ ਕਰਵਾਇਆ ਜਾਵੇ।

# ਸੰਤ ਧਿਆਨ ਦਾਸ ਦੇ 30ਵੇਂ ਬਰਸੀ ਸਮਾਗਮ 31 ਨੂੰ ਸਲੇਮਟਾਵਰੀ 'ਚ ਮਨਾਏ ਜਾਣਗੇ : ਸੰਤ ਸਰਵਣ ਦਾਸ

**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ )** -ਬ੍ਰਹਮਲੀਨ, ਨਾਮ ਦੇ ਰਸੀਏ ਸੰਤ ਧਿਆਨ ਦਾਸ ਜੀ ਦੇ 30ਵੇਂ ਬਰਸੀ ਸਮਾਗਮ 31 ਜੁਲਾਈ 2025 ਦਿਨ ਵੀਰਵਾਰ ਨੂੰ ਡੇਰਾ ਸੰਤ ਟਹਿਲ ਦਾਸ ਸਲੇਮਟਾਵਰੀ ਲੁਧਿਆਣਾ ਵਿਖੇ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਸਰਵਣ ਦਾਸ ਸੀਨੀਅਰ ਮੀਤ ਪ੍ਰਧਾਨ ਗੁਰੂ



ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ , ਸੇਵਾਦਾਰ ਸੰਤ ਹਰਜੀਤ ਸਿੰਘ, ਭਾਈ ਹਰਦੀਪ ਸਿੰਘ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸ਼ਰਧਾਲੂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ। ਸੰਤ ਸਰਵਣ ਦਾਸ ਨੇ ਦੱਸਿਆ ਕਿ 31 ਜੁਲਾਈ ਦਿਨ ਵੀਰਵਾਰ ਨੂੰ ਸ੍ਰੀ ਆਖੰਡ ਪਾਠ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾ ਵਾਚਕ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਵੱਖ ਵੱਖ ਡੇਰਿਆਂ, ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਨਗੇ। ਲੋੜਵੰਦਾਂ ਲਈ ਮੁਫਤ ਮੈਡੀਕਲ ਕੈਂਪ ਅਤੇ ਦਵਾਈਆਂ ਦਿੱਤੀਆਂ ਜਾਣਗੀਆਂ।

# ਸਰੋਵਰ 'ਚ ਇਸ਼ਨਾਨ ਕਰਦੇ ਨੌਜਵਾਨ ਦੀ ਡੁੱਬਣ ਨਾਲ ਮੌਤ



**ਮਜੀਠਾ (ਸੋਇਮ ਆਨੰਦ)**-ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਜੀ ਕੱਥੂਨੰਗਲ ਵਿਖੇ ਬਾਅਦ ਦੁਪਹਿਰ ਨਿਹੰਗ ਸਿੰਘਾਂ ਦੇ ਜਥੇ ਨਾਲ ਆਏ ਇਕ ਨੌਜਵਾਨ ਦੇ ਸਰੋਵਰ ਵਿੱਚ ਇਸ਼ਨਾਨ ਕਰਨ ਸਮੇਂ ਡੁੱਬਣ ਨਾਲ ਮੌਤ ਹੋਣ ਦਾ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਤਰਨਾ ਦਲ ਨਿਹੰਗ ਸਿੰਘਾਂ ਦਾ ਇਕ ਜਥਾ ਸ਼ਾਮ 4 ਵਜੇ ਦੇ ਕਰੀਬ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ ਵਿਖੇ ਮੱਥਾ ਟੇਕਣ ਲਈ ਪੁੱਜਾ ।ਇਸ ਦੌਰਾਨ ਜਥੇ ਦੇ ਨਾਲ ਆਏ ਦੋ ਨੌਜਵਾਨ ਸਰੋਵਰ ਵਿੱਚ ਇਸ਼ਨਾਨ ਕਰਨ ਲਈ ਪਹੁੰਚ ਗਏ ।ਇਨ੍ਹਾਂ ਵਿੱਚੋਂ ਇੱਕ ਨੌਜਵਾਨ ਸਰੋਵਰ ਅੰਦਰ ਬਣੀ ਛੋਟੀ ਕੰਧ ਨੂੰ ਪਾਰ ਕਰਕੇ ਇਸ਼ਨਾਨ ਕਰਨ ਲੱਗਾ ਤਾਂ ਵੇਖਦਿਆਂ ਹੀ ਵੇਖਦਿਆਂ ਉਹ ਡੂੰਘੇ ਸਰੋਵਰ ਵਿੱਚ ਡੁੱਬ ਗਿਆ।ਮੌਜੂਦ ਸੰਗਤ ਦੇ ਦੱਸਣ ਅਨੁਸਾਰ ਉਕਤ ਨੌਜਵਾਨ ਨੂੰ ਸ਼ਾਇਦ ਤੈਰਨਾ ਨਹੀਂ ਸੀ ਆਉਂਦਾ ।ਸੰਗਤਾਂ ਵੱਲੋਂ ਪੂਰੀ ਜੱਦੋ-ਜਹਿਦ ਕਰਨ ਤੋਂ ਬਾਅਦ ਪੂਰਾ ਸਰੋਵਰ ਦਾ ਪਾਣੀ ਖਾਲੀ ਕਰ ਦਿੱਤਾ ਗਿਆ ਅਤੇ ਪੌਣੇ ਦੋ ਘੰਟੇ ਦੇ ਕਰੀਬ ਸਰੋਵਰ 'ਚੋ ਭਾਲ ਕਰਨ ਉਪਰੰਤ ਉਕਤ ਨੌਜਵਾਨ ਮ੍ਰਿਤਕ ਹਾਲਤ 'ਚ ਸਰੋਵਰ 'ਚੋਂ ਮਿਲਿਆ ।

# ਲੈਂਡ ਪੂਲਿੰਗ ਪਾਲਿਸੀ ਵਿਰੁੱਧ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜ਼ਰੂਰੀ ਮੀਟਿੰਗ

ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਮੀਟਿੰਗ ਸ਼ਬਦ ਸਾਂਝ ਲਾਇਬ੍ਰੇਰੀ ਪਿੰਡ ਮਾਨ ਸੈਂਡਵਾਲ ਵਿਖੇ ਪ੍ਰਧਾਨ ਮਲੂਕ ਸਿੰਘ ਭਿੰਡਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੈਂਡ ਪੂਲਿੰਗ ਪਾਲਿਸੀ ਦਾ ਡਟ ਕੇ ਵਿਰੋਧ ਕਰਨ ਦੀ ਗੱਲ ਆਖੀ ਗਈ। ਇਸ ਸੰਬੰਧੀ ਬੋਲਦਿਆਂ ਕੁਲਵਿੰਦਰ ਸਿੰਘ ਖਜਾਨਚੀ ਨੇ ਕਿਹਾ ਕਿ ਇਸ ਨੀਤੀ ਅਧੀਨ ਕਿਸਾਨਾਂ ਦੀ ਜ਼ਮੀਨ ਹਾਸਲ ਕਰਨ ਦੀ ਜੋ ਪੰਜਾਬ ਸਰਕਾਰ ਦੀ ਮੰਸ਼ਾ ਹੈ ਉਹ ਕਦੇ ਵੀ ਪੂਰੀ ਨਹੀਂ ਹੋਣ ਦਿਆਂਗੇ। ਯੂਨੀਅਨ ਮੈਂਬਰਾਂ ਨੇ ਕਿਹਾ ਕਿ ਇਹ ਪਾਲਿਸੀ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਵਾਂਗ ਹੀ ਪੂਰੀ ਤਰ੍ਹਾਂ ਕਿਸਾਨ ਵਿਰੋਧੀ ਹੈ। ਸਰਕਾਰ ਨੂੰ ਤੁਰੰਤ ਇਹ ਕਿਸਾਨ ਵਿਰੋਧੀ ਪਾਲਿਸੀ ਖਾਰਜ ਕਰ ਦੇਣੀ ਚਾਹੀਦੀ ਹੈ। ਇਸ ਮੌਕੇ ਯੂਨੀਅਨ ਪ੍ਰਧਾਨ



ਮਲੂਕ ਸਿੰਘ ਭਿੰਡਰ, ਕੁਲਵਿੰਦਰ ਸਿੰਘ ਖਜਾਨਚੀ, ਲਾਇਬ੍ਰੇਰੀ ਇੰਚਾਰਜ ਜਸਦੇਵ ਮਾਨ, ਬਲਵਿੰਦਰ ਸਿੰਘ ਬਾਬਾ, ਸਿਮਰਜੀਤ ਸਿੰਘ, ਅਜੈਪਾਲ ਸਿੰਘ ਘੁੱਲਾ, ਬੀਬੀ ਬਲਵਿੰਦਰ ਕੌਰ, ਪਰਮਜੀਤ ਸਿੰਘ, ਜਸਪਾਲ ਸਿੰਘ, ਹਰਜਿੰਦਰ ਸਿੰਘ ਜਿੰਦਾ, ਅਜੀਤ ਸਿੰਘ ਤੇ ਬਗੀਚਾ ਸਿੰਘ ਤੇ ਦਲੀਪ ਸਿੰਘ ਹਾਜ਼ਰ ਸਨ।

# ਜੇਲ੍ਹਾਂ ਲਈ 60 ਮਨੋਵਿਗਿਆਨੀ ਸਲਾਹਕਾਰ ਭਰਤੀ ਕੀਤੇ ਜਾਣਗੇ: ਚੀਮਾ

ਚੰਡੀਗੜ੍ਹ ( ਗੁਰਜੀਤ ਬਿੱਲਾ)-ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਰਾਜ ਦੇ ਸੁਧਾਰ ਘਰਾਂ (ਜੇਲ੍ਹਾਂ) ਵਿੱਚ ਮਾਨਸਿਕ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਇੱਕ ਅਹਿਮ ਕਦਮ ਦਾ ਐਲਾਨ ਕਰਦਿਆਂ ਦੱਸਿਆ ਕਿ ਪੰਜਾਬ ਭਰ ਦੀਆਂ ਜੇਲ੍ਹਾਂ ਲਈ 60 ਮਨੋਵਿਗਿਆਨੀ ਸਲਾਹਕਾਰਾਂ ਨੂੰ ਭਾਰਤੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਚੀਮਾ ਨੇ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਕੈਦੀਆਂ ਦੀ ਭਲਾਈ ਪ੍ਰਤੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਪਹਿਲਕਦਮੀ ਜੇਲ੍ਹ ਪ੍ਰਣਾਲੀ ਦੇ ਅੰਦਰ ਵਿਅਕਤੀਆਂ ਨੂੰ ਵਿਆਪਕ ਸਹਾਇਤਾ ਪ੍ਰਦਾਨ ਕਰਨ, ਜਿਸ ਵਿੱਚ ਮਹੱਤਵਪੂਰਨ ਮਾਨਸਿਕ ਸਿਹਤ ਸੇਵਾਵਾਂ ਸ਼ਾਮਲ ਹਨ, ਪ੍ਰਤੀ ਰਾਜ ਸਰਕਾਰ ਦੇ ਸਮਰਪਣ ਨੂੰ ਦਰਸਾਉਂਦੀ ਹੈ।ਚੀਮਾ ਨੇ ਕਿਹਾ ਕਿ ਜੇਲ੍ਹ ਵਿਭਾਗ ਪੂਰੀ ਤਰ੍ਹਾਂ ਪਾਰਦਰਸ਼ੀ ਆਊਟਸੋਰਸਿੰਗ ਪ੍ਰਕਿਰਿਆ ਰਾਹੀਂ ਇਨ੍ਹਾਂ 60 ਮਨੋਵਿਗਿਆਨੀ ਸਲਾਹਕਾਰਾਂ ਦੀ ਭਰਤੀ ਕਰੇਗਾ।

# ਬੱਚਿਆਂ ਲਈ ਸਪੈਸ਼ਲ ਟੀਕਾਕਰਨ ਪ੍ਰੋਗਰਾਮ 5 ਅਗਸਤ ਤੱਕ : ਡਾ. ਸ਼ਲਿੰਦਰ ਸਿੰਘ

ਖਡੂਰ ਸਾਹਿਬ (ਸਰਬਜੋਤ ਸਿੰਘ ਸੰ ਧਾ)-ਡਿਪਟੀ ਕਮਿਸ਼ਨਰ ਤਰਨ ਤਾਰਨ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਅਤੇ ਡਾ. ਗੁਰਪ੍ਰੀਤ ਸਿੰਘ ਰਾਏ ਸਿਵਲ ਸਰਜਨ ਤਰਨ



ਤਾਰਨ ਤੇ ਡਾ. ਵਰਿੰਦਰਪਾਲ ਕੌਰ ਜ਼ਿਲ੍ਹਾ ਟੀਕਾਕਰਨ ਅਫਸਰ ਦੀ ਯੋਗ ਅਗਵਾਈ ਹੇਠ ਬੱਚਿਆਂ ਨੂੰ ਮਾਰੂ ਬਿਮਾਰੀਆਂ ਤੋਂ ਸੁਰੱਖਿਅਤ ਰੱਖਣ ਲਈ ਸਪੈਸ਼ਲ ਟੀਕਾਕਰਨ ਪ੍ਰੋਗਰਾਮ ਕਰਵਾਇਆ ਜਾ ਰਿਹਾ ਜਿਸ ਦੀ ਜਾਣਕਾਰੀ ਦਿੰਦਿਆਂ ਡਾ. ਸ਼ਲਿੰਦਰ ਸਿੰਘ ਸੀਨੀਅਰ ਮੈਡੀਕਲ ਅਫਸਰ ਮੀਆਂਵਿੰਡ ਨੇ ਦੱਸਿਆ ਕਿ 21 ਜੁਲਾਈ ਤੋਂ ਸ਼ੁਰੂ ਹੋਇਆ ਇਹ ਪ੍ਰੋਗਰਾਮ 5 ਅਗਸਤ ਤੱਕ ਚਲਾਇਆ ਜਾਵੇਗਾ ਜਿਸ ਤਹਿਤ ਨਵਜਨਮੇ ਬੱਚਿਆਂ, ਟੀਕਾਕਰਨ ਤੋਂ ਰਹਿ ਗਏ ਬੱਚਿਆਂ ਅਤੇ ਦੂਰ ਦੁਰਾਡੇ ਏਰੀਏ 'ਚ ਰਹਿ ਰਹੇ ਪ੍ਰਵਾਸੀ ਮਜ਼ਦੂਰ, ਗੁੱਜਰ ਤੇ ਭੱਠਿਆਂ 'ਤੇ ਰਹਿ ਰਹੇ ਬੱਚਿਆਂ ਦਾ ਟੀਕਾਕਰਨ ਉਨ੍ਹਾਂ ਦੇ ਘਰਾਂ ਤੱਕ ਜਾ ਕੇ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਨ ਜ਼ਰੂਰ ਕਰਵਾਉਣ। ਇਸ ਮੌਕੇ ਤੇਜਿੰਦਰ ਸਿੰਘ ਬੀਈਈ, ਅਮਨਦੀਪ ਕੌਰ ਹੈਲਥ ਵਰਕਰ ਫੀਮੇਲ ਅਤੇ ਆਸ਼ਾ ਵਰਕਰ ਹਾਜ਼ਰ ਸਨ।

# ਜੂਨ ਤੱਕ 1347 ਕਰੋੜ ਰੁਪਏ ਦੀ ਬੁਢਾਪਾ ਪੈਨਸ਼ਨ ਜਾਰੀ ਕੀਤੀ : ਸੇਖਵਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਰਾਜ ਦੇ ਸਾਰੇ ਬਜ਼ੁਰਗਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਰਾਜ ਸਰਕਾਰ ਵੱਲੋਂ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉੱਦਮਾਂ ਤਹਿਤ, ਬੁਢਾਪਾ ਪੈਨਸ਼ਨ ਯੋਜਨਾ ਦੇ ਅਧੀਨ ਜੂਨ 2025 ਤੱਕ 1347 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਇਸ ਮਿਆਦ ਦੌਰਾਨ 22.75 ਲੱਖ ਬਜ਼ੁਰਗ ਲਾਭਪਾਤਰੀਆਂ ਨੇ ਯੋਜਨਾ ਦਾ ਲਾਭ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਲਈ ਰਾਜ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਲਈ 4100 ਕਰੋੜ ਰੁਪਏ ਦਾ ਬਜਟ ਉਪਲਬਧ ਕਰਵਾਇਆ ਗਿਆ ਹੈ।ਸ. ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਬਜ਼ੁਰਗਾਂ ਦੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਦਾ ਬੁਨਿਆਦੀ ਸਹਾਰਾ ਹਨ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਇਕ ਹੱਕਦਾਰ ਤੱਕ ਇਹ ਸਹੂਲਤ ਬਿਨਾਂ ਰੁਕਾਵਟ ਪਹੁੰਚਣ।


UMMEED HOUSING FINANCE PVT. LTD
Registered office at : Unit 2009-14, 20th Floor, Magnum Global Park, Golf Course Extension Road, Sec-58, Gurugram (Haryana)-122011
CIN: U64990HR2016PTC057984

ਅੰਤਿਕਾ IV [ (ਵੇਖੋ ਰੂਲ 8 (1) ] ਕਬਜ਼ਾ ਨੋਟਿਸ

ਜਦੋਂਕਿ ਨਿਮਨਹਸਤਾਖਰੀ 'ਸਕਿਉਰਿਟੀਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ (ਰੂਲ 3) ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਨੋਟਿਸ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਸੰਬੰਧਤ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਵਾਪਸ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਉਨ੍ਹਾਂ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਿਟੀ-ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤੀ ਗਈ ਕੋਈ ਵੀ ਸੌਦੇਬਾਜ਼ੀ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਨੂੰ ਰਕਮ ਅਤੇ ਉਸ ਉੱਪਰ ਵਿਆਜ ਲਾਗਤਾਂ ਆਦਿ ਨੂੰ ਨਿਮਨਲਿਖਤ [illegible]

[illegible]

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ, ਗਰੰਟਰ ਦਾ ਨਾਮ ਅਤੇ ਖਾਤਾ ਨੰ. | ਡਿਮਾਂਡ ਨੋਟਿਸ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ |
| --- | --- | --- | --- |
| 1 | [illegible] Loan No : LXCHD02917-180001323 | 09-ਮਈ-25 ਰੁਪਏ 6,31,257/- [illegible] 10 ਮਈ 2025 [illegible] | 24 ਜੁਲਾਈ-2025 |

[illegible]

ਮਿਤੀ : 29 ਜੁਲਾਈ 2025
ਸਥਾਨ : ਗੁਰੂਗ੍ਰਾਮ, ਹਰਿਆਣਾ
ਅਧਿਕਾਰਤ ਅਫਸਰ [illegible] ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ. ਲਿਮ.


# ਕਾਮਰੇਡ ਬੂਜਾ ਸਿੰਘ ਦੀ ਯਾਦ 'ਚ ਸ਼ਰਧਾਂਜਲੀ ਸਭਾ ਲਈ ਸੈਂਕੜੇ ਸਾਥੀ ਰਵਾਨਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਜ਼ਿਲਾ ਗੁਰਦਾਸਪੁਰ ਵੱਲੋਂ ਨਕਸਲਬਾੜੀ ਲਹਿਰ ਅਤੇ ਸੀਪੀਆਈ (ਐੱਮਐੱਲ) ਦੇ ਸਿਰਮੌਰ ਆਗੂ ਕਾਮਰੇਡ ਬਾਬਾ ਬੂਝਾ ਸਿੰਘ ਚੱਕ ਮਾਈ ਦਾਸ ਦੀ ਯਾਦ ਵਿਚ ਸ਼ਰਧਾਂਜਲੀ ਸਭਾ ਵਿਚ ਸ਼ਮੂਲੀਅਤ ਕਰਨ ਲਈ ਬਲਾਕ ਸ੍ਰੀ ਹਰਗੋਬਿੰਦਪੁਰ ਕਾਦੀਆਂ ਵਿੱਚੋਂ ਵੱਡੀ ਗਿਣਤੀ ਵਿਚ ਸਾਥੀ ਰਵਾਨਾ ਹੋਏ।

ਪ੍ਰੈੱਸ ਸਕੱਤਰ ਡਾ. ਅਸ਼ੋਕ ਭਾਰਤੀ ਨੇ ਦੱਸਿਆ ਕਿ ਜ਼ਿਲ੍ਹਾ ਖਜਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ ਦੀ ਅਗਵਾਈ ਵਿੱਚ ਅਤੇ ਬਲਾਕ ਫਤਿਹਗੜ੍ਹ ਚੂੜੀਆਂ ਡੇਰਾ ਬਾਬਾ ਨਾਨਕ ਤੋਂ ਮਾਸਟਰ ਗੁਰਚਰਨ ਸਿੰਘ ਟਾਹਲੀ ਦੀ ਅਗਵਾਈ ਵਿੱਚ ਅਤੇ ਅੰਮ੍ਰਿਤਸਰ ਤੋਂ ਸੂਬਾ ਜਥੇਬੰਦਕ ਸਕੱਤਰ ਸਵਿੰਦਰਪਾਲ ਮੋਹਲੋਵਾਲੀ ਦੀ ਅਗਵਾਈ ਵਿੱਚ ਇਹ ਸਾਥੀ ਸ਼ਾਮਲ ਹੋਏ। ਇਸ ਮੌਕੇ ਬੀਬੀ ਕੁਲਵਿੰਦਰ ਕੌਰ ਥੋਬਾ, ਬਲਵਿੰਦਰ ਕੌਰ ਥੋਬਾ, ਦਿਲਬਾਗ ਸਿੰਘ ਪੈੜੇਵਾਲ, ਦਿਲਬਾਗ ਸਿੰਘ ਪੈੜੇਵਾਲ, ਸੁਖਵੰਤ ਸਿੰਘ ਥੋਬਾ, ਹਰਜੰਤ ਸਿੰਘ ਪੰਨਵਾਂ, ਸੁਖਦੇਵ ਸਿੰਘ ਪੰਨਵਾਂ, ਪਲਵਿੰਦਰ ਸਿੰਘ ਪੰਨਵਾਂ, ਮਹਿੰਦਰ ਸਿੰਘ ਚੀਮਾ ਖੁੱਡੀ, ਹਰਜੀਤ ਸਿੰਘ ਮਠੋਲਾ, ਕੁਲਦੀਪ ਸਿੰਘ ਸੈਰੋਵਾਲ, ਸੁਖਦੇਵ ਸਿੰਘ ਭਗਤਪੁਰਾ, ਦਲਬੀਰ ਸਿੰਘ ਚੀਮਾ ਖੁੱਡੀ, ਕੁਲਵਿੰਦਰ ਸਿੰਘ ਬਸਰਾਵਾਂ, ਪ੍ਰੇਮ ਦਾਸ ਪਠਾਨਕੋਟ, ਹਰਜਿੰਦਰਜੀਤ ਪਿੰਟੂ ਚੀਮਾ ਖੁੱਡੀ ਆਦਿ ਸ਼ਾਮਲ ਹੋਏ।

# ਸ਼ਹਿਰ ਦੀ ਸਫਾਈ ਲਈ ਕਾਰਪੋਰੇਸ਼ਨ ਵੱਲੋਂ ਵਿਸ਼ੇਸ਼ ਮੁਹਿੰਮ ਦਾ ਆਗਾਜ਼

## * ਪਵਿੱਤਰ ਨਗਰੀ ਦੀ ਸੁੰਦਰਤਾ ਨੂੰ ਬਣਾ ਕੇ ਰੱਖਣਾ ਸਾਡੇ ਸਾਰਿਆਂ ਦਾ ਫਰਜ਼; ਡਾ. ਜੀਵਨਜੋਤ ਕੌਰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਕਮਿਸ਼ਨਰ ਨਗਰ ਨਿਗਮ ਗੁਲਪ੍ਰੀਤ ਸਿੰਘ ਔਲਖ ਵੱਲੋਂ ਅੰਮ੍ਰਿਤਸਰ ਪੂਰਬੀ ਦੇ ਵਿਧਾਇਕ ਡਾ. ਜੀਵਨਜੋਤ ਕੌਰ, ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿਝਰ ਅਤੇ ਡੇਰਾ ਬਾਬਾ ਭੂਰੀ ਵਾਲਿਆਂ ਦੇ ਬਾਬਾ ਕਸ਼ਮੀਰਾ ਸਿੰਘ ਦੇ ਨਾਲ ਮਿਲ ਕੇ ਅੰਮ੍ਰਿਤਸਰ ਸ਼ਹਿਰ ਦੇ ਚਹੁੰ-ਮੁੱਖੀ ਵਿਕਾਸ ਅਤੇ ਸੁੰਦਰੀਕਰਨ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਮੁਹਿੰਮ ਜੀ. ਟੀ. ਰੋਡ ਅੰਮ੍ਰਿਤਸਰ ਦੇ ਮੁੱਖ ਐਂਟਰੀ ਪੁਆਇੰਟ ਗੋਲਡਨ ਗੇਟ ਤੋਂ ਸ਼ੁਰੂ ਕੀਤੀ ਗਈ । ਇਹ ਮੁਹਿੰਮ ਅਗਲੇ 7 ਦਿਨ ਸ਼ਹਿਰ ਦੇ ਸਾਰੇ ਇਲਾਕਿਆਂ ਵਿਚ ਲਗਾਤਾਰ ਜਾਰੀ ਰਹੇਗੀ ਅਤੇ ਇਸ ਦਾ ਆਖਰੀ ਪੜਾਅ ਸ਼੍ਰੀ ਦਰਬਾਰ ਸਾਹਿਬ ਤੱਕ ਜਾ ਕੇ ਖਤਮ ਹੋਵੇਗਾ। ਇਸ ਦਾ ਮੁੱਖ ਮੰਤਵ ਸ਼ਹਿਰ ਵਾਸੀਆਂ ਨੂੰ ਸ਼ਹਿਰ ਦੀ ਸੁੰਦਰਤਾ ਵਧਾਉਣ ਲਈ ਜਾਗਰੂਕ ਕਰਨਾ ਅਤੇ ਵੱਖ-ਵੱਖ ਰਿਹਾਇਸ਼ੀ, ਸਮਾਜ ਸੇਵੀ ਅਤੇ ਹੋਰ ਅਜਿਹੀਆਂ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਇਹ ਸੰਸਥਾਵਾ ਸ਼ਹਿਰ ਦੇ ਵਿਕਾਸ ਲਈ ਯੋਗਦਾਨ ਪਾ ਸਕਣ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਡਾ. ਇੰਦਰਬੀਰ ਸਿੰਘ ਨਿੱਜਰ ਨੇ ਸ਼ਹਿਰ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸ਼ਹਿਰ ਦੇ ਸਫਾਈ ਲਈ ਅੱਗੇ ਆਉਣ। ਡਾ. ਜੀਵਨਜੋਤ ਕੌਰ ਨੇ ਇਸ ਮੌਕੇ ਸ਼ਹਿਰ ਦੀਆਂ ਸਾਰੀਆਂ ਸੰਸਥਾਵਾਂ ਨੂੰ ਅੱਗੇ ਆਉਣ ਦਾ ਸਿੱਧਾ ਦਿੰਦੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਸ਼ਹਿਰ ਦੀ ਸੁੰਦਰਤਾ ਨੂੰ ਬਣਾ ਕੇ ਰੱਖਣਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਵਿੱਚ ਨਗਰ ਨਿਗਮ ਦੇ ਹਰ ਇਕ ਵਿਭਾਗ ਵੱਲੋਂ ਆਪਣੇ ਵਿਭਾਗ ਨਾਲ



ਸਬੰਧਤ ਕੰਮਾਂ ਨੂੰ ਅੰਜਾਮ ਦਿੱਤਾ ਜਾਵੇਗਾ। ਇਸ ਮੌਕੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਨਿਗਰਾਨ ਇੰਜੀਨੀਅਰ ਸੰਦੀਪ ਸਿੰਘ, ਕਾਰਜਕਾਰੀ ਇੰਜੀਨੀਅਰ, ਸਿਹਤ ਅਫਸਰ, ਅਸਟੇਟ ਅਫਸਰ, ਸੁਪਰਡੰਟ, ਐਡਵਰਟਾਇਜ਼ਮੈਂਟ, ਐਸਡੀ.ਓਜ਼ ਜੇਈਜ਼ ਅਤੇ ਹੋਰ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ। ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਇਹ ਅਭਿਆਨ ਸ਼ਹਿਰ ਦੀਆਂ ਸੰਸਥਾਵਾ ਨੂੰ ਨਾਲ ਲੈ ਕੇ ਰੋਜ਼ਾਨਾ ਜਾਰੀ ਰਹੇਗਾ।

# ਆਈ ਟੀ ਆਈ ਮੰਨਣ ਵਿਖੇ ਦਾਖਲੇ ਦੀ ਆਖਰੀ ਮਿਤੀ 30 ਜੁਲਾਈ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸਰਕਾਰੀ ਆਈਟੀਆਈ ਮੰਨਣ ਦੇ ਪ੍ਰਿੰਸੀਪਲ ਸੁਖਜਿੰਦਰ ਸਿੰਘ ਤੇ ਇੰਸਟਰੱਕਟਰ ਸਤਨਾਮ ਸਿੰਘ ਐਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਈਟੀਆਈ ਮੰਨਣ ਵਿਖੇ ਦਸਵੀਂ ਪਾਸ ਲੜਕੇ ਅਤੇ ਲੜਕੀਆਂ ਲਈ ਸਰਕਾਰ ਵੱਲੋਂ ਇਲੈਕਟ੍ਰੀਸ਼ਨ, ਵੈਲਡਰ, ਮੋਟਰ ਮਕੈਨਿਕ, ਫਿਟਰ, ਆਰ. ਏ. ਸੀ. ਕਿੱਤਾ ਮੁੱਖੀ ਕੋਰਸ ਚਲਾਏ ਜਾ ਰਹੇ ਹਨ ।ਦਾਖਲੇ ਦੀ ਆਖਰੀ ਮਿਤੀ 30 ਜੁਲਾਈ ਹੈ।ਅਨੁਸੂਚਿਤ ਜਾਤੀਆਂ ਨਾਲ ਸਬੰਧਤ ਬੱਚਿਆਂ ਦੀ ਫੀਸ ਮੁਆਫ ਹੈ।ਦਸਵੀਂ ਬਾਰ੍ਹਵੀਂ ਪਾਸ ਆਊਟ ਬੱਚੇ ਉਪਰੋਕਤ ਲਿਖੇ ਕਿੱਤਾ-ਮੁੱਖੀ ਕੋਰਸਾਂ ਦਾ ਲਾਭ ਲੈਣ ਲਈ ਮੋਬਾਈਲ ਨੰ. 81465-64539 'ਤੇ ਵੀ ਸੰਪਰਕ ਕਰ ਸਕਦੇ ਹਨ।



29-JULY-PAGE-14.qxd 7/28/2025 10:38 PM Page 1



# ਸ਼ਹੀਦ ਊਧਮ ਸਿੰਘ ਕੰਬੋਜ਼ ਦੇ 85ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਟਿਆਲਾ/ ਸਨੌਰ/ ਦੇਵੀਗੜ੍ਹ ਵਿਸ਼ੇਸ਼ ਸਪਲੀਮੈਂਟ


ਸੰਦੇਸ਼



ਕੰਬੋਜ਼ ਭਾਈਚਾਰੇ ਦੇ ਨਿਡਰ ਸੂਰਵੀਰ ਯੋਧੇ ਸ਼ਹੀਦ ਊਧਮ ਸਿੰਘ ਸੁਨਾਮ ਜਿਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਦਾ ਬਦਲਾ ਜਨਰਲ ਮਾਈਕਲ ਓਡਵਾਈਰ ਨੂੰ ਗੋਲੀ ਨਾਲ ਉਡਾ ਕੇ ਲੈ ਕੇ ਕੌਮ ਅਤੇ ਦੇਸ਼ ਦਾ ਨਾਂ ਦੁਨੀਆ ਵਿਚ ਉੱਚਾ ਕੀਤਾ। ਸ਼ਹੀਦ ਦੇ 85ਵੇਂ ਜਨਮ ਦਿਹਾੜੇ 'ਤੇ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਲਾਲ ਸਿੰਘ
ਸਾਬਕਾ ਕੈਬਨਿਟ ਮੰਤਰੀ, ਪੰਜਾਬ

ਸੰਦੇਸ਼

ਕੰਬੋਜ਼ ਭਾਈਚਾਰੇ ਦੇ ਨਿਡਰ ਸੂਰਬੀਰ ਯੋਧੇ ਸ਼ਹੀਦ ਊਧਮ ਸਿੰਘ ਸੁਨਾਮ ਜਿਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਦਾ ਬਦਲਾ ਜਨਰਲ ਮਾਈਕਲ ਓਡਵਾਈਰ ਨੂੰ ਗੋਲੀ ਨਾਲ ਉਡਾ ਕੇ ਕੌਮ, ਦੇਸ਼ ਅਤੇ ਕੰਬੋਜ਼ ਬਿਰਾਦਰੀ ਦਾ ਨਾਂ ਦੁਨੀਆ ਵਿਚ ਉੱਚਾ ਕੀਤਾ। ਸ਼ਹੀਦ ਦੇ 85ਵੇਂ ਜਨਮ ਦਿਹਾੜੇ 'ਤੇ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।



ਮਹਾਰਾਣੀ ਪ੍ਰਨੀਤ ਕੌਰ, ਸਾਬਕਾ ਕੇਂਦਰੀ ਮੰਤਰੀ | ਗੁਰਵਿੰਦਰ ਸਿੰਘ ਗੈਰੀ, Mayor, Manteca (USA) | ਮਦਨ ਲਾਲ ਜਲਾਲਪੁਰ, ਸਾਬਕਾ ਵਿਧਾਇਕ, ਘਨੌਰ | ਹਰਦਿਆਲ ਕੰਬੋਜ, ਸਾਬਕਾ ਵਿਧਾਇਕ, ਰਾਜਪੁਰਾ | ਰਾਜਿੰਦਰ ਸਿੰਘ, Ex. MLA, ਸਮਾਣਾ | ਹਰਿੰਦਰਪਾਲ ਸਿੰਘ ਹੈਰੀਮਾਨ, ਹਲਕਾ ਇੰਚਾਰਜ, ਸਨੌਰ

ਸੰਦੇਸ਼



ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ, ਉਹ ਕੌਮਾਂ ਸਦਾ ਚੜ੍ਹਦੀ ਕਲਾ ਵਿਚ ਰਹਿੰਦੀਆਂ ਹਨ। ਕੰਬੋਜ਼ ਮਹਾਂਸਭਾ ਬਲਾਕ ਭੁਨਰਹੇੜੀ ਵੱਲੋਂ ਦੇਸ਼ ਕੌਮ ਦੇ ਸ਼ਹੀਦ ਊਧਮ ਸਿੰਘ ਕੰਬੋਜ਼ ਦੇ ਮਨਾਏ ਜਾ ਰਹੇ 85ਵੇਂ ਸ਼ਹੀਦੀ ਦਿਹਾੜੇ ਮੌਕੇ ਮੈਂ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਹਰਮੀਤ ਪਠਾਣਮਾਜਰਾ
ਐਮ.ਐਲ.ਏ., ਸਨੌਰ

ਸੰਦੇਸ਼



ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਸੂਰਬੀਰ ਯੋਧਿਆਂ ਦੀ ਕਤਾਰ ਵਿਚ ਸ਼੍ਰੋਮਣੀ ਸ਼ਹੀਦ ਊਧਮ ਸਿੰਘ ਕੰਬੋਜ਼ ਦਾ ਨਾਂ ਪਹਿਲੇ ਨੰਬਰ 'ਤੇ ਆਉਂਦਾ ਹੈ। ਕੰਬੋਜ਼ ਭਾਈਚਾਰੇ ਨੂੰ ਇਸ ਸ਼੍ਰੋਮਣੀ ਸ਼ਹੀਦ ਵੱਲੋਂ ਦਿੱਤੀ ਨਿਸ਼ਾਨੀ ਕੁਰਬਾਨੀ 'ਤੇ ਸਦਾ ਨਾਜ਼ ਰਹੇਗਾ। ਕੰਬੋਜ਼ ਮਹਾਂਸਭਾ ਬਲਾਕ ਭੁਨਰਹੇੜੀ ਵੱਲੋਂ ਦੇਸ਼ ਕੌਮ ਦੇ ਸ਼ਹੀਦ ਊਧਮ ਸਿੰਘ ਕੰਬੋਜ਼ ਦੇ ਮਨਾਏ ਜਾ ਰਹੇ 85ਵੇਂ ਸ਼ਹੀਦੀ ਦਿਹਾੜੇ ਮੌਕੇ ਮੈਂ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਰਣਜੋਧ ਸਿੰਘ ਹਡਾਣਾ
ਚੇਅਰਮੈਨ



ਚੌਧਰੀ ਨਿਰਮਲ ਭੱਟੀਆਂ, ਸਾਬਕਾ ਚੇਅਰਮੈਨ | ਭੁਪਿੰਦਰ ਸਿੰਘ, ਐਮ.ਡੀ. ਮਾਤਾ ਗੁਜਰੀ ਸਕੂਲ | ਜਸਵਿੰਦਰ ਸਿੰਘ ਰਾਣਾ, ਪ੍ਰਧਾਨ, ਆੜ੍ਹਤੀਆ ਐਸੋ: ਪੰਜਾਬ | ਬਲਵਿੰਦਰ ਕਰਤਾਰਪੁਰ, ਚੇਅਰਮੈਨ, ਰਾਜ ਵਹੀਕਲਜ਼ | ਸ਼ਮਸ਼ੇਰ ਸਿੰਘ, ਐਮ.ਡੀ. ਗੋਪਾਲ ਸਵੀਟਸ | ਸਵਿੰਦਰ ਸਿੰਘ ਧੰਜੂ, ਪ੍ਰਧਾਨ, ਕੰਬੋਜ ਮਹਾਂਸਭਾ | ਸਵਿੰਦਰ ਕੌਰ ਧੰਜੂ, ਪ੍ਰਧਾਨ, ਨਗਰ ਪੰਚਾ: ਦੇਵੀਗੜ੍ਹ

ਸੰਦੇਸ਼



ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਸੂਰਬੀਰ ਯੋਧਿਆਂ ਦੀ ਕਤਾਰ ਵਿਚ ਸ਼੍ਰੋਮਣੀ ਸ਼ਹੀਦ ਊਧਮ ਸਿੰਘ ਕੰਬੋਜ਼ ਦਾ ਨਾਂ ਪਹਿਲੇ ਨੰਬਰ 'ਤੇ ਆਉਂਦਾ ਹੈ। ਕੰਬੋਜ਼ ਮਹਾਂਸਭਾ ਬਲਾਕ ਭੁਨਰਹੇੜੀ ਵੱਲੋਂ ਦੇਸ਼ ਕੌਮ ਦੇ ਸ਼ਹੀਦ ਊਧਮ ਸਿੰਘ ਕੰਬੋਜ਼ ਦੇ ਮਨਾਏ ਜਾ ਰਹੇ 85ਵੇਂ ਸ਼ਹੀਦੀ ਦਿਹਾੜੇ ਮੌਕੇ ਮੈਂ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹੋਏ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਅਜੀਤਪਾਲ ਸਿੰਘ ਕੋਹਲੀ
ਐਮ.ਐਲ.ਏ., ਪਟਿਆਲਾ (ਸ਼ਹਿਰੀ)



ਸ਼ਹੀਦ ਊਧਮ ਸਿੰਘ ਕੰਬੋਜ਼ ਜੀ ਦੇ 85ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਟਿਆਲਾ/ਸਨੌਰ/ਦੇਵੀਗੜ੍ਹ ਦਾ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਦਿੱਤੇ ਸਹਿਯੋਗ ਲਈ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਇਸ ਮੌਕੇ ਸ਼ਹੀਦ ਨੂੰ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।

ਰਾਜਿੰਦਰ ਸਿੰਘ ਥਿੰਦ 98726-52156 rsthind56@gmail.com

AN ENGLISH MEDIUM SCHOOL
AFFILIATED TO CBSE, NEW DELHI
(NO. 1630687)



Give your child the gift of
BRIGHT FUTURE...
ADMISSION OPEN
SESSION 2025-26
NURSERY TO CLASS XII
ENROLL NOW
ACADEMIC EXCELLENCE
ACTIVITIES GALORE
HOLISTIC DEVELOPMENT
MATA GUJRI SEN. SEC. SCHOOL
PERFECTION WE STRIVE FOR
+91-94178-73648 +91-99888-59933
Village Guthmara, Near Power Grid, Devigarh, Patiala (Punjab)
Follow us: /mgsssdevigarh

ਸ਼ਹੀਦ-ਏ-ਆਜ਼ਮ
ਸ. ਊਧਮ ਸਿੰਘ ਕੰਬੋਜ਼
ਦੇ 85ਵੇਂ ਸ਼ਹੀਦੀ ਦਿਵਸ 'ਤੇ
ਕੋਟਿ-ਕੋਟਿ ਪ੍ਰਣਾਮ



ਡਾ. ਭੁਪਿੰਦਰ ਸਿੰਘ
ਡਾਇਰੈਕਟਰ



ਡਾ. ਰਵਿੰਦਰ ਕੌਰ
ਪ੍ਰੈਜ਼ੀਡੈਂਟ

ਸ਼ਹੀਦ-ਏ-ਆਜ਼ਮ
ਸ. ਊਧਮ ਸਿੰਘ ਕੰਬੋਜ਼
ਨੂੰ ਉਨ੍ਹਾਂ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।





ਲਾਲ ਸਿੰਘ, ਸਾਬਕਾ ਕੈਬਨਿਟ ਮੰਤਰੀ | ਰਾਜਿੰਦਰ ਸਿੰਘ, ਸਾਬਕਾ ਵਿਧਾਇਕ | ਹਰਦਿਆਲ ਕੰਬੋਜ਼, ਸਾਬਕਾ ਵਿਧਾਇਕ

ਸ਼ਹੀਦ-ਏ-ਆਜ਼ਮ
ਸ. ਊਧਮ ਸਿੰਘ ਕੰਬੋਜ਼
ਦੇ 85ਵੇਂ ਸ਼ਹੀਦੀ ਦਿਵਸ 'ਤੇ
ਕੋਟਿ-ਕੋਟਿ ਪ੍ਰਣਾਮ



ਹਰਦੀਪ ਸਿੰਘ ਕੰਬੋਜ਼
ਪ੍ਰਧਾਨ, ਕੰਬੋਜ ਭਲਾਈ ਮੰਚ ਪੰਜਾਬ
ਜਨਰਲ ਸਕੱਤਰ ਬੀ.ਜੇ.ਪੀ

ਆੜ੍ਹਤੀਆ ਐਸੋਸੀਏਸ਼ਨ ਪੰਜਾਬ
ਵੱਲੋਂ
ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼
ਦੇ 85ਵੇਂ ਸ਼ਹੀਦੀ ਦਿਵਸ 'ਤੇ
ਕੋਟਿ-ਕੋਟਿ ਪ੍ਰਣਾਮ





ਜਸਵਿੰਦਰ ਸਿੰਘ ਰਾਣਾ, ਪ੍ਰਧਾਨ, ਆੜ੍ਹਤੀਆ ਐਸੋ. ਪੰਜਾਬ | ਭੁਪਿੰਦਰ ਸਿੰਘ, ਪ੍ਰਧਾਨ ਰਾ.ਮਿ. ਐਸੋ. ਦੇਵੀਗੜ੍ਹ | ਜੀਤ ਸਿੰਘ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ | ਗੁਰਮੇਲ ਸਿੰਘ, ਫਰੀਦਪੁਰ | ਪ੍ਰਿਥੀਪਾਲ ਸਿੰਘ, ਪ੍ਰਧਾਨ ਆੜ੍ਹਤੀ ਐਸੋ. ਭੁਨਰਹੇੜੀ | ਦਰਸ਼ਨ ਸਿੰਘ, ਭੁਨਰਹੇੜੀ | ਨਿਰਮਲ ਸਿੰਘ ਕੰਬੋਜ਼, ਸਰੁਸਤੀਗੜ੍ਹ ਆੜ੍ਹਤੀ | ਬਿਕਰਮ ਸਿੰਘ, ਫਰੀਦਪੁਰ

GOPAL's
Since 1936
www.gopalsweets.in
THE TASTE OF
ROYAL INDIA

CHANDIGARH
0172-2724222
AMBALA
MOHALI
0172-2217093
LUDHIANA
91155-30044, 91155-30040
PANCHKULA
97813-00495, 97818-30022
ZIRAKPUR
99145-49191, 9115530052
DHARAMPUR
91155 30047/48
NAWANSHAHR
91155 30499, 91155 30899
PATIALA
0175-2212523, 2310212,
2310214, 2215795, 2280062-69




## ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਦੇ 85ਵੇਂ ਸ਼ਹੀਦੀ ਦਿਹਾੜੇ 'ਤੇ ਕੋਟਿ-ਕੋਟਿ ਪ੍ਰਣਾਮ



ਸਵਿੰਦਰ ਧੰਜੂ, ਪ੍ਰਧਾਨ | ਬਲਦੇਵ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਦੂਧਨ | ਦਵਿੰਦਰ ਸਿੰਘ, ਮਾੜੂ | ਜਥੇ: ਕ੍ਰਿਸ਼ਨ ਸਿੰਘ, ਸਨੌਰ
ਜਸਬੀਰ ਸਿੰਘ ਜੱਸੀ, ਸਰਪੰਚ | ਮਲਕੀਤ ਸਿੰਘ ਮੱਲੀ, ਪੰਚ | ਪ੍ਰੇਮ ਸਿੰਘ Ex ਸਰਪੰਚ, ਸਵਾਈ ਸਿੰਘ ਵਾਲਾ | ਮਨਜੀਤ ਸਿੰਘ ਜਿੱਤੂ ਥਿੰਦ, ਹਸਨਪੁਰ ਕੰਬੋਆਂ

ਸ਼ਹੀਦ ਊਧਮ ਸਿੰਘ ਕੰਬੋਜ਼
ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ,
ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ

## ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਦੇ 85ਵੇਂ ਸ਼ਹੀਦੀ ਦਿਵਸ 'ਤੇ ਕੋਟਿ-ਕੋਟਿ ਪ੍ਰਣਾਮ




Sukhdev Singh Thind
President, NHI Victim Group
Jhungian Road, Kharar (Mohali)

Gurwinder Singh Garry
Mayor, Manteca (USA)

ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਕੰਬੋਜ਼ ਜੀ ਨੂੰ
ਉਨ੍ਹਾਂ ਦੇ 85ਵੇਂ ਸ਼ਹੀਦੀ ਦਿਹਾੜੇ 'ਤੇ ਕੋਟਿ-ਕੋਟਿ ਪ੍ਰਣਾਮ




ਰਾਜਵਿੰਦਰ ਸਿੰਘ ਹਡਾਣਾ
Ex ਪ੍ਰਧਾਨ ਰਾਈਸ ਮਿਲ: ਐਸੋ. ਅਤੇ ਆੜ੍ਹਤੀਆ ਐਸੋ. ਦੇਵੀਗੜ੍ਹ

ਰਣਜੋਧ ਸਿੰਘ ਹਡਾਣਾ
ਚੇਅਰਮੈਨ ਪੀ.ਆਰ.ਟੀ.ਸੀ. ਅਤੇ ਸੂਬਾ ਸਕੱਤਰ 'ਆਪ'